
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 38
December 28, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਅਦਾਰਾ 'ਅੰਬੇਦਕਰ ਟਾਈਮਜ਼' ਤੇ 'ਦੇਸ਼ ਦੁਆਬਾ' ਵੱਲੋਂ ਆਪਣੇ ਪਾਠਕਾਂ, ਪ੍ਰਸ਼ੰਸਕਾਂ ਅਤੇ ਸਹਿਯੋਗੀਆਂ ਨੂੰ ਨਵੇਂ ਸਾਲ 2017 ਦੀਆਂ ਲੱਖ-ਲੱਖ ਵਧਾਈਆਂ।

# ਲਾਸਾਨੀ ਸ਼ਹੀਦੀ ਮੇਲਾ ਧਾਰਮਿਕ ਸ਼ਰਧਾ ਪੂਰਵਕ ਸੰਪੰਨ





**ਫਤਹਿਗੜ੍ਹ ਸਾਹਿਬ (ਬਿਊਰੋ)–** ਮਾਨਵਤਾ, ਧਰਮ ਤੇ ਹੱਕ-ਸੱਚ ਦੀ ਰਾਖੀ ਲਈ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰੀ ਜੀ ਵੱਲੋਂ ਦਿੱਤੀ ਲਾਸਾਨੀ ਸ਼ਹਾਦਤ ਦੀ ਯਾਦ ਨੂੰ ਸਮਰਪਿਤ 3 ਰੋਜ਼ਾ ਸਾਲਾਨਾ ਸ਼ਹੀਦੀ ਜੋੜ ਮੇਲ ਅੱਜ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਪੁੱਜਣ 'ਤੇ ਅਰਦਾਸ ਉਪਰੰਤ ਸਮਾਪਤ ਹੋ ਗਿਆ। ਇਸ ਦੀ ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਆਰੰਭਤਾ ਦੀ ਅਰਦਾਸ ਗਿਆਨੀ ਹਰਪਾਲ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਨੇ ਕੀਤੀ। ਸ਼ਹੀਦੀ ਨਗਰ ਕੀਰਤਨ ਸਮੇਂ ਸੰਗਤਾਂ ਦਾ ਉਮੜਿਆ ਸੈਲਾਬ ਸੰਗਤਾਂ ਦੀ ਅਥਾਹ ਸ਼ਰਧਾ ਦਾ ਪ੍ਰਤੀਕ ਸੀ ਜੋਕਿ ਪੂਰੇ ਮਾਹੌਲ ਨੂੰ ਖ਼ਾਲਸਾਈ ਰੰਗ 'ਚ ਰੰਗ ਰਿਹਾ ਸੀ। ਨਗਰ ਕੀਰਤਨ ਦੌਰਾਨ ਸੜਕਾਂ ਦੇ ਦੋਵੇਂ ਪਾਸੇ ਤੇ ਇਮਾਰਤਾਂ ਅਤੇ ਦਰਖ਼ਤਾਂ 'ਤੇ ਬੈਠੀ ਸੰਗਤ ਫੁੱਲਾਂ ਦੀ ਵਰਖਾ ਕਰ ਰਹੀ ਸੀ। ਸਮਾਪਤੀ ਅਰਦਾਸ ਮੌਕੇ ਸ਼੍ਰੋਮਣੀ ਗੁਰਦੁਆਰਾ (ਬਾਕੀ ਸਫਾ 8 ਤੇ)

## ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਦੀ ਨਵੀਂ ਕਮੇਟੀ ਦੀ ਸ਼ਾਂਤਮਈ ਚੋਣ


ਨਗਿੰਦਰ ਸਿੰਘ ਬੈਨੀਪਾਲ


ਹਰਜਿੰਦਰ ਸਿੰਘ ਧਾਮੀ


ਰਾਮ ਸਿੰਘ ਮਠਾੜੂ

**ਫੇਅਰਫੀਲਡ–** ਬੀਤੀ 4 ਦਸੰਬਰ ਦਿਨ ਐਤਵਾਰ ਨੂੰ ਗੁਰੂ ਘਰ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਦੀ ਨਵੀਂ ਕਮੇਟੀ ਦੀ 2017-18 ਦੀ ਚੋਣ ਹੋਈ, ਜਿਸ ਵਿਚ ਨਵੀਂ ਕਮੇਟੀ ਲਈ 15 ਮੈਂਬਰ ਚੁਣੇ ਗਏ। 15 ਮੈਂਬਰਾਂ ਵਿਚੋਂ 6 ਮੁੱਖ ਅਹੁਦਿਆਂ ਦੀ ਚੋਣ ਸਰਬਸੰਮਤੀ ਨਾਲ ਹੋਈ ਜਿਹਨਾਂ ਵਿਚ ਸ. ਹਰਜਿੰਦਰ ਸਿੰਘ ਧਾਮੀ, ਮੁੱਖ ਸੇਵਾਦਾਰ (ਪ੍ਰਧਾਨ), ਸ. ਸੂਰਤ ਸਿੰਘ ਪੰਧੇਰ (ਉਪ ਪ੍ਰਧਾਨ), ਸ. ਰਾਮ ਸਿੰਘ ਮਠਾੜੂ

(ਬਾਕੀ ਖਬਰ ਸਫਾ 4 ਤੇ)

## ਪੰਜਾਬ ਚੋਣਾਂ ਨੇ ਇਸ ਵਾਰ ਚੋਣ ਕਮਿਸ਼ਨ ਨੂੰ ਵੀ ਵਕਤ ਪਾਇਆ


**ਚੰਡੀਗੜ੍ਹ (ਬਿਊਰੋ)–** ਪੰਜਾਬ ਤੋਂ ਮਿਲੀ ਰਹੀਆਂ ਰਿਪੋਰਟਾਂ ਨੇ ਇਸ ਵਾਰ ਭਾਰਤੀ ਚੋਣ ਕਮਿਸ਼ਨ ਨੂੰ ਵੀ ਵਖਤ ਪਾ ਦਿੱਤਾ ਹੈ। ਇਹਨਾਂ ਚੋਣਾਂ ਵਿਚ ਇਸ ਵਾਰ ਸਿਰ-ਧੜ ਦੀ ਬਾਜ਼ੀ ਲੱਗਣ ਵਰਗੀ ਹਾਲਤ ਹੋ ਗਈ ਹੈ। ਕਾਂਗਰਸ ਇਸ ਵਾਰ ਦੀਆਂ ਚੋਣਾਂ ਨੂੰ ਹਰ ਹਾਲਤ ਵਿਚ ਜਿੱਤਣ ਲਈ ਵਿੱਚਰ ਰਹੀ ਹੈ ਅਤੇ ਅਕਾਲੀ ਦਲ ਇਸ ਵਾਰ ਤੀਜੀ ਵਾਰ ਮੁੜ ਸੱਤਾ ਪ੍ਰਾਪਤ ਕਰਨ ਲਈ ਪੂਰੀ ਤਾਕਤ ਲਗਾ ਦੇਣ ਦੇ ਰੌਂਅ ਵਿਚ ਹੈ। ਇੱਧਰ ਤੀਜੀ ਪਾਰਟੀ ਆਮ ਆਦਮੀ ਪਾਰਟੀ ਦੀ ਹਾਲਤ ਵੀ ਕੁਝ ਅਜਿਹੀ ਹੀ ਹੋ ਗਈ ਹੈ, ਜੋ ਪੰਜਾਬ ਤੋਂ ਬਾਅਦ ਦੇਸ਼ ਦੇ ਹੋਰ ਸੂਬਿਆਂ ਵੱਲ ਵਧਣ ਦੀ ਤਿਆਰੀ ਕਰ ਰਹੀ ਹੈ। ਹਾਲ ਦੀਆਂ ਰਿਪੋਰਟਾਂ ਮੁਤਾਬਕ ਪੰਜਾਬ ਵਿਚ ਗੁੰਡਾਗਰਦੀ ਦਾ ਸਹਾਰਾ ਵੀ ਲਿਆ ਜਾ ਸਕਦਾ ਹੈ ਅਤੇ ਹਰ ਕਿਸਮ ਦਾ ਲੋਭ ਲਾਲਚ ਵੀ ਦਿੱਤਾ ਜਾ ਸਕਦਾ ਹੈ। ਕਾਂਗਰਸ ਲਈ ਇਹ ਚੋਣ ਇਸ ਕਰਕੇ ਅਹਿਮ ਬਣ ਗਈ ਕਿਉਂਕਿ ਜੇਕਰ ਉਹ ਇਸ ਵਾਰ ਵੀ ਨਾ ਜਿੱਤ ਸਕੀ ਤਾਂ ਪੰਜਾਬ ਵਿਚ ਉਸ ਦੀ ਹਾਲਤ ਯੂ. ਪੀ. ਵਾਲੀ ਹੋ ਜਾਵੇਗੀ। ਅਕਾਲੀ ਦਲ ਇਸ ਕਰਕੇ ਹਰ ਹਾਲ ਵਿਚ ਜਿੱਤਣਾ ਚਾਹੁੰਦਾ ਹੈ ਕਿਉਂਕਿ ਪੰਜਾਬ ਦੀ ਸੱਤਾ ਸੁਖਬੀਰ ਬਾਦਲ ਦੇ ਹੱਥਾਂ ਵਿਚ ਇਸ ਵਾਰ ਨਾ ਆਈ ਤਾਂ ਉਸ ਨੂੰ ਕਾਫੀ ਲੰਮਾ ਸੰਘਰਸ਼ ਕਰਨ ਤੋਂ ਬਾਅਦ ਹੀ ਦੁਬਾਰਾ ਸੱਤਾ ਪ੍ਰਾਪਤ ਹੋਵੇਗੀ। ਆਮ ਆਦਮੀ ਪਾਰਟੀ ਪੰਜਾਬ ਨੂੰ ਇਕ ਪਲੇਟਫਾਰਮ ਬਣਾਉਣਾ ਚਾਹੁੰਦੀ ਹੈ। ਦਿੱਲੀ ਇਕ ਪੂਰਨ ਰਾਜ ਨਹੀਂ ਹੈ, ਜਿਸ ਕਰਕੇ ਉਹ ਆਪਣਾ ਦਮ-ਖਮ ਉਥੇ ਨਹੀਂ ਦਿਖਾ ਸਕੀ, ਜਦਕਿ ਪੰਜਾਬ ਇਕ ਪੂਰਨ ਰਾਜ ਹੈ। ਇਸ ਕਰਕੇ ਹੀ ਉਹ ਹਰੇਕ ਹੀਲਾ ਵਰਤ ਰਹੀ ਹੈ।ਸਿਧਾਂਤਾਂ ਤੋਂ ਦੂਰ ਜਿੱਤ ਸਕਣ ਦੀ ਸਮਰੱਥਾ ਵਾਲੇ ਲੋਕਾਂ ਨੂੰ ਟਿਕਟਾਂ ਦਿੱਤੀਆਂ ਜਾ ਰਹੀਆਂ ਹਨ, ਬੇਸ਼ੱਕ ਉਹ ਬਦਨਾਮ ਹੋਣ, ਅਪਰਾਧੀ ਹੋਣ ਜਾਂ ਭ੍ਰਿਸ਼ਟਾਚਾਰੀ। ਇਹਨਾਂ ਸਾਰੀਆਂ ਮੁਸ਼ਕਿਲਾਂ ਨੇ ਚੋਣ ਕਮਿਸ਼ਨ ਲਈ ਵੱਡੀ ਸਮੱਸਿਆ ਖੜ੍ਹੀ ਕਰ ਦਿੱਤੀ ਹੈ ਕਿ ਆਖਿਰ ਪੰਜਾਬ ਵਿਚ ਨਿਰਪੱਖ ਚੋਣਾਂ ਕਿਵੇਂ ਸੰਭਵ ਹੋਣ। ਗੁੰਡਾਗਰਦੀ, ਲਾਲਚ, ਭ੍ਰਿਸ਼ਟਾਚਾਰ, ਨਸ਼ਿਆਂ ਦੀ ਵੰਡ ਤੋਂ ਕਿਵੇਂ ਬਚਾਅ ਹੋਵੇ।



### ਪੰਜਾਬ ਵਿੱਚ ਤਾਇਨਾਤ ਹੋਣਗੇ ਨਾਰਕੋਟਿਕਸ ਬਿਊਰੋ ਦੇ ਅਫ਼ਸਰ

ਪੰਜਾਬ ਦੇ ਚੋਣ ਇਤਿਹਾਸ ਵਿੱਚ ਪਹਿਲੀ ਵਾਰ ਕੇਂਦਰੀ ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਦੇ 43 ਅਫ਼ਸਰਾਂ ਨੂੰ ਰਾਜ ਵਿੱਚ ਚੋਣਾਂ 'ਚ ਨਸ਼ਿਆਂ ਦੀ ਵਰਤੋਂ ਰੋਕਣ ਲਈ ਤਾਇਨਾਤ ਕੀਤਾ ਜਾਵੇਗਾ। ਇਹ ਅਫ਼ਸਰ ਇਸ ਮਕਸਦ ਲਈ ਚੋਣ ਕਮਿਸ਼ਨ ਦੇ ਅੱਖਾਂ ਤੇ ਕੰਨਾਂ ਵਜੋਂ ਕੰਮ ਕਰਨਗੇ, ਜਿਨ੍ਹਾਂ ਨੂੰ ਨੀਮ ਫ਼ੌਜੀ ਦਸਤਿਆਂ ਦੇ ਪੰਜ-ਪੰਜ ਜਵਾਨ ਵੀ ਦਿੱਤੇ ਜਾਣਗੇ। (ਬਾਕੀ ਸਫਾ 10 ਤੇ)

## ਅਦਾਰਾ 'ਦੇਸ਼ ਦੁਆਬਾ' ਵੱਲੋਂ ਜਨਮ ਦਿਨ ਮੁਬਾਰਕ


ਬੱਚੀ ਸਹਿਜਦੀਪ ਸੰਧੂ ਦੇ ਪਹਿਲੇ ਜਨਮ ਦਿਨ ਤੇ ਸੰਧੂ ਪਰਿਵਾਰ ਨੂੰ ਲੱਖ ਲੱਖ ਵਧਾਈਆਂ। ਤਸਵੀਰ ਵਿਚ ਬੱਚੀ ਸਹਿਜਦੀਪ ਸੰਧੂ ਆਪਣੇ ਪਿਤਾ ਕੁਲਵੰਤ ਸਿੰਘ ਸੰਧੂ ਨਾਲ।

SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP
AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ
510-689-4625
CalBre # 01423409
42820 Albrae St., Fremont, CA 94538


Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor


CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders




CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!




Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS


ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਬਿਹਾਰ ਸਰਕਾਰ ਦਸਮ ਪਿਤਾ ਦਾ ਪ੍ਰਕਾਸ਼ ਪੁਰਬ ਹਰ ਸਾਲ ਮਨਾਉਣ ਦੀ ਇੱਛੁਕ

**ਅੰਮ੍ਰਿਤਸਰ-** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਬਿਹਾਰ ਸਰਕਾਰ ਹਰ ਸਾਲ ਵੱਡੇ ਪੱਧਰ 'ਤੇ ਮਨਾਉਣ ਦੀ ਇੱਛੁਕ ਹੈ। ਇਸ ਸਬੰਧੀ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸਹਿਯੋਗ ਮੰਗਿਆ ਹੈ। ਇਸ ਬਾਰੇ ਜਾਣਕਾਰੀ ਨਿਤੀਸ਼ ਕੁਮਾਰ ਨਾਲ ਮੁਲਾਕਾਤ ਕਰਨ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫ਼ਦ ਨੇ ਦਿੱਤੀ।

ਮੁੱਖ ਮੰਤਰੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਹੋਈ ਮੁਲਾਕਾਤ ਬਾਰੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਨਿਤੀਸ਼ ਕੁਮਾਰ ਨੇ ਇੱਛਾ ਪ੍ਰਗਟਾਈ ਕਿ ਉਨ੍ਹਾਂ ਦੀ ਸਰਕਾਰ ਹਰ ਸਾਲ ਦਸਮ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ ਮਨਾਉਣਾ ਚਾਹੁੰਦੀ ਹੈ। ਇਸ ਸਬੰਧੀ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਤੋਂ ਸਹਿਯੋਗ ਮੰਗਿਆ ਹੈ। ਮੁੱਖ ਮੰਤਰੀ ਨੇ ਵਫ਼ਦ ਨੂੰ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਬਿਹਾਰ ਸਰਕਾਰ ਵੱਲੋਂ ਕੀਤੇ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ। ਪਟਨਾ ਸਾਹਿਬ ਵਿਖੇ ਗੁਰਦੁਆਰੇ ਤੋਂ ਬਾਹਰ ਸਾਰੇ ਪ੍ਰਬੰਧ ਸਰਕਾਰ ਵੱਲੋਂ ਹੀ ਕੀਤੇ ਗਏ ਹਨ। ਮੁੱਖ ਮੰਤਰੀ ਨੇ ਆਖਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਸਮੁੱਚੇ ਪ੍ਰਬੰਧ ਕਰਨ ਤੋਂ ਅਸਮਰੱਥ ਹੈ ਕਿਉਂਕਿ ਇਸ ਕਮੇਟੀ ਕੋਲ ਸ਼੍ਰੋਮਣੀ ਕਮੇਟੀ ਵਰਗਾ ਵੱਡਾ ਢਾਂਚਾ ਨਹੀਂ ਹੈ।



ਵਫ਼ਦ ਨੇ ਦੱਸਿਆ ਕਿ ਪਟਨਾ ਵਿਖੇ ਗੁਰਦੁਆਰੇ ਨੂੰ ਆਉਂਦੇ ਸਾਰੇ ਰਸਤਿਆਂ 'ਤੇ ਪੰਜਾਬੀ ਵਿੱਚ ਸਾਈਨ ਬੋਰਡ ਲਾਏ ਗਏ ਹਨ। ਬਿਹਾਰ ਸਰਕਾਰ ਦੀਆਂ ਪਟਨਾ ਵਿੱਚ ਚਲਦੀਆਂ ਲਗਭਗ 220 ਬੱਸਾਂ 'ਤੇ ਪ੍ਰਕਾਸ਼ ਪੁਰਬ ਸਤਰਾਂ ਲਿਖੀਆਂ ਗਈਆਂ ਹਨ। ਸ਼ਤਾਬਦੀ ਸਮਾਗਮ ਲਈ ਤਿਆਰ ਕੀਤਾ ਮੁੱਖ ਪੰਡਾਲ ਵੀ ਸ਼ਲਾਘਾਯੋਗ ਹੈ, ਜਿਸ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਵਿਸ਼ਾਲ ਮਾਡਲ ਬਣਾਇਆ ਗਿਆ ਹੈ ਅਤੇ ਇੱਕ ਖੰਡਾ ਵੀ ਸਥਾਪਤ ਕੀਤਾ ਗਿਆ ਹੈ।

ਵਫ਼ਦ ਨੇ ਕਿਹਾ ਕਿ ਸਾਰੇ ਸਮਾਗਮ ਗੁਰਮਤਿ ਮੁਤਾਬਕ ਕਰਵਾਉਣ ਦੇ ਪ੍ਰਬੰਧ ਕੀਤੇ ਗਏ ਹਨ। ਬਿਹਾਰ ਦੇ ਸੈਰ ਸਪਾਟਾ ਵਿਭਾਗ ਦੀ ਮੁੱਖ ਸਕੱਤਰ ਹਰਜੋਤ ਕੌਰ ਨੂੰ ਇਸ ਕੰਮ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪਟਨਾ ਸਾਹਿਬ ਵਿਖੇ ਤਿੰਨ ਦਿਨ ਚੱਲਣ ਵਾਲੇ ਮੁੱਖ ਸਮਾਗਮ ਦੌਰਾਨ ਪੰਜ ਜਨਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਥੇ ਪੁੱਜਣਗੇ। ਗੁਰਦੁਆਰੇ ਅੰਦਰਲੇ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਜਾਣਗੇ। ਸ਼੍ਰੋਮਣੀ ਕਮੇਟੀ ਦੇ ਲਗਪਗ 380 ਕਰਮਚਾਰੀ ਤੇ ਅਧਿਕਾਰੀ ਇਨ੍ਹਾਂ ਪ੍ਰਬੰਧਾਂ ਲਈ 30 ਦਸੰਬਰ ਤੱਕ ਪਟਨਾ ਸਾਹਿਬ ਪੁੱਜ ਜਾਣਗੇ।

ਮੀਟਿੰਗ ਦੌਰਾਨ ਡਾ. ਰੂਪ ਸਿੰਘ ਵੱਲੋਂ ਸੰਪਾਦਿਤ ਕਿਤਾਬ 'ਦਸਮੇਸ਼ ਪ੍ਰਕਾਸ਼ ਜੀਵਨ ਦਰਪਣ ਗੁਰੂ ਗੋਬਿੰਦ ਸਿੰਘ ਜੀ' ਮੁੱਖ ਮੰਤਰੀ ਨੂੰ ਭੇਟ ਕੀਤੀ ਗਈ। ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਵਾਲੇ ਇਸ ਵਫ਼ਦ ਵਿੱਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ, ਗੁਰਚਰਨ ਸਿੰਘ ਗਰੇਵਾਲ, ਸੁਰਜੀਤ ਸਿੰਘ ਭਿੱਟੇਵੱਡ, ਬਿਹਾਰ ਸਰਕਾਰ ਦੇ ਸਾਬਕਾ ਮੁੱਖ ਸਕੱਤਰ ਜੀ.ਐਸ. ਕੰਗ, ਬੀਬੀ ਹਰਜੋਤ ਕੌਰ, ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਜਨਰਲ ਸਕੱਤਰ ਸਰਜਿੰਦਰ ਸਿੰਘ, ਐਸਪੀ ਸਿੰਘ ਓਬਰਾਏ, ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ 17 ਤੋਂ 19 ਫਰਵਰੀ ਨੂੰ

**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ 17, 18 ਅਤੇ 19 ਫਰਵਰੀ 2017 ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਜਿਸ ਪਰਿਵਾਰ ਨੇ ਇਹਨਾਂ ਸਮਾਗਮਾਂ ਵਿਚ ਸੇਵਾ ਲੈਣੀ ਹੋਵੇ, ਉਹ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ ਜੀ:

ਸ੍ਰੀ ਸਿੰਗਾਰਾ ਸਿੰਘ ਰੱਲੂ (ਪ੍ਰਧਾਨ) 530-713-1823
ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ) 530-218-4468
ਸ੍ਰੀ ਸਤਿਨਾਮ ਸਿੰਘ (ਜਨਰਲ ਸਕੱਤਰ) 530-682-3962
ਸ੍ਰੀ ਦਲਵਿੰਦਰ ਰੱਲੂ (ਵਾਈਸ ਜਨਰਲ ਸਕੱਤਰ) 530-933-3938
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370
ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ) 530-790-5985
ਭਾਈ ਪ੍ਰਿਤਪਾਲ ਸਿੰਘ ਜੀ (ਹੈਡ ਗ੍ਰੰਥੀ) 530-674-2564

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੰਗਰਾਂਦ ਦਾ ਦਿਹਾੜਾ ਮਨਾਇਆ

**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 15 ਦਸੰਬਰ ਦਿਨ ਵੀਰਵਾਰ ਨੂੰ ਸੰਗਰਾਂਦ (ਮਹੀਨਾ ਪੋਹ) ਦਾ ਦਿਹਾੜਾ ਮਨਾਇਆ ਗਿਆ, ਜਿਸ ਵਿਚ ਗੁਰੂ ਘਰ ਵਿਖੇ ਸ਼ਾਮ ਵੇਲੇ ਸ੍ਰੀ ਰਹਿਰਾਸ ਸਾਹਿਬ, ਬਾਰਾ ਮਾਹ ਸਾਹਿਬ ਬਾਣੀਆਂ ਉਪਰੰਤ ਗੁਰੂ ਘਰ ਵਿਖੇ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ. ਆਤਮਾ ਸਿੰਘ ਜੀ ਵੱਲੋਂ ਲੰਗਰਾਂ ਦੀ ਸੇਵਾ ਕੀਤੀ ਗਈ। ਪ੍ਰਬੰਧਕ ਕਮੇਟੀ ਵੱਲੋਂ ਸ. ਆਤਮਾ ਸਿੰਘ ਜੀ ਨੂੰ ਸਿਰੋਪਾਓ ਬਖ਼ਸ਼ਿਸ਼ ਕੀਤੇ ਗਏ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸਿੰਗਾਰਾ ਸਿੰਘ ਰੱਲੂ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਮਾਤਾ ਗੁਜਰੀ ਜੀ ਅਤੇ ਚਾਰੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਇਆ

**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 23 ਤੋਂ 25 ਦਸੰਬਰ ਦਿਨ ਸ਼ੁੱਕਰਵਾਰ ਤੋਂ ਐਤਵਾਰ ਨੂੰ ਗੁਰੂ ਘਰ ਦੇ ਗ੍ਰੰਥੀ ਸਿੰਘ ਵੱਲੋਂ ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ, ਜਿਸ ਵਿਚ 23 ਦਸੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 25 ਦਸੰਬਰ ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਨੇ ਮਾਤਾ ਗੁਜਰੀ ਜੀ ਅਤੇ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਬਾਰੇ ਸੰਗਤ ਨੂੰ ਸੰਖੇਪ ਵਿਚ ਦੱਸਿਆ। ਇਸ ਤੋਂ ਇਲਾਵਾ ਬੀਬੀ ਸੁਖਵਿੰਦਰ ਕੌਰ ਜੀ ਨੇ ਵੀ ਗੁਰਬਾਣੀ ਕੀਰਤਨ ਦੁਆਰਾ ਆਪਣੀ ਹਾਜ਼ਰੀ ਲਗਵਾਈ। ਭਾਈ ਗੁਰਦੀਪ ਸਿੰਘ ਹੀਰਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆ-ਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸਿੰਗਾਰਾ ਸਿੰਘ ਰੱਲੂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**(ਤਸਵੀਰਾਂ ਦੇਖੋ ਸਫਾ 14 ਤੇ)**

# ਨਵੇਂ ਸਾਲ ਦਾ ਸਮਾਗਮ 31 ਦਸੰਬਰ ਨੂੰ

**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਨਵਾਂ ਸਾਲ ਮਿਤੀ 31 ਦਸੰਬਰ ਦਿਨ ਸਨਿਚਰਵਾਰ ਨੂੰ ਮਨਾਇਆ ਜਾ ਰਿਹਾ ਹੈ, ਜਿਸ ਵਿਚ 31 ਦਸੰਬਰ ਦਿਨ ਸ਼ਨਿਚਰਵਾਰ ਨੂੰ ਸ਼ਾਮ ਵੇਲੇ ਗੁਰੂ ਘਰ ਵਿਖੇ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਕਥਾ ਵਾਚਕ, ਕੀਰਤਨੀਏ ਗੁਰਬਾਣੀ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰਬਾਣੀ ਸੁਣ ਕੇ ਜੀਵਨ ਸਫਲ ਕਰੋ ਜੀ।

# ਗਿਆਨੀ ਗੁਰਨਾਮ ਸਿੰਘ ਭੰਡਾਲ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਈ ਗਈ

**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 16, 17 ਅਤੇ 18 ਦਸੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਗੁਰੂ ਘਰ ਦੇ ਵਾਈਸ ਪ੍ਰਧਾਨ ਗਿਆਨੀ ਗੁਰਨਾਮ ਸਿੰਘ ਭੰਡਾਲ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕਰਵਾਈ ਗਈ।ਸ੍ਰੀ ਗੁਰਨਾਮ ਸਿੰਘ ਭੰਡਾਲ ਜੀ, ਬੀਬੀ ਨਿਰਮਲ ਕੌਰ ਭੰਡਾਲ, ਭੁਪਿੰਦਰ ਸਿੰਘ ਭੰਡਾਲ, ਬੀਬੀ ਬੰਦਨਾ ਭੰਡਾਲ ਆਪਣੀ ਬੇਟੀ ਰਵਲੀਨ ਕੌਰ ਜੀ ਭੰਡਾਲ ਦੇ ਜਨਮ ਦਿਨ ਦੀ ਖੁਸ਼ੀ ਵਿਚ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਜਾਪ ਕਰਵਾਏ ਗਏ, ਜਿਸ ਵਿਚ 16 ਦਸੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ, ਜਿਹਨਾਂ ਦੇ ਭੋਗ 18 ਦਸੰਬਰ ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਬਲਬੀਰ ਸਿੰਘ, ਭਾਈ ਅਜਮੇਰ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰਨਾਮ ਸਿੰਘ ਭੰਡਾਰ ਪਰਿਵਾਰ ਨੂੰ ਸਿਰੋਪਾਓ ਬਖ਼ਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਬੀਬੀ ਬਲਜੀਤ ਕੌਰ ਜੀ ਨੂੰ ਕੈਨੇਡਾ ਤੋਂ ਅਮਰੀਕਾ ਇਹਨਾਂ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਸਿਰੋਪਾਓ ਬਖ਼ਸ਼ਿਸ਼ ਕੀਤੇ ਗਏ। ਸ. ਦੀਪ ਸਿੰਘ ਜੀ ਨੂੰ ਭਾਰਤ ਤੋਂ ਅਮਰੀਕਾ ਆਉਣ ਦੀ ਖੁਸ਼ੀ ਵਿਚ ਸਿਰੋਪਾਓ ਬਖ਼ਸ਼ਿਸ਼ ਕੀਤੇ ਗਏ। ਇਸ ਤੋਂ ਇਲਾਵਾ ਪ੍ਰੋ. ਅਜੀਤ ਸਿੰਘ ਜੀ ਨੂੰ ਸਿਰੋਪਾਓ ਬਖ਼ਸ਼ਿਸ਼ ਕੀਤੇ ਗਏ। ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸਿੰਗਾਰਾ ਸਿੰਘ ਰੱਲੂ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

**(ਤਸਵੀਰਾਂ ਦੇਖੋ ਸਫਾ 14 ਤੇ)**

# ਕੇਜਰੀਵਾਲ ਨੇ ਅਪਰਾਧੀਆਂ ਨੂੰ 'ਆਪ' ਵਿੱਚ ਸ਼ਾਮਲ ਕਰਨ ਲਈ ਮੁਆਫ਼ੀ ਮੰਗੀ

**ਚੰਡੀਗੜ੍ਹ (ਬਿਊਰੋ)-** ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪਾਰਟੀ ਵਿੱਚ ਸ਼ਾਮਲ ਹੋਏ ਸੀਪੀਆਈ ਐਮਐਲ ਲਿਬਰੇਸ਼ਨ ਦੇ ਆਗੂ ਬੰਤ ਸਿੰਘ ਝੱਬਰ ਨਾਲ ਇੱਥੇ ਮੁਲਾਕਾਤ ਕਰ ਕੇ ਉਨ੍ਹਾਂ ਕੋਲੋਂ 'ਭੁਲੇਖੇ ਨਾਲ' ਅਪਰਾਧੀਆਂ ਨੂੰ 'ਆਪ' ਵਿੱਚ ਸ਼ਾਮਲ ਕਰਨ ਲਈ ਮੁਆਫ਼ੀ ਮੰਗੀ ਹੈ। ਸ੍ਰੀ ਕੇਜਰੀਵਾਲ ਨੇ ਅਪਰਾਧੀਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਸਬੰਧੀ ਮਾਨਸਾ ਦੇ ਉਮੀਦਵਾਰ ਨਾਜ਼ਰ ਸਿੰਘ ਮਾਨਸ਼ਾਹੀਆ ਦੀ ਵੀ ਜਵਾਬਤਲਬੀ ਕੀਤੀ। ਉਂਜ ਇਹ ਸਾਫ਼ ਹੈ ਕਿ ਜਦੋਂ ਮਾਨਸਾ ਵਿੱਚ ਇੱਕੋ ਸਟੇਜ 'ਤੇ ਸ੍ਰੀ ਝੱਬਰ ਅਤੇ ਉਸ ਉਪਰ ਹਮਲਾ ਕਰਨ ਵਾਲੇ ਦੋ ਅਪਰਾਧੀਆਂ ਨੂੰ 'ਆਪ' ਵਿੱਚ ਸ਼ਾਮਲ ਕੀਤਾ ਜਾ ਰਿਹਾ ਸੀ ਤਾਂ ਇਸ ਬਾਰੇ ਸ੍ਰੀ ਝੱਬਰ ਨੂੰ ਪਹਿਲਾਂ ਹੀ ਜਾਣਕਾਰੀ ਸੀ। ਸ੍ਰੀ ਝੱਬਰ ਨੇ ਦੱਸਿਆ ਕਿ ਆਗੂਆਂ ਨੇ ਪਹਿਲਾਂ ਹੀ ਉਨ੍ਹਾਂ ਨੂੰ ਦੱਸਿਆ ਸੀ ਕਿ ਉਨ੍ਹਾਂ ਉਪਰ ਹਮਲਾ ਕਰਨ ਵਾਲੇ ਪਾਰਟੀ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਅਪਰਾਧੀਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਹੈ, ਉਨ੍ਹਾਂ ਨੂੰ ਉਮੀਦ ਹੀ ਨਹੀਂ ਸੀ ਕਿ ਇਸ ਦਾ ਐਨਾ ਰੌਲਾ ਪੈ ਜਾਵੇਗਾ।

ਸ੍ਰੀ ਕੇਜਰੀਵਾਲ ਨੇ ਚੰਡੀਗੜ੍ਹ ਪੁੱਜ ਕੇ ਸੂਬਾਈ ਨੇਤਾਵਾਂ- ਪੰਜਾਬ ਦੇ ਕਨਵੀਨਰ ਗੁਰਪ੍ਰੀਤ ਘੁੱਗੀ, ਸੰਸਦ ਮੈਂਬਰ ਭਗਵੰਤ ਮਾਨ, ਐਚ.ਐਸ. ਫੂਲਕਾ, ਹਿੰਮਤ ਸਿੰਘ ਸ਼ੇਰਗਿੱਲ, ਕੰਵਰ ਸੰਧੂ ਆਦਿ ਨਾਲ ਮੀਟਿੰਗਾਂ ਦਾ ਦੌਰ ਚਲਾਇਆ। ਇਸ ਤੋਂ ਬਾਅਦ ਉਨ੍ਹਾਂ ਸਮੂਹ 13 ਜ਼ੋਨਾਂ ਦੇ ਆਗੂਆਂ ਨਾਲ ਇਕੱਲੇ-ਇਕੱਲੇ ਮੀਟਿੰਗ ਕੀਤੀ ਅਤੇ ਹਰੇਕ ਹਲਕੇ ਦੀ ਸਥਿਤੀ ਦੀ ਜਾਣਕਾਰੀ ਲਈ। ਸੂਤਰਾਂ ਅਨੁਸਾਰ ਸ੍ਰੀ ਕੇਜਰੀਵਾਲ ਨੇ ਅੱਜ ਫਿਰ ਸਮੂਹ ਐਲਾਨੇ ਉਮੀਦਵਾਰਾਂ ਨੂੰ ਸਪੱਸ਼ਟ ਕਰ ਦਿੱਤਾ ਕਿ ਚੋਣ ਪ੍ਰਚਾਰ ਵਿੱਚ ਢਿੱਲ-ਮੱਠ ਕਰਨ ਵਾਲੇ ਉਮੀਦਵਾਰਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸੂਤਰਾਂ ਅਨੁਸਾਰ ਸ੍ਰੀ ਕੇਜਰੀਵਾਲ ਨੇ ਮੁਹਾਲੀ ਦੇ ਆਗੂ ਐਡਵੋਕੇਟ ਦਰਸ਼ਨ ਸਿੰਘ ਧਾਲੀਵਾਲ ਆਦਿ ਨਾਲ ਚਰਚਾ ਕਰਕੇ ਮੁਹਾਲੀ ਲਈ ਸ੍ਰੀ ਸ਼ੇਰਗਿੱਲ ਦੀ ਥਾਂ ਨਵੇਂ ਉਮੀਦਵਾਰ ਦਾ ਫ਼ੈਸਲਾ ਵੀ ਕਰ ਲਿਆ ਹੈ। ਪਾਰਟੀ ਮੁਹਾਲੀ ਵਿੱਚ ਕਿਸੇ ਸਾਬਕਾ ਫ਼ੌਜੀ ਨੂੰ ਟਿਕਟ ਦੇਣ 'ਤੇ ਗੰ-ਭੀਰਤਾ ਨਾਲ ਵਿਚਾਰ ਕਰ ਰਹੀ ਹੈ।



ਸੂਤਰਾਂ ਨੇ ਇਹ ਵੀ ਦੱਸਿਆ ਕਿ 28 ਦਸੰਬਰ ਨੂੰ ਲੰਬੀ ਵਿੱਚ ਹੋ ਰਹੀ ਰੈਲੀ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਦਿੱਲੀ ਦੇ ਵਿਧਾਇਕ ਅਤੇ ਪੰਜਾਬ ਦੇ ਸਹਿ-ਇੰਚਾਰਜ ਜਰਨੈਲ ਸਿੰਘ ਨੂੰ ਉਮੀਦਵਾਰ ਐਲਾਨਿਆ ਜਾ ਸਕਦਾ ਹੈ ਹੈ। ਮੌਕੇ 'ਤੇ ਮੌਜੂਦ ਜਰਨੈਲ ਸਿੰਘ ਨੇ ਕਿਹਾ ਕਿ ਉਹ ਪੰਜਾਬ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਹਨ ਅਤੇ ਪਾਰਟੀ ਦੇ ਹਰ ਹੁਕਮ ਉਪਰ ਪਹਿਰਾ ਦੇਣਗੇ। ਇਸ ਮੌਕੇ ਪੰਜਾਬ ਦੇ ਇੰਚਾਰਜ ਸੰਜੇ ਸਿੰਘ ਨੇ ਦੋਸ਼ ਲਾਇਆ ਕਿ 28 ਦਸੰਬਰ ਨੂੰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਵਿੱਚ ਕੀਤੀ ਜਾ ਰਹੀ ਰੈਲੀ ਲਈ ਸਰਕਾਰ ਦੇ ਇਸ਼ਾਰੇ 'ਤੇ ਸਥਾਨਕ ਪ੍ਰਸ਼ਾਸਨ ਇਜਾਜ਼ਤ ਦੇਣ ਤੋਂ ਇਨਕਾਰੀ ਹੈ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਨੂੰ ਪਾਰਟੀ ਵੱਲੋਂ ਰੈਲੀ ਲਈ ਮਿਥੀ ਥਾਂ ਤੋਂ ਇਧਰ-ਉਧਰ ਰੈਲੀ ਕਰਨ ਲਈ ਇਜਾਜ਼ਤ ਦੇਣ ਦਾ ਭਰੋਸਾ ਦਿੱਤਾ ਹੈ ਪਰ ਜੇ ਸਰਕਾਰ ਨੇ ਮਨਜ਼ੂਰੀ ਨਾ ਵੀ ਦਿੱਤੀ ਤਾਂ ਲੰਬੀ ਵਿੱਚ ਰੈਲੀ ਜ਼ਰੂਰ ਹੋਵੇਗੀ।

ਪੰਜਾਬ ਦੇ ਕਨਵੀਨਰ ਗੁਰਪ੍ਰੀਤ ਘੁੱਗੀ ਨੂੰ, ਸਰਕਾਰ ਬਣਨ ਦੀ ਸੂਰਤ ਵਿੱਚ ਬੰਤ ਸਿੰਘ ਝੱਬਰ ਨੂੰ ਉਪ ਮੁੱਖ ਮੰਤਰੀ ਬਣਾਉਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ 34 ਹੋਰ ਦਲਿਤ ਵਿਧਾਇਕ ਵੀ ਹੋਣਗੇ। ਇਸ ਲਈ ਅਜਿਹਾ ਫ਼ੈਸਲਾ ਚੋਣਾਂ ਤੋਂ ਬਾਅਦ ਹੀ ਸੰਭਵ ਹੈ।

### ਨੋਟਿਸ ਮਿਲਣ ਮਗਰੋਂ 'ਆਪ' ਨੇ ਮੁੜ ਭੇਜੀ ਰਿਟਰਨ

ਆਮ ਆਦਮੀ ਪਾਰਟੀ (ਆਪ) ਵੱਲੋਂ ਆਮਦਨ ਕਰ ਵਿਭਾਗ ਨੂੰ ਆਪਣੀ ਸਾਲਾਨਾ ਰਿਪੋਰਟ ਵਿੱਚ ਦਿੱਤੇ ਗਏ ਵੇਰਵਿਆਂ ਬਾਰੇ ਆਪਣੀ ਵੈੱਬਸਾਈਟ ਉੱਤੇ ਨਜ਼ਰ ਕੀਤੀ ਜਾਣਕਾਰੀ ਵਿੱਚ ਖਾਮੀਆਂ ਹੋਣ ਕਰਕੇ ਆਮਦਨ ਕਰ ਵਿਭਾਗ ਨੇ ਪਾਰਟੀ ਨੂੰ ਨੋਟਿਸ ਜਾਰੀ ਕੀਤਾ ਹੈ। 'ਆਪ' ਨੇ ਇਸ ਨੂੰ ਅਣਜਾਣੇ ਵਿੱਚ ਹੋਈ ਗ਼ਲਤੀ ਕਰਾਰ ਦਿੱਤਾ ਹੈ। 'ਆਪ' ਦੀ ਅਧਿਕਾਰਤ ਵੈੱਬਸਾਈਟ ਉੱਤੇ ਉਨ੍ਹਾਂ ਦਾਨ ਕਰਨ ਵਾਲਿਆਂ ਦੀ ਸੂਚੀ ਦਿੱਤੀ ਜਾਂਦੀ ਹੈ, ਜੋ ਪਾਰਟੀ ਫੰਡ ਵਿੱਚ ਮਦਦ ਕਰਦੇ ਹਨ। 'ਆਪ' ਵੱਲੋਂ ਸਿਆਸੀ ਪਾਰਟੀਆਂ ਦੇ ਚੰਦੇ ਨੂੰ ਆਮਦਨ ਕਰ ਦੇ ਦਾਇਰੇ ਤੇ ਸੂਚਨਾ ਅਧਿਕਾਰ ਹੇਠ ਲਿਆਉਣ ਦੀ ਮੰਗ ਵੀ ਕੀਤੀ ਜਾ ਰਹੀ ਹੈ। 'ਆਪ' ਦੇ ਕੌਮੀ ਖ਼ਜ਼ਾਨਚੀ ਰਾਘਵ ਚੱਢਾ ਨੇ ਕਿਹਾ ਕਿ ਇਹ ਅਣਜਾਣੇ ਵਿੱਚ ਹੋਈ ਗ਼ਲਤੀ ਹੈ, ਜਿਸ ਨੂੰ ਠੀਕ ਕਰ ਦਿੱਤਾ ਗਿਆ ਹੈ। ਉਨ੍ਹਾਂ ਮੁਤਾਬਿਕ ਆਮਦਨ ਕਰ ਵਿਭਾਗ ਨੂੰ ਸੌਂਪੀ ਗਈ ਸੂਚੀ ਵਿੱਚ ਕੁਝ ਖਾਮੀਆਂ ਸਨ, ਜਿਨ੍ਹਾਂ ਨੂੰ ਸੋਧ ਕੇ ਸਾਲਾਨਾ ਆਮਦਨ ਕਰ ਰਿਪੋਰਟ (ਆਈ ਟੀ ਆਰ) ਮੁੜ ਆਮਦਨ ਕਰ ਵਿਭਾਗ ਨੂੰ ਦੇ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਆਪਣੀ ਰਿਟਰਨ ਮੁੜ ਦਾਖ਼ਲ ਕਰਨ ਦਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਮਿਲੇ ਚੰਦੇ ਵਿੱਚੋਂ ਇੱਕ ਫੰਡ ਵੀ ਛੁਪਾਇਆ ਨਹੀਂ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਦਾਨ ਕਰਨ ਵਾਲਿਆਂ ਦੇ ਵੇਰਵੇ ਤੇ ਦਿੱਤੇ ਗਏ ਫੰਡਾਂ ਵਿੱਚ 100 ਫ਼ੀਸਦੀ ਪਾਰਦਰਸ਼ਤਾ ਰੱਖਦੀ ਹੈ।ਉਧਰ, ਭਾਜਪਾ ਦੇ ਦਿੱਲੀ ਪ੍ਰਦੇਸ਼ ਦੇ ਪ੍ਰਧਾਨ ਮਨੋਜ ਤਿਵਾੜੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੋਂ ਅਸਤੀਫ਼ਾ ਮੰਗਿਆ ਹੈ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਕਰਨੀ ਤੇ ਕਹਿਣੀ ਵਿੱਚ ਫ਼ਰਕ ਹੈ।

# ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਦੀ ਨਵੀਂ ਕਮੇਟੀ ਦੀ ਸ਼ਾਂਤਮਈ ਚੋਣ

**ਫੇਅਰਫੀਲਡ–** ਬੀਤੀ 4 ਦਸੰਬਰ ਦਿਨ ਐਤਵਾਰ ਨੂੰ ਗੁਰੂ ਘਰ ਗੁਰੂ ਨਾਨਕ ਸਿੱਖ ਟੈਂਪਲ ਫੇਅਰਫੀਲਡ ਦੀ ਨਵੀਂ ਕਮੇਟੀ ਦੀ 2017-18 ਦੀ ਚੋਣ ਹੋਈ, ਜਿਸ ਵਿਚ ਨਵੀਂ ਕਮੇਟੀ ਲਈ 15 ਮੈਂਬਰ ਚੁਣੇ ਗਏ। 15 ਮੈਂਬਰਾਂ ਵਿਚੋਂ 6 ਮੁੱਖ ਅਹੁਦਿਆਂ ਦੀ ਚੋਣ ਸਰਬਸੰਮਤੀ ਨਾਲ ਹੋਈ ਜਿਹਨਾਂ ਵਿਚ ਸ. ਹਰਜਿੰਦਰ ਸਿੰਘ ਧਾਮੀ, ਮੁੱਖ ਸੇਵਾਦਾਰ (ਪ੍ਰਧਾਨ), ਸ. ਸੂਰਤ ਸਿੰਘ ਪੰਧੇਰ (ਉਪ ਪ੍ਰਧਾਨ), ਸ. ਰਾਮ ਸਿੰਘ ਮਠਾੜੂ (ਸਕੱਤਰ), ਸ. ਹਰਦੀਪ ਸਿੰਘ ਭੰਗੂ (ਜੁਆਇੰਟ ਸੈਕਟਰੀ), ਸ. ਸ਼ਮਿੰਦਰ ਸਿੰਘ ਬੈਨੀਪਾਲ (ਖਜਾਨਚੀ), ਸ. ਹੁਸ਼ਿਆਰ ਸਿੰਘ ਡਡਵਾਲ (ਜੁਆਇੰਟ ਸਕੱਤਰ) ਚੁਣੇ ਗਏ। ਬਾਕੀ ਮੈਂਬਰਾਂ ਵਿਚ ਕੁਲਵੰਤ ਸਿੰਘ ਬੈਂਸ, ਸੁਰਜੀਤ ਸਿੰਘ





ਰੱਤੂ, ਹਰਭਜਨ ਸਿੰਘ ਪਾਹਲ, ਕੁਲਵਿੰਦਰ ਸਿੰਘ ਬੈਂਸ, ਜਸਪ੍ਰੀਤ ਸਿੰਘ, ਚਰਨਜੀਤ ਸਿੰਘ, ਰਾਜਿੰਦਰ ਸਿੰਘ (ਸਾਬੀ), ਬਹਾਦਰ ਸਿੰਘ ਅਤੇ ਭਿੰਦਰ ਸਿੰਘ ਸੰਧੂ ਮੈਂਬਰ ਚੁਣੇ ਗਏ।

ਇਸ ਇਲਾਕੇ ਦੀ ਸਾਰੀ ਸੰਗਤ ਵਧਾਈ ਦੀ ਪਾਤਰ ਹੈ, ਜਿਹਨਾਂ ਦੇ ਸਹਿਯੋਗ ਨਾਲ ਇਹ ਚੋਣ ਬਹੁਤ ਹੀ ਸ਼ਾਂਤਮਈ ਅਤੇ ਪਰਿਵਾਰਕ ਮਾਹੌਲ ਵਿਚ ਹੋਈ। ਨਵੇਂ ਚੁਣੇ ਗਏ ਮੈਂਬਰਾਂ ਨੇ ਗੁਰੂ ਘਰ ਲਈ ਜਾਰੀ ਕੀਤੇ ਮੈਨੀਫੈਸਟੋ ਵਿਚ ਵਾਅਦੇ ਪੂਰੇ ਕਰਨ ਲਈ ਸੰਗਤ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।

# ਚਰਚ ਆਫ ਅਲਮਾਇਟੀ ਗੌਡ ਤੂਰਾਂ ਵਿਖੇ ਮਨਾਇਆ ਕ੍ਰਿਸਮਿਸ ਦੀ ਤਿਓਹਾਰ

**ਗੁਰਾਇਆ (ਨਿਰਮਲ ਗੁੜਾ)–** ਜਿਲਾ ਜਲੰਧਰ ਦੇ ਕਸਬਾ ਅੱਪਰਾ ਦੇ ਨਜਦੀਕੀ ਪਿੰਡ ਤੂਰਾਂ ਵਿਖੇ "ਚਰਚ ਆਫ ਅਲਮਾਇਟੀ ਗੌਡ ਤੂਰਾਂ'' ਵਿੱਚ ਕ੍ਰਿਸਮਿਸ ਦਾ ਤਿਓਹਾਰ ਵਿਸ਼ਪ ਗੁਰਨਾਮ ਦਾਸ ਦੀ ਅਗਵਾਈ ਵਿੱਚ ਇਲਾਕੇ ਭਰ ਦੀਆਂ ਸੰਗਤਾਂ ਵਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾ.ਲ ਮਨਾਇਆ ਗਿਆ। ਇਸ ਸਮਾਗਮ ਵਿੱਚ ਜਿਥੇ ਇਲਾਕੇ ਭਰ ਦੀਆਂ ਸੰਗਤਾਂ ਨੇ ਪਹੁੰਚਕੇ ਖੁਸ਼ੀਆਂ ਪ੍ਰਾਪਤ ਕੀਤੀਆਂ ਉਥੇ ਹੀ ਬਹੁਜਨ ਸਮਾਜ ਪਾਰਟੀ ਵਲੋਂ ਹਲਕਾ ਫਿਲੌਰ ਦੇ ਉਮੀਦਵਾਰ ਸ. ਅਵਤਾਰ ਸਿੰਘ ਕਰੀਮਪੁਰੀ ਵੀ ਸਾਥੀਆਂ ਸਮੇਤ ਵਿਸ਼ੇਸ਼ ਤੌਰ ਤੇ ਪੁੱਜਕੇ ਸੰਗਤਾਂ ਨੂੰ ਇਸ ਖੁਸ਼ੀਆਂ ਭਰੇ ਦਿਨ ਦੀ ਵਧਾਈ ਦਿੱਤੀ ਪ੍ਰਬੰਧਕਾਂ ਵਲੋਂ ਕਰੀਮਪੁਰੀ ਨੂੰ ਸਨਮਾਨ ਚਿਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਖ ਵੱਖ ਪਾਸਟਰ ਭੈਣਾ ਅਤੇ ਵੀਰਾਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵਾਨ ਯਿਸੂ ਮਸੀਹ ਤੇ ਵਿਸ਼ਵਾਸ ਕਰਕੇ ਮਾਨਵਤਾ ਦੇ



ਭਲਾਈ ਕਾਰਜਾਂ ਵਿੱਚ ਵੱਧ ਤੋਂ ਵੱਧ ਸਮਾ ਬਿਤਾਉਣ ਅਤੇ ਨਸ਼ਿਆਂ ਤੋਂ ਪ੍ਰਹੇਜ ਕਰਨ ਤਾਂ ਇਨਸਾਨ ਦਾ ਜੀਵਨ ਸਵਰਮਈ ਗੁਜਰੇਗਾ। ਇਸ ਮੌਕੇ ਹੋਣਹਾਰ ਵਿਦਿਆਰਥੀਆਂ ਅਤੇ ਸੇਵਾਦਾਰਾਂ ਨੂੰ ਸਟੇਸ਼ਨਰੀ ਅਤੇ ਸਨਮਾਨ ਚਿਨ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸੰਗਤਾਂ ਨੂੰ ਯਿਸੂ ਮਸੀਹ ਦੇ ਪ੍ਰਕਾਸ਼ ਉਤਸਵ ਦੇ ਸੌਂਗ ਤੇ ਭੰਗੜੇ ਪਾ ਕੇ ਖੁਸ਼ੀਆਂ ਮਨਾਈਆਂ। ਵੱਖ ਵੱਖ ਤਰਾਂ ਦੀਆਂ ਲਗੀਆਂ ਸਟਾਲਾਂ ਤੋਂ ਲੋਕ ਖਰੀਦਦਾਰੀ ਵੀ ਕਰ ਰਹੇ ਸਨ। ਇਸ ਮੌਕੇ ਸੇਵਾਦਾਰਾਂ ਨੇ ਲੰਗਰ ਸੰਗਤਾਂ ਵਿੱਚ ਅਟੁੱਟ ਵਰਤਾਇਆ। ਉਧਰ ਬਜਾਰ ਵਿੱਚ ਸ਼ਾਤਾਕਲਾਜ ਦੇ ਪਹਿਰਾਵੇ ਵਿੱਚ ਆਉਣ ਜਾਣ ਵਾ.ਲੇ ਲੋਕਾਂ ਨੂੰ ਜਿਥੇ ਕ੍ਰਿਸਮਿਸ ਦੀ ਵਧਾਈ ਦੇ ਰਹੇ ਸਨ ਉਥੇ ਹੀ ਟੌਫੀਆਂ ਵੀ ਵੰਡੀਆਂ ਗਈਆਂ। ਆਖਿਰ ਵਿੱਚ ਵਿਸ਼ਪ ਗੁਰਨਾਮ ਦਾਸ ਪਾਸਟਰ ਨੇ ਆਈਆਂ ਸੰਗਤਾਂ ਦਾ ਤਹਿਦਿਲੋਂ ਧੰਨਵਾਦ ਕੀਤਾ। ਇਸ ਮੌਕੇ ਪਾਸਟਰ ਹਰਜਿੰਦਰ ਕੁਮਾਰ ਸੋਨੂੰ, ਬਲਜੀਤ ਕੌਰ, ਸੁਰਿੰਦਰ ਕੌਰ, ਹੈਨਰੀ ਕਲੇਰ, ਮੈਰੀ ਕਲੇਰ, ਰਾਮ ਪਾਲ, ਹੁਸਨ ਲਾਲ ਅਤੇ ਇਲਾਕੇ ਭਰ ਦੀਆਂ ਸੰਗਤਾਂ ਮੌਜੂਦ ਸਨ।

# ਸੈਕਰਾਮੈਂਟੋ ਵਿਚ ਗਦਰੀ ਬਾਬਿਆਂ ਪ੍ਰਤੀ ਸਮਾਗਮ 7 ਜਨਵਰੀ ਨੂੰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਹਰ ਵਰ੍ਹੇ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੀਫੋਰਨੀਆ ਵੱਲੋਂ ਕਰਵਾਏ ਜਾਂਦੇ ਗਦਰੀ ਬਾਬਿਆਂ ਪ੍ਰਤੀ ਸਮਾਗਮ ਐਤਕਾਂ 7 ਜਨਵਰੀ 2017 ਨੂੰ ਸੈਕਰਾਮੈਂਟੋ ਪਰਫੋਰਮਿੰਗ ਆਰਟ ਸੈਂਟਰ ਸ਼ੈਲਡਨ ਹਾਈ ਸਕੂਲ ਵਿਖੇ ਬਾਅਦ ਦੁਪਹਿਰ ਕਰਵਾਇਆ ਜਾ ਰਿਹਾ ਹੈ।

ਇਹ ਸਮਾਗਮ ਐਤਕਾਂ ਦੂਜੇ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਿਤ ਰੱਖਿਆ ਗਿਆ ਹੈ। ਇਸ ਸਮਾਗਮ



ਦੇ ਮੁੱਖ ਬੁਲਾਰੇ ਡਾ. ਗੁਰਮੇਲ ਸਿੱਧੂ ਫਰਿਜ਼ਨੋ, ਸ. ਨਿਰਮਲ ਸਿੰਘ ਘੁੰਮਣ ਸਰੀ, ਕੈਨੇਡਾ, ਸ੍ਰੀ ਮੁਲਖ ਰਾਜ ਸ਼ਰਮਾ ਵਿਸ਼ੇਸ਼ ਤੌਰ 'ਤੇ ਹੋਣਗੇ। ਸਟੇਜ ਦੀ ਸੇਵਾ ਬੀਬੀ ਆਸ਼ਾ ਸ਼ਰਮਾ ਜੀ ਕਰਨਗੇ। ਸੰਸਥਾ ਦੇ ਪ੍ਰਧਾਨ ਸੁਰਜੀਤ ਸਿੰਘ ਅਟਵਾਲ ਨੇ ਦੱਸਿਆ ਕਿ ਇਸ ਮੌਕੇ ਕੁਝ ਚੋਣਵੀਆਂ ਸ਼ਖਸੀਅਤਾਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਇਸ ਸਮਾਗਮ ਦੌਰਾਨ ਪਾਰੀ ਕੰਗ ਤੇ ਦਾਖਲਾ ਮੁਫਤ ਰੱਖਿਆ ਗਿਆ ਹੈ ਤੇ ਖਾਣ ਪੀਣ ਵੀ ਮੁਫਤ ਹੋਵੇਗਾ। ਇਸ ਵਾਰ ਦਵਿੰਦਰ ਦਮਨ ਹੁਰਾਂ ਦਾ ਲਿਖਿਆ ਤੇ ਨਿਰਦੇਸ਼ਿਤ ਕੀਤਾ ਨਾਟਕ ਬਾਬਾ ਬੰਦਾ ਸਿੰਘ ਬਹਾਦਰ ਵੀ ਖੇਡਿਆ ਜਾਵੇਗਾ ਤੇ ਭੰਗੜਾ ਵੀ ਹੋਵੇਗਾ।

# ਇਟਲੀ ਵਿੱਚ ਬਾਬਾ ਸਾਹਿਬ ਦਾ ਨਿਰਵਾਣ ਦਿਵਸ

**ਹਰਬੰਸ ਵਿਰਦੀ, ਲੰਡਨ**

ਐਤਵਾਰ 11 ਦਸੰਬਰ ਨੂੰ ਅੰਬੇਡਕਰ ਹਾਲ, ਸਾਊਥਾਲ, ਵੈਸਟ ਲੰਡਨ ਵਿੱਚ, ਬੰਬਈ ਯੂਨੀਵਸਿਟੀ, ਸਾਂਇਸ ਡੀਪਾਰਟਮੈਂਟ ਦੇ ਹੈਡ ਪ੍ਰੋਫੈਸਰ ਭਾਸਕਰ ਜਾਦਵ ਦੇ ਪੂਰਨ ਜਨਮ ਦੇ ਬਹੁਤ ਹੀ





ਗੰਭੀਰ ਮਸਲੇ ਤੇ ਵਿਚਾਰ ਸੁਣ ਰਹੇ ਸੀ ਕਿ ਰਾਮਦਾਸ ਚਾਹਲ ਚੀਫ ਅਡੀਟਰ "ਪੰਜਾਬ ਟੈਲੀਗਰਾਫ" ਦਾ ਫੋਨ ਆਇਆ ਕਿ ਆਪ ਅਗਲੇ ਐਤਵਾਰ 18 ਦਸੰਬਰ ਨੂੰ ਕਿਸੇ ਫੰਗਸ਼ਨ ਲਈ ਬੁੱਕ ਹੋ? ਮੇਰੇ ਨਾਂ ਕਹਿਣ ਤੇ ਚਾਹਲ ਸਾਹਿਬ ਨੇ ਕਿਹਾ ਕਿ ਬਾਰਗਾਮੋ, ਇਟਲੀ ਦੇ ਗੁਰੂ ਰਵਿਦਾਸ ਧਾਮ ਵਾਲੇ ਬਾਬਾ ਸਾਹਿਬ ਦਾ ਨਿਰਵਾਣ ਦਿਵਸ ਮਨਾ ਰਹੇ ਹਨ, ਆਪ ਚੀਫ ਗਿਸਟ ਦੇ ਤੌਰ ਜਾ ਸਕਦੇ ਹੋ? ਬਾਬਾ ਸਾਹਿਬ ਦੇ ਮਿਸ਼ਨ ਦਾ ਪ੍ਰੋਗਰਾਮ ਹੋਵੇ ਅਤੇ ਮੇਰੇ ਕੋਲ ਵਕਤ ਹੋਵੇ, ਇਹ ਕਿਵੇਂ ਹੋ ਸਕਦਾ ਹੈ ਕਿ ਮੈਂ ਨਾਂ ਜਾਵਾਂ!

17 ਦਸੰਬਰ ਸ਼ਾਮ ਦੇ ਚਾਰ ਵਜੇ ਮੈਂ ਲੰਡਨ ਤੋਂ ਰਵਾਨਾ ਹੋ ਕੇ ਬਾਰਗਾਮੋ ਹਵਾਈ ਅੱਡੇ ਤੇ ਪਹੁੰਚਿਆ ਤਾਂ ਅਚਲ ਕੈਲੀ ਜੋ ਕਿ ਗੁਰੂ ਰਵਿਦਾਸ ਧਾਮ ਦੇ ਸੈਕਟਰੀ ਹਨ, ਮੈਨੂੰ ਏਅਰ ਪੋਰਟ ਤੋਂ ਲੈਣ ਆਏ । ਕੁਝ ਸਾਥੀਆਂ ਨੇ ਇਕੱਠੇ ਹੋਕੇ ਮੇਰੇ ਸਵਾਗਤ ਲਈ ਇੱਕ ਪਾਰਟੀ ਰੱਖੀ ਹੋਈ ਸੀ। ਕੈਲੀ ਸਾਹਿਬ ਏਅਰ ਪੋਰਟ ਤੋਂ ਸਿੱਧਾ ਮੈਨੂੰ ਇਸ ਜਗ੍ਹਾ ਤੇ ਲੈ ਆਏ। ਸਾਰਿਆਂ ਨਾਲ ਵਾਕਫੀਅਤ ਕਰਨ ਤੋਂ ਬਾਦ ਬਾਬਾ ਸਾਹਿਬ ਅਤੇ ਗੁਰੂ ਰਵਿਦਾਸ ਜੀ ਦੇ ਵਿਚਾਰਾਂ ਤੇ ਚਰਚਾ ਹੋਈ ਅਤੇ ਸ਼ਾਮ ਦਾ ਖਾਣਾ ਖਾਣ ਤੋਂ ਬਾਦ ਅਚਲ ਜੀ ਮੈਨੂੰ ਆਪਣੇ ਘਰ ਲੈ ਗਏ ਜਿੱਥੇ ਕਿ ਰਾਤ ਰਹਿਣ ਦਾ ਮੇਰਾ ਇੰਤਜ਼ਾਮ ਸੀ।

ਦੂਸਰੇ ਦਿਨ ਸਵੇਰੇ ਨਾਸ਼ਤਾ ਕਰਨ ਤੋਂ ਬਾਦ ਕੁਝ ਸਮੇਂ ਲਈ ਇਟਲੀ ਵਿੱਚ ਸਾਡੇ ਲੋਕਾਂ ਵਾਰੇ ਚਰਚਾ ਕੀਤੀ ਅਤੇ 12 ਵਜੇ ਅਸੀਂ ਗੁਰੂ ਰਵਿਦਾਸ ਧਾਮ ਪਹੁੰਚੇ । ਜਦੋਂ ਅਸੀ ਹਾਲ ਅੰਦਰ ਦਾਖਲ ਹੋਏ ਤਾਂ ਭਾਰਤ ਤੋਂ ਸ਼ਮਸ਼ੇਰ ਸਿੰਘ, ਬਹੁਜਨ ਨਿਊਜ਼ ਚੈਨਲ ਦੇ ਨਾਮਾਇੰਨੇ ਆਪਣੇ ਵਿਚਾਰ ਪੇਸ਼ ਕਰ ਰਹੇ ਸਨ । ਉਨ੍ਹਾਂ ਤੋਂ ਬਾਦ ਮੈਨੂੰ ਬੋਲਣ ਦਾ ਮੌਕਾ ਦਿੱਤਾ। ਆਪਣੇ ਭਾਸ਼ਣ ਵਿੱਚ ਮੈਂ ਕਿਹਾ ਕਿ ਬਾਬਾ ਸਾਹਿਬ ਦਾ ਨਾਂਅ ਯੂਕੇ, ਅਮਰੀਕਾ, ਕਨੇਡਾ, ਨਿਊਜ਼ੀਲੈਂਡ, ਅਸਟਰੇਲੀਆ, ਥਾਈਲੈਂਡ, ਜਾਪਾਨ, ਸ੍ਰੀ ਲੰਕਾ, ਪੁਰਤਗਾਲ, ਫਰਾਂਸ, ਗਰੀਸ, ਜਰਮਨੀ ਅਤੇ ਆਪਦੀ ਇਟਲੀ ਆਦਿ ਦੇਸ਼ਾਂ ਵਿੱਚ ਹੀ ਨਹੀਂ ਸਾਰੇ ਸੰਸਾਰ ਵਿੱਚ ਸੂਰਜ ਦੀ ਤਰ੍ਹਾਂ ਰੌਸ਼ਨ ਹੋ ਰਿਹਾ ਹੈ । ਸਾਊਥ ਅਫਰੀਕਾ ਦੇ ਪ੍ਰੈਜ਼ੀਡੈਂਟ ਨੈਲਸਨ ਮੰਡੇਲਾ ਨੇ ਆਪਣੇ ਭਾਰਤ ਦੇ ਦੌਰੇ ਸਮੇਂ ਆਪਣੇ ਭਾਸ਼ਣ ਵਿੱਚ ਕਿਹਾ ਸੀ ਕਿ "ਭਾਰਤ ਤੋਂ ਅਗਰ ਕੋਈ ਚੀਜ਼ ਲੈਕੇ ਜਾਣ ਵਾਲੀ ਹੈ ਤਾਂ ਉਹ ਡਾ: ਅੰਬੇਡਕਰ ਦੁਆਰਾ ਲਿਖਿਆ ਸੰਵਿਧਾਨ ਹੈ"। ਬਾਬਾ ਸਾਹਿਬ ਨੇ 1942 ਵਿੱਚ ਅੰਗਰੇਜੀ ਸਰਕਾਰ ਦੇ ਲੇਬਰ ਮੈਂਬਰ ਬਣਨ ਤੋਂ ਬਾਦ ਉਨ੍ਹਾਂ ਨੇ ਮਜ਼ਦੂਰਾਂ ਦੇ 14-16 ਘੰਟਿਆਂ ਤੋਂ ਘਟਾ ਕੇ 8 ਘੰਟੇ ਕੰਮ ਕਰਨ ਦਾ ਕਾਨੂੰਨ ਬਣਾਇਆ। ਕੋਇਲੇ ਦੀਆਂ ਖਾਨਾਂ ਵਿੱਚ ਔਰਤਾਂ ਦੇ ਕੰਮ ਕਰਨ ਤੇ ਪਾਬੰਦੀ ਲਗਾਈ। ਹਰ ਸੈਕਟਰ ਵਿੱਚ ਕੰਮ ਕਰਨ ਵਾਲੀ ਔਰਤ ਗਰਭਵਤੀ ਹੋਵੇ ਤਾਂ ਬੱਚੇ ਦਾ ਜਨਮ ਹੋਣ ਤੋਂ ਪਹਿਲਾਂ ਅਤੇ ਬਾਦ ਵਿੱਚ ਤਨਖਾਹ ਨਾਲ ਛੁੱਟੀ ਦਿੱਤੀ ਜਾਵੇ। ਆਪਾਂ ਲੋਕ ਜੰਬੂਦੀਪ (ਭਾਰਤ) ਦੇ ਮੂਲਨਿਵਾਸੀ ਹਾਂ, ਮਹੰਜੋਦਾੜੋ, ਹੜੱਪਾ ਅਤੇ ਸਿੰਧੂ ਘਾਟੀ ਦੁਨੀਆਂ ਦੀਆਂ ਸਭ ਤੋਂ ਪੁਰਾਣੀਆਂ ਸੱਭਿਅਤਾਵਾਂ ਸਾਡੀਆਂ ਸਨ ਜਿਨ੍ਹਾਂ ਨੂੰ ਯੂਰੇਸ਼ਅਿਨ ਬ੍ਰਾਮਣਾਂ ਨੇ ਤਹਿਸ-ਨਹਿਸ ਕਰ ਦਿੱਤਾ ਅੱਜ ਤੋਂ 7,000 ਸਾਲ ਪਹਿਲਾਂ ਇਨ੍ਹਾਂ ਸ਼ਹਿਰਾਂ ਵਿੱਚ ਸੀਵਰਜ਼ ਸਿਸਟਮ ਸੀ। ਆਪਾਂ ਆਪਣੇ ਦੇਸ਼ ਦੀ ਵਾਗ ਡੋਰ ਆਪਣੇ ਹੱਥਾਂ ਵਿੱਚ ਸੰਭਾਲਣੀ ਹੈ । ਬਾਬਾ ਸਾਹਿਬ ਨੇ ਕਿਹਾ ਸੀ "rite on the walls of your houses that we were the Dasas of yesterday but we want to be the rulers of tomorrow" ਭਾਵ "ਆਪਣੇ ਘਰਾਂ ਦੀਆਂ ਦੀਵਾਰਾਂ ਉੱਤੇ ਲਿਖ ਲਓ ਕਿ ਆਪਾਂ ਬੀਤੇ ਕੱਲ ਦੇ ਗੁਲਾਮ ਸੀ ਪਰ ਆਉਣ ਵਾਲੇ ਕੱਲ ਦੇ ਹੁਕਮਰਾਨ ਬਣਨਾ ਹੈ" । ਬਾਬਾ ਸਾਹਿਬ ਨੇ ਸਾਡੀ ਤਾਕਤ ਦਾ ਸਾਨੂੰ ਅਹਿਸਾਸ ਕਰਾਉਣ ਲਈ ਕਿਹਾ ਸੀ ਕਿ "They are sleeping valicano, the day they arise, whole Asia will catch fire" ਭਾਵ "ਭਾਰਤ ਦੇ ਅਛੂਤ ਇੱਕ ਸੁੱਤਾ ਹੋਇਆ ਜੁਆਲਾ ਮੁਖੀ ਹੈ, ਜਿਸ ਦਿਨ ਇਹ ਜੁਆਲਾ ਮੁਖੀ ਫਟਿਆ ਸਾਰੇ ਏਸ਼ੀਆ ਵਿੱਚ ਅੱਗ ਲੱਗ ਜਾਵੇਗੀ" ਬਾਬਾ ਸਾਹਿਬ ਦੇ ਇਨ੍ਹਾਂ ਜੋਸ਼ ਵਾਲੇ ਸ਼ਬਦਾਂ ਨਾਲ ਮੈਂ ਆਪਣੀ ਗੱਲ ਦੀ ਸਮਾਪਤੀ ਕੀਤੀ ।

# ਅਰਥਹੀਣ ਗੱਲਾਂ ਮਾਰਨ ਵਾਲਾ 'ਕਲੱਬ' ਬਣ ਗਿਆ ਹੈ ਸੰਯੁਕਤ ਰਾਸ਼ਟਰ- ਟਰੰਪ

**ਵਾਸ਼ਿੰਗਟਨ (ਬਿਊਰੋ–** ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਡੋਨਲਡ ਟਰੰਪ ਨੇ ਸੰਯੁਕਤ ਰਾਸ਼ਟਰ ਨੂੰ ਕਰੜੇ ਹੱਥੀਂ ਲੈਂਦਿਆਂ ਇਸ ਕੌਮਾਂਤਰੀ ਸੰਸਥਾ ਨੂੰ 'ਲੋਕਾਂ ਲਈ ਗੱਲਾਂ ਮਾਰਨ ਅਤੇ ਚੰਗਾ ਸਮਾਂ ਬਿਤਾਉਣ ਵਾਲਾ ਕਲੱਬ ਦੱਸਿਆ ਹੈ'। ਟਰੰਪ ਨੇ ਟਵੀਟ ਕੀਤਾ, 'ਯੂਐਨ ਬੇਹੱਦ ਸੰਭਾਵਨਾ ਭਰਭੂਰ ਸੰਸਥਾ



ਹੈ ਪਰ ਮੌਜੂਦਾ ਸਮੇਂ ਇਹ ਮਹਿਜ਼ ਲੋਕਾਂ ਲਈ ਮਿਲਣ-ਗਿਲਣ, ਗੱਲਾਂ ਮਾਰਨ ਅਤੇ ਸੋਹਣਾ ਸਮਾਂ ਬਿਤਾਉਣ ਵਾਲਾ ਕਲੱਬ ਬਣ ਕੇ ਰਹਿ ਗਈ ਹੈ। ਇਹ ਬੇਹੱਦ ਨਿਰਾਸ਼ਾਜਨਕ ਹੈ।'

ਟਰੰਪ ਦੀਆਂ ਇਹ ਟਿੱਪਣੀਆਂ ਰਾਸ਼ਟਰਪਤੀ ਬਰਾਕ ਓਬਾਮਾ ਦੇ ਪੱਛਮੀ ਕਿਨਾਰੇ ਅਤੇ ਯੇਰੂਸ਼ਲਮ ਦੇ ਕੁੱਝ ਹਿੱਸਿਆਂ ਵਿੱਚ ਇਸਰਾਈਲ ਦੀਆਂ ਨਾਜਾਇਜ਼ ਬਸਤੀਆਂ ਖ਼ਿਲਾਫ਼ ਯੂਐਨ ਸੁਰੱਖਿਆ ਕੌਂਸਲ 'ਚ ਨਿੰਦਾ ਪ੍ਰਸਤਾਵ ਉਤੇ ਮਤਦਾਨ ਵਿੱਚ ਸ਼ਾਮਲ ਨਾ ਹੋਣ ਦੇ ਫ਼ੈਸਲੇ ਬਾਅਦ ਆਈਆਂ ਹਨ। ਅਮਰੀਕਾ ਦਾ ਮਤਦਾਨ ਵਿੱਚ ਸ਼ਾਮਲ ਨਾ ਹੋਣਾ ਨੀਤੀ ਵਿੱਚ ਉਸ ਇਤਿਹਾਸਕ ਬਦਲਾਅ ਦਾ ਸੰਕੇਤ ਹੈ ਜਿਸ ਤਹਿਤ ਪ੍ਰਸਤਾਵ ਪਾਸ ਹੋਣ ਨੂੰ ਮਨਜ਼ੂਰੀ ਮਿਲ ਜਾਂਦੀ ਹੈ। ਮਤਦਾਨ ਤੋਂ ਪਹਿਲਾਂ ਟਰੰਪ ਨੇ ਜਨਤਕ ਤੌਰ 'ਤੇ ਅਮਰੀਕਾ ਨੂੰ ਕਿਹਾ ਸੀ ਕਿ ਉਹ ਪ੍ਰਸਤਾਵ ਨੂੰ ਵੀਟੋ ਕਰੇ।

'ਵਾਸ਼ਿੰਗਟਨ ਪੋਸਟ' ਮੁਤਾਬਕ ਟਰੰਪ ਦਾ ਟਵੀਟ ਇਸ ਗੱਲ ਦਾ ਸੰਕੇਤ ਹੈ ਕਿ ਉਹ ਕਾਰਜਭਾਰ ਸੰਭਾਲਣ ਬਾਅਦ ਪੱਛਮੀ ਏਸ਼ੀਆ ਪ੍ਰਤੀ 71 ਸਾਲਾਂ ਤੋਂ ਵੀ ਵੱਧ ਪੁਰਾਣੇ ਇਸ ਸੰਸਥਾਨ ਦੇ ਰੁਖ਼ ਨੂੰ ਚੁਣੌਤੀ ਦੇਵੇਗਾ। ਟਰੰਪ ਪਹਿਲਾਂ ਹੀ ਕਹਿ ਚੁੱਕਾ ਹੈ ਕਿ 20 ਜਨਵਰੀ ਬਾਅਦ ਯੂਐਨ ਵਿੱਚ ਬਹੁਤ ਸਾਰੀਆਂ ਚੀਜ਼ਾਂ ਬਦਲਣ ਵਾਲੀਆਂ ਹਨ। ਜ਼ਿਕਰਯੋਗ ਹੈ ਕਿ ਟਰੰਪ ਨੇ ਦੱਖਣੀ ਕੈਰੋਲਾਈਨਾ ਦੀ ਗਵਰਨਰ ਨਿੱਕੀ ਹੇਲੀ ਨੂੰ ਯੂਐਨ ਵਿੱਚ ਅਮਰੀਕਾ ਦੀ ਰਾਜਦੂਤ ਨਿਯੁਕਤ ਕੀਤਾ ਹੈ।

# ਨੋਟਬੰਦੀ ਨੇ ਅੱਤਵਾਦ ਤੇ ਮਨੁੱਖੀ ਤਸਕਰੀ ਦਾ ਲੱਕ ਤੋੜਿਆ-ਮੋਦੀ

ਦੇਹਰਾਦੂਨ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਨੋਟਬੰਦੀ ਨੇ ਅੱਤਵਾਦ ਨੂੰ ਹੋਣ ਵਾਲੀ ਵਿੱਤੀ ਮਦਦ, ਮਨੁੱਖੀ ਤੇ ਨਸ਼ਾ ਤਸਕਰੀ ਦਾ ਲੱਕ ਤੋੜ ਦਿੱਤਾ ਹੈ। ਮੋਦੀ ਨੇ ਉਤਰਾਖੰਡ ਦੀ ਰਾਜਧਾਨੀ ਦੇਹਰਾਦੂਨ ਵਿਚ ਭਾਜਪਾ ਦੀ ਪਰਿਵਰਤਨ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ, ਨੋਟਬੰਦੀ ਨੇ ਅੱਤਵਾਦ, ਡਰੱਗ ਮਾਫੀਆ, ਮਨੁੱਖੀ ਤਸਕਰੀ ਅਤੇ ਨਕਲੀ ਨੋਟਾਂ ਦੀ ਤਸਕਰੀ ਦੀ ਦੁਨੀਆ ਨੂੰ ਤਬਾਹ ਕਰ ਦਿੱਤਾ ਹੈ। ਇਸ ਮੌਕੇ ਪ੍ਰਧਾਨ ਮੰਤਰੀ ਨੇ ਨੋਟਬੰਦੀ ਦਾ ਵਿਰੋਧ ਕਰ ਰਹੀਆਂ ਪਾਰਟੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਕਾਲੇ ਧਨ ਦੇ ਨਾਲ ਹੀ ਕਾਲੇ ਮਨ ਵਾਲਿਆਂ ਨੇ ਵੀ ਦੇਸ਼ ਨੂੰ ਬਰਬਾਦ ਕਰ ਦਿੱਤਾ ਹੈ। ਦੇਸ਼ ਤੋਂ ਕਾਲੇ ਧਨ ਅਤੇ ਕਾਲੇ ਮਨ ਵਾਲਿਆਂ ਨੂੰ ਬਾਹਰ ਕਰਨਾ ਹੋਵੇਗਾ। ਇਥੇ 'ਚਾਰ ਧਾਮ ਪ੍ਰੋਜੈਕਟ' ਦੀ ਸ਼ੁਰੂਆਤ ਕਰਨ ਆਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਦੇਸ਼ ਦੀ ਜਨਤਾ ਨੇ ਮੈਨੂੰ ਚੌਂਕੀਦਾਰ ਬਣਾਇਆ ਹੈ ਅਤੇ ਹੁਣ ਮੈ ਚੌਂਕੀਦਾਰੀ ਕਰ ਰਿਹਾਂ ਹਾਂ ਤਾਂ ਕਈ ਲੋਕਾਂ ਨੂੰ ਬੁਰਾ ਲੱਗ ਰਿਹਾ ਹੈ। ਨੋਟਬੰਦੀ ਨੂੰ ਸਫਾਈ ਮੁਹਿੰਮ ਦੱਸਦਿਆਂ ਹੋਇਆ ਪ੍ਰਧਾਨ ਮੰਤਰੀ ਨੇ ਕਿਹਾ ਕਿ, ਇਸ ਵਿਚ ਦੇਸ਼ਵਾਸੀਆਂ ਨੇ ਮੇਰੀ ਮਦਦ ਕੀਤੀ ਹੈ ਅਤੇ ਸਵਾ ਸੌ ਕਰੋੜ ਤੋਂ ਵੱਧ ਲੋਕ ਸੁਰੱਖਿਆ ਕਵਚ ਦੇ ਰੂਪ ਵਿਚ ਮੇਰੀ ਰੱਖਿਆ ਕਰ ਰਹੇ ਹਨ। ਇਸ ਮੌਕੇ ਪ੍ਰਧਾਨ ਮੰਤਰੀ ਨੇ ਕਾਂਗਰਸ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ 40 ਸਾਲ ਤੱਕ ਜਿਸ ਪਰਿਵਾਰ ਨੇ ਰਾਜ ਕੀਤਾ ਉਨ੍ਹਾਂ ਨੂੰ ਕਦੇ ਸਾਡੀ ਸੈਨਾ ਦੀ 'ਇਕ ਰੈਂਕ ਇਕ ਪੈਨਸ਼ਨ' ਦੀ ਮੰਗ ਦੀ ਯਾਦ ਨਹੀਂ ਆਈ। ਪ੍ਰੰਤੂ ਜਦੋਂ ਚੋਣਾਂ ਨੇੜੇ ਆਈਆਂ ਤਾਂ ਉਨ੍ਹਾਂ 'ਇਕ ਰੈਂਕ ਇਕ ਪੈਨਸ਼ਨ' ਲਈ 500 ਕਰੋੜ ਦਾ ਬਜਟ ਰੱਖ ਦਿੱਤਾ ਜਦਕਿ ਇਸਦਾ ਬਜਟ 10 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ 'ਚਾਰ ਧਾਮ ਵਿਕਾਸ ਯੋਜਨਾ' ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਚਾਰਧਾਮ ਵਿਕਾਸ ਯੋਜਨਾ ਉਤਰਾਖੰਡ 'ਚ 2013 ਵਿਚ ਆਈ ਕੁਦਰਤੀ ਆਫਤ ਵਿਚ ਮਾਰੇ ਗਏ ਲੋਕਾਂ ਪ੍ਰਤੀ ਸ਼ਰਧਾਂਜਲੀ ਹੈ। ਇਹ ਯੋਜਨਾ 900 ਕਿਲੋਮੀਟਰ ਦੀ ਹੋਵੇਗੀ, ਜਿਸ ਵਿਚ 12000 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਯੋਜਨਾ ਤਹਿਤ ਉਤਰਾਖੰਡ ਦੇ ਪਵਿੱਤਰ ਤੀਰਥ ਅਸਥਾਨਾਂ ਨੂੰ ਜੋੜਿਆ ਜਾਵੇਗਾ।

# ਬਸਪਾ ਉਮੀਦਵਾਰ ਰਾਮਦਾਸ ਭੁੱਕਲ ਦੇ ਹੱਕ ਵਿੱਚ 'ਸੱਤਾ ਪ੍ਰਾਪਤ ਕਰੋ' ਰੈਲੀ ਅਯੋਜਿਤ

**ਖਨੌਰੀ (ਕੁਲਵੰਤ ਸਿੰਘ ਟਿੱਬਾ)–** ਬਹੁਜਨ ਸਮਾਜ ਪਾਰਟੀ ਵੱਲੋਂ ਹਲਕਾ ਲਹਿਰਾ ਦੇ ਉਮੀਦਵਾਰ ਰਾਮਦਾਸ ਭੁੱਲ ਦੇ ਹੱਕ ਵਿੱਚ ਸਥਾਨਕ ਦਾਣਾ ਮੰਡੀ ਵਿਖੇ ਪਾਰਟੀ ਦੇ ਸੂਬਾ ਪ੍ਰਧਾਨ ਸ਼੍ਰੀ ਰਛਪਾਲ ਸਿੰਘ ਰਾਜੂ ਦੀ ਪ੍ਰਧਾਨਗੀ ਹੇਠ ਇੱਕ ਰੈਲੀ ਦਾ ਆਯੋਜਨ ਕੀਤਾ ਗਿਆ। ਰੈਲੀ ਵਿੱਚ ਪੰਜਾਬ ਦੇ ਇੰਚਾਰਜ ਡਾ: ਮੇਘਰਾਜ ਸਿੰਘ, ਸ਼੍ਰੀ ਪ੍ਰਕਾਸ਼ ਭਾਰਤੀ, ਸੂਬਾ ਸਕੱਤਰ ਗੁਰਮੇਲ ਸਿੰਘ ਚੰਧੜ, ਹਲਕਾ ਮਹਿਲ ਕਲਾਂ ਤੋਂ ਪਾਰਟੀ ਉਮੀਦਵਾਰ ਡਾ: ਮੱਖਣ ਸਿੰਘ ਸਾਬਕਾ ਡਿਪਟੀ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਆਦਿ ਵਿਸ਼ੇਸ਼ ਤੌਰ 'ਤੇ ਪਹੁੰਚੇ।

ਰੈਲੀ ਨੂੰ ਸੰਬੋਧਨ ਕਰਦਿਆਂ ਬਸਪਾ ਪੰਜਾਬ ਦੇ ਇੰਚਾਰਜ ਡਾ: ਮੇਘਰਾਜ ਸਿੰਘ ਸਾਬਕਾ ਐਮ.ਐਲ.ਸੀ. ਉੱਤਰ ਪ੍ਰਦੇਸ਼ ਨੇ ਕਿਹਾ ਕਿ ਅੱਜ ਤੱਕ ਅਸੀਂ ਆਪਣੀ ਵੋਟ ਨਾਲ ਅਮੀਰਾਂ ਨੂੰ ਜਿਤਾਉਂਦੇ ਆਏ ਹਾਂ ਪਰ ਅੱਜ ਇੱਕ ਗਰੀਬ ਪੱਲੇਦਾਰ ਦਾ ਬੇਟਾ ਉਮੀਦਵਾਰ ਬਣ ਕੇ ਤੁਹਾਡੇ ਸਾਹਮਣੇ ਆਇਆ ਹੈ। ਉਹਨਾਂ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਐਸੇ ਰਾਜ ਦੀ ਕਾਮਨਾ ਕੀਤੀ ਹੈ ਜਿੱਥੇ ਕੋਈ ਭੁੱਖਾ ਨਾ ਰਹੇ। ਪਰ ਪੰਜਾਬ ਵਿੱਚ ਬਾਦਲ ਸਰਕਾਰ ਲੋਕਾਂ ਨੂੰ ਆਟਾ ਦਾਲ ਦੇ ਕੇ ਹੀ ਖੁਸ਼ ਕਰ ਰਹੀ ਹੈ। ਉਹਨਾਂ ਕਿਹਾ ਕਿ ਉੱਤਰ ਪ੍ਰਦੇਸ਼ ਵਾਂਗ ਪੰਜਾਬ ਵਿੱਚ ਵੀ ਅਸੀਂ ਕਾਂਗਰਸ ਨੂੰ ਖਤਮ ਕਰਾਂਗੇ। ਉਹਨਾਂ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ ਧਰਮ ਦੇ ਨਾਂਅ 'ਤੇ ਰਾਜਨੀਤੀ ਕਰਦੀ ਹੈ ਤੇ ਲੋਕਾਂ ਦੀਆਂ ਭਾਵਨਾਵਾਂ ਦਾ ਇਸਤੇਮਾਲ ਕਰਕੇ ਸੱਤਾ ਪ੍ਰਾਪਤ



ਕਰਦੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਬਣਨ 'ਤੇ ਪੰਜਾਬ ਅੰਦਰ ਕਿਸੇ ਦਲਿਤ ਨੂੰ ਉਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰਦੀ ਹੈ ਜਦਕਿ ਕੇਜਰੀਵਾਲ ਦੀ ਦਿੱਲੀ ਸਰਕਾਰ ਵਿੱਚ ਇੱਕ ਵੀ ਦਲਿਤ ਮੰਤਰੀ ਤੱਕ ਨਹੀਂ ਹੈ।

ਸੂਬਾ ਸਕੱਤਰ ਗੁਰਮੇਲ ਸਿੰਘ ਚੰਧੜ ਨੇ ਕਿਹਾ ਕਿ ਸਾਡੀ ਲੜਾਈ ਅਮੀਰ ਤੇ ਗਰੀਬ ਵਿਚਕਾਰ ਹੈ। ਅਸੀਂ ਆਪਣੀਆਂ ਵੋਟਾਂ ਨਾਲ ਅਮੀਰਾਂ ਨੂੰ ਹਰਾ ਕੇ ਗਰੀਬ ਲੋਕਾਂ ਦੀ ਸਰਕਾਰ ਬਣਾਉਣੀ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾ: ਮੱਖਣ ਸਿੰਘ ਨੇ ਕਿਹਾ ਕਿ ਅੱਜ ਦੇ ਦਿਨ 25 ਦਸੰਬਰ 1927 ਨੂੰ ਬਾਬਾ ਸਾਹਿਬ ਨੇ ਮਨੂੰ ਸਿੰਮ੍ਰਤੀ ਨੂੰ ਸਾੜਿਆ ਸੀ। ਇਸ ਲਈ ਅੱਜ ਦੇ ਦਿਨ ਅਸੀਂ ਸਭ ਨੇ ਮਨੂੰ ਸਿੰਮ੍ਰਤੀ ਨੂੰ ਲਾਗੂ ਹੋਣ ਤੋਂ ਰੋਕਣ ਲਈ ਰਾਮਦਾਸ ਭੁੱਕਲ ਨੂੰ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣਾ ਹੈ ਤੇ ਨਸ਼ੇ ਵੇਚ ਕੇ ਪੰਜਾਬ ਦੀ ਜਵਾਨੀ ਨੂੰ ਤਬਾਹ ਕਰਨ ਵਾਲਿਆਂ ਨੂੰ ਰੋਕਣਾ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਸ਼੍ਰੀ ਰਛਪਾਲ ਸਿੰਘ ਰਾਜੂ ਨੇ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਵਿੱਚ ਔਰਤਾਂ ਲਈ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਨਸ਼ੇ ਨੇ ਕਿੰਨੇ ਪੈਰ ਪਸਾਰ ਲਏ ਹਨ। ਉਹਨਾਂ ਕਿਹਾ ਕਿ ਗਰੀਬ ਦੇ ਘਰ ਦਾ ਬਿਲ ਤਾਂ ਵਧ ਗਿਆ ਹੈ ਪਰ ਬਾਦਲ ਦੀ ਮੋਟਰ ਦਾ ਕੋਈ ਬਿਲ ਨਹੀਂ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਕਾਸ਼ ਭਾਰਤੀ ਨੇ ਕਿਹਾ ਕਿ ਪੰਜਾਬ ਵਿੱਚ ਗਰੀਬ ਦਲਿਤਾਂ ਦੇ ਲਗਾਤਾਰ ਕਤਲ ਹੁੰਦੇ ਰਹੇ ਹਨ ਪਰ ਸਰਕਾਰ ਫਿਰ ਵੀ ਕਹਿੰਦੀ ਹੈ ਰਾਜ ਨਹੀਂ ਸੇਵਾ। ਉਹਨਾਂ ਕਿਹਾ ਕਿ ਅਪਣੇ ਹਿੱਸੇ ਦੀ ਜਮੀਨ ਦੀ ਮੰਗ ਕਰਨ ਵਾਲੇ ਦਲਿਤਾਂ ਦਾ ਪੰਜਾਬ ਵਿੱਚ ਬਾਈਕਾਟ ਕੀਤਾ ਜਾਂਦਾ ਹੈ ਪਰ ਸਰਕਾਰ ਕੋਈ ਕਾਰਵਾਈ ਨਹੀਂ ਕਰਦੀ। ਉਹਨਾਂ ਕਿਹਾ ਕਿ ਭੀਖ ਮੰਗਣਾ ਬੰਦ ਕਰਕੇ ਅਸੀਂ ਸਰਕਾਰ ਬਣਾ ਕੇ ਆਪਣੇ ਅਧਿਕਾਰ ਲੈਣ ਦਾ ਪ੍ਰਬੰਧ ਕਰਾਂਗੇ। ਉਹਨਾਂ ਕਿਹਾ ਕਿ ਜਿਵੇਂ ਰਾਮ ਤੇ ਰਾਵਣ ਅਤੇ ਕ੍ਰਿਸ਼ਨ ਤੇ ਕੰਸ ਦੀ ਰਾਸ਼ੀ ਇੱਕੋ ਹੈ ਇਸੇ ਤਰ੍ਹਾਂ ਹੀ ਮੋਦੀ ਤੇ ਮਾਇਆਵਤੀ ਦੀ ਰਾਸ਼ੀ ਵੀ ਇੱਕੋ ਹੈ ਅਤੇ ਅਗਲੀ ਲੜਾਈ ਇਹਨਾਂ ਦੋਵਾਂ ਵਿਚਕਾਰ ਹੋਵੇਗੀ। ਜਿਸ ਵਿੱਚ ਮੋਦੀ ਦੀ ਹਾਰ ਹੋਵੇਗੀ। ਹੋਰਨਾਂ ਤੋਂ ਇਲਾਵਾ ਕਰਨੈਲ ਸਿੰਘ ਨੀਲੋਵਾਲ, ਧੰਨਾ ਸਿੰਘ ਸ਼ੇਰੋਂ, ਮੋਤੀ ਲਾਲ ਖਨੌਰੀ, ਹਲਕਾ ਪ੍ਰਧਾਨ ਸੁਰਿੰਦਰ ਸਿੰਘ ਸੰਗਰੌਲੀ, ਜਗਜੀਤ ਸਿੰਘ ਖੰਡੇਬਾਦ, ਦਰਸ਼ਨ ਸਿੰਘ ਕਾਲਬੰਜਾਰਾ, ਸ਼ੰਭੂ ਰੰਗਾ, ਜੀਤ ਪਰਜਾਪਤ, ਬਲਬੀਰ ਬੱਲਰਾਂ, ਲਾਭ ਸਿੰਘ ਲੇਹਲ, ਰਿੰਕੂ ਗਿੱਲ, ਅਮਨ ਭੁੱਕਲ, ਡਾ: ਕ੍ਰਿਸ਼ਨ ਜੱਸਲ, ਡਾ: ਰਾਜ ਕੁਮਾਰ, ਲਾਭ ਸਿੰਘ ਭੂਲਣ, ਡਾ: ਮੰਜੂ, ਭੂਰਾ ਸਿੰਘ, ਦਿਵਾਨ ਸਿੰਘ ਖਨੌਰੀ, ਖਜਾਨ ਸਿੰਘ ਠਸਕਾ, ਇੰਸਪੈਕਟਰ ਹੁਕਮ ਚੰਦ, ਸੁਖਪਾਲ ਸਿੰਘ ਭੁੱਕਲ, ਕੁਲਵੰਤ ਟਿੱਬਾ, ਬੰਤ ਸਿੰਘ ਲਹਿਰਾ, ਗਿਆਨ ਮੰਡਵੀ, ਬਾਦਲ ਖਨੌਰੀ, ਕਰਮ ਚੰਦ ਠਸਕਾ ਆਦਿ ਆਗੂ ਵੀ ਹਾਜਰ ਸਨ।

# ਦਾਸ (ਅਵਤਾਰ ਸਿੰਘ ਮਿਸ਼ਨਰੀ) ਦੇ ਭਰਾ ਦਿਲਾਵਰ ਸਿੰਘ ਦੇ ਅਸਹਿ ਵਿਛੋੜੇ ਤੇ ਸ਼ਰਧਾਂਜਲੀ

**ਜਲੰਧਰ ਕੈਂਟ–** ਦਾਸ ਤੋਂ ਛੋਟੇ ਭਾਈ ਗਿ. ਦਿਲਾਵਰ ਸਿੰਘ (54) ਸਪੁੱਤ੍ਰ ਸ੍ਰ. ਗੁਰਮੇਜ ਸਿੰਘ ਜੋ ਅੱਜ ਕੱਲ੍ਹ ਰਾਮਾਮੰਡੀ ਨੇੜੇ ਜਲੰਧਰ ਕੈਂਟ ਰਹਿੰਦੇ ਸਨ। ਕੁਝ ਦਿਨ ਪਹਿਲੇ ਫਘੀ ਹਸਪਤਾਲ ਚੰਡੀਗੜ ਵਿਖੇ ਡਾਕਟਰਾਂ ਦੀ ਅਣਗਹਿਲੀ ਕਾਰਣ ਜਿੰਦਗੀ ਮੌਤ ਦੀ ਲੜਾਈ ਵਿੱਚ ਹਾਰ ਗਏ ਕਿਉਂਕਿ ਡਾਕਟਰ ਹਾਰਟ ਟੈਕ ਹੋਏ ਤੋਂ ਬਾਅਦ ਵੀ ਦੋ ਦਿਨ ਟੈਸਟ ਹੀ ਕਰੀ ਗਏ, ਕੋਈ ਐਮਰਜੈਂਸੀ ਕੇਅਰ ਨਹੀਂ ਕੀਤੀ, ਆਖਰ ਦੂਜਾ ਅਟੈਕ ਨਾ ਸਹਾਰਦੇ ਦਮ ਤੋੜ ਗਏ, ਜੋ ਬਜੁਰਗ ਮਾਂ ਬਾਪ ਅਤੇ ਬੱਚਿਆਂ ਦੀ ਦੇਖਭਾਲ ਕਰਦੇ ਸਨ। ਪਿੱਛੇ ਛੱਡ ਗਏ ਰਣਜੀਤ ਕੌਰ (ਪਤਨੀ) ਮਨਜੀਤ ਕੌਰ, ਅਮਰਜੀਤ ਕੌਰ ਬੇਟੀਆਂ ਅਤੇ ਬੇਟਾ ਕਾਕਾ ਜਸਪ੍ਰੀਤ ਸਿੰਘ। ਦਸੰਬਰ 23, 2016 ਨੂੰ ਗਣੇਸ਼ ਨਗਰ ਦੇ ਸਥਾਨਕ ਗੁਰਦੁਆਰੇ ਵਿੱਖੇ ਅੰਤਮ ਅਰਦਾਸ ਅਤੇ 1-2 ਵਜੇ ਤੱਕ ਕੀਰਤਨ, ਕਥਾ ਵਿਚਾਰਾਂ ਹੋਈਆਂ। ਭਾਰੀ ਗਿਣਤੀ ਵਿੱਚ ਸਕੇ ਸਬੰਧੀ ਅਤੇ ਦੋਸਤ ਮਿਤਰ ਪਹੁੰਚੇ, ਜਿੰਨ੍ਹਾਂ ਵਿੱਚ ਕੈਲੇਫੋਰਨੀਆਂ ਤੋਂ ਇੰਟ੍ਰਨੈਸ਼ਨਲ ਸਿੰਘ ਸਭਾ ਕਨੇਡਾ ਦੇ ਪ੍ਰਚਾਰਕ ਭਾਈ ਚਮਕੌਰ ਸਿੰਘ ਫਰਿਜਨੋ, ਪੰਥਕ ਵਿਦਵਾਨ ਗਿ. ਦਲੇਰ ਸਿੰਘ ਜੋਸ਼ ਲੁਧਿਆਣਾ ਅਤੇ ਭਾਈ ਸਾਹਿਬ ਸਿੰਘ ਕਵਿਸ਼ਰ ਉੱਤਰ ਪ੍ਰਦੇਸ਼ ਜੀਆਂ ਨੇ ਦੁੱਖਦਾਈ ਮੌਤ ਅਤੇ ਵਿਛੋੜੇ ਤੇ ਬ੍ਰਾਹਮਣੀ ਕਰਮਕਾਂਡਾਂ ਵਿਰੁੱਧ, ਗੁਰਮਤਿ ਧਾਰਨ ਕਰਨ ਅਤੇ ਵਾਪਰੇ ਭਾਣੇ ਬਾਰੇ ਕਥਾ ਵਿਚਾਰਾਂ ਕੀਤੀਆਂ। ਅੰਤਮ ਅਰਦਾਸ ਤੋਂ ਬਾਅਦ ਦਾਸ ਦੇ ਸਮੂੰਹ ਪ੍ਰਵਾਰਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਰੇ ਦਿਵਾਨ ਵਿੱਚ ਸ਼ਰਧਾਂਜਲੀ ਭੇਟ ਕਰਦੇ ਹੋਏ, ਦਾਸ ਦੇ ਸੁਝਾਅ ਨੂੰ ਮੰਨਦਿਆਂ ਮਰਹੂਮ ਭਾਈ ਦਿਲਾਵਰ ਸਿੰਘ ਜੀ ਦੀ ਸਦੀਵੀ ਯਾਦ ਲਈ,



ਗੁਰਮਤਿ ਲਾਇਬ੍ਰੇਰੀ ਖੋਲ੍ਹਣ ਦਾ ਐਲਾਨ, ਜੈਕਾਰਾ ਬੁਲਾ ਕੇ ਕੀਤਾ। ਸਸਕਾਰ ਤੋਂ ਲੈ ਕੇ ਅੰਤਮ ਅਰਦਾਸ ਤੱਕ ਸਾਰੀਆਂ ਰਸਮਾਂ ਗੁਰਮਤਿ ਅਨੁਸਾਰ ਨਿਭਾਈਆਂ, ਹਰਦੁਆਰ ਤੇ ਕੀਰਤਪੁਰ ਵਾਲੇ ਬਾਹਮਣਵਾਦ ਨੂੰ ਛੱਡ ਕੇ, ਅਸਤੀਆਂ ਵਗਦੇ ਪਾਣੀ ਵਿੱਚ ਪ੍ਰਵਾਹ ਕੀਤੀਆਂ ਗਈਆਂ। ਦਾਸ ਸਮੇਤ ਅਸਹਿ ਸਦਮੇ ਤੋਂ ਪੀੜਤ ਪ੍ਰਵਾਰ ਲਈ ਸਾਰੇ ਦੋਸਤ, ਮਿਤਰ, ਗੁਰਮੁੱਖ, ਸਬੰਧੀ ਅਤੇ ਪਾਠਕ ਜਨ ਅਰਦਾਸ ਕਰਿਓ ਕਰਤਾਰ ਭਾਣਾ ਮੰਨਣ, ਪਿੱਛੇ ਪ੍ਰਵਾਰ ਦੀ ਦੇਖ ਭਾਲ ਕਰਨ ਅਤੇ ਤੱਤ ਗੁਰਮਤਿ ਦਾ ਪ੍ਰਚਾਰ ਦ੍ਰਿੜਤਾ ਨਾਲ ਕਰਦੇ ਰਹਿਣ ਦਾ ਬਲ ਬਖਸ਼ਣ।

ਦਾਸ ਪ੍ਰਵਾਰ ਸਮੇਤ ਗੁਰਦੁਆਰਾ ਪ੍ਰਬੰਧਕ ਕਮੇਟੀ ਗਨੇਸ਼ ਨਗਰ (ਰਾਮਾਮੰਡੀ) ਦਾ ਧੰਨਵਾਦੀ ਹੈ ਜਿਨ੍ਹਾਂ ਨੇ ਸਾਰੀਆਂ ਅੰਤਮ ਰਸਮਾਂ ਪ੍ਰਵਾਰ ਨਾਲ ਮਿਲ ਕੇ ਨਿਭਾਈਆਂ। ਆਪ ਦਾਸ (5104325827-USA) ਅਤੇ ਵਡੇਰੀ ਉੱਮਰ ਦੇ ਬਜੁਰਗ ਪਿਤਾ ਸ੍ਰ. ਗੁਰਮੇਜ ਸਿੰਘ ਨਾਲ (98552-93450-ਪੰਜਾਬ) ਫੋਨ ਨੰਬਰਾਂ ਤੇ ਦੁੱਖ ਸੁੱਖ ਸਾਂਝਾ ਕਰ ਸਕਦੇ ਹੋ।

'ਦੇਸ਼ ਦੁਆਬਾ' ਦੇ ਰੈਗੂਲਰ ਕਾਲਮਨਵੀਸ 'ਗੁਰਬਾਣੀ ਇਸ ਜਗ ਮਹਿ ਚਾਨਣ' ਲਿਖਣ ਵਾਲੇ ਉਘੇ ਲੇਖਕ ਅਵਤਾਰ ਸਿੰਘ ਮਿਸ਼ਨਰੀ ਦੇ ਭਰਾ ਦੀ ਮੌਤ 'ਤੇ ਇਸ ਦੁੱਖ ਦੀ ਘੜੀ ਵਿਚ ਮਿਸ਼ਨਰੀ ਪਰਿਵਾਰ ਨਾਲ 'ਦੇਸ਼ ਦੁਆਬਾ' ਦੁੱਖ ਸਾਂਝਾ ਕਰਦਾ ਹੈ।

# ਬੋਧੀ ਬਣ ਗਏ 5 ਹਜ਼ਾਰ ਪੱਛੜੀਆਂ ਸ਼੍ਰੇਣੀਆਂ ਦੇ ਲੋਕ

**ਨਾਗਪੁਰ–** 14 ਅਕਤੂਬਰ 2016 ਨੂੰ ਡਾ. ਬਾਬਾ ਸਾਹਿਬ ਅੰਬੇਡਦਰ ਦੇ ਬੋਧ ਧੰਮ ਪ੍ਰਵਰਤਨ ਦੇ ਛੇ ਦਹਾਕਿਆਂ ਬਾਅਦ ਫਿਰ ਪੰਜ ਹਜ਼ਾਰ ਤੋਂ ਜ਼ਿਆਦਾ ਲੋਕਾਂ ਨੇ ਬੋਧ ਦੀ-ਖਿਆ ਲਈ। ਇਹ ਲੋਕ ਅਨੁਸੂਚਿਤ ਜਾਤੀ ਦੇ ਨਹੀਂ ਬਲਕਿ ਪੱਛੜੇ ਵਰਗਾਂ ਦੇ ਸਨ।

ਆਰੀਆ ਨਾਗਾਰਜੁਨ ਭੰਤੇ ਦੀ ਅਗਵਾਈ ਵਿਚ ਇਹਨਾਂ ਨੂੰ ਬੁੱਧ ਧਰਮ ਵਿਚ ਸ਼ਾਮਲ ਕੀਤਾ ਗਿਆ। ਐਤਵਾਰ ਦੁਪਹਿਰ ਨੂੰ ਓ. ਬੀ. ਸੀ. ਦੇ 5 ਹਜ਼ਾਰ ਤੋਂ ਜ਼ਿਆਦਾ ਮੈਂਬਰ ਦੀਕਸ਼ਾ ਧਾਮ ਦੀਕਸ਼ਾਭੂਮੀ ਪਹੁੰਚੇ।



# ਗਰੀਬ ਪਰਿਵਾਰ ਦੀਆਂ ਲੜਕੀਆਂ ਵਾਸਤੇ 51 ਹਜ਼ਾਰ ਦਾ ਸਗਨ- ਪਹੂਵਿੰਡੀਆਂ

**ਭਿੱਖੀਵਿੰਡ (ਭੁਪਿੰਦਰ ਸਿੰਘ)** ਆਪ ਪਾਰਟੀ ਹਲਕਾ ਖੇਮਕਰਨ ਦੇ ਉਮੀਦਵਾਰ ਕੈਪਟਨ ਬਿਕਰਮਜੀਤ ਸਿੰਘ ਪਹੂਵਿੰਡ ਨੇ ਕਸਬਾ ਖਾਲੜਾ ਵਿਖੇ ਦਲਿਤ ਵਰਗ ਦੇ ਲੋਕਾਂ ਨਾਲ ਇੱਕ ਵਿਸੇਸ ਮੀਟਿੰਗ ਰੱਖੀ ਗਈ, ਜਿਸ ਵਿੱਚ ਉਹਨਾਂ ਦਲਿਤ ਭਾਈ ਚਾਰੇ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਆਪ ਪਾਰਟੀ ਵੱਲੋਂ ਦਲਿਤ ਵਰਗ ਦੇ ਲੋਕਾਂ ਲਈ ਕੀਤੇ ਗਏ ਕੰਮਾਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਉਹਨਾਂ ਕਿਹਾ ਕਿ ਪਾਰਟੀ ਮੈਨੀਫੈਸਟੋ ਅਨੁਸਾਰ ਗਰੀਬ ਲੜਕੀ ਦੇ ਵਿਆਹ ਵਾਸਤੇ 51 ਹਜ਼ਾਰ ਰੁਪਏ ਸ਼ਗਨ ਸ਼ਕੀਮ, ਬਾਰਵੀਂ ਤੱਕ ਪੜ੍ਹਾਈ ਮੁਫਤ, ਆਟਾ-ਦਾਲ ਸਕੀਮ ਨੂੰ ਹਰ ਪਰਿਵਾਰ ਤੱਕ ਪਹੁੰਚਾਉਣ ਲਈ 10 ਲੱਖ ਨੀਲੇ ਕਾਰਡ, ਬਿਜਲੀ



ਦੇ ਅੱਧੇ ਰੇਟ, ਪਾਣੀ ਮੁਫਤ ਅਤੇ ਪੜ੍ਹਾਈ ਵਾਸਤੇ ਬਿਨਾ ਵਿਆਜ਼ ਕਰਜ਼ਾ ਦੇਣ ਦੇ ਵਾਅਦੇ ਸ਼ਾਮਿਲ ਕੀਤੇ ਗਏ ਹਨ। ਉਹਨਾਂ ਕਿਹਾ ਕਿ ਪਾਰਟੀ ਨੂੰ ਫਤਵਾ ਮਿਲਣ ਤੇ ਉਹ ਤੁਰੰਤ ਹੀ ਆਪਣੇ ਵਾਅਦੇ ਅਨੁਸਾਰ ਕੰਮ ਕਰਨਗੇ।ਉਹਨਾਂ ਕਿਹਾ ਕਿ ਗਠਬੰਧਨ ਸਰਕਾਰ ਨੇ ਹੁਣ ਤੱਕ ਪੰਜਾਬ ਦਾ ਵਿਕਾਸ ਨਹੀ ਵਿਨਾਸ ਹੀ ਕੀਤਾ ਹੈ, ਜਿਸ ਤੋਂ ਛੁਟਕਾਰਾ ਸਿਰਫ ਆਪ ਪਾਰਟੀ (ਆਮ ਆਦਮੀ ਪਾਰਟੀ) ਹੀ ਦਿਵਾ ਸਕਦੀ ਹੈ। ਇਸ ਮੌਕੇ ਸਾਬਕਾ ਸਰਪੰਚ ਦਿਲਬਾਗ ਸਿੰਘ ਕਾਲੇ, ਬਖਸੀਸ ਸਿੰਘ ਫੌਜੀ, ਰਣਜੀਤ ਸਿੰਘ ਉਧੋਕੇ, ਪ੍ਰੋ: ਤਰਸੇਮ ਮਾੜੀ ਮੇਘਾ, ਸਤਨਾਮ ਸਿੰਘ ਜੰਡ ਖਾਲੜਾਂ, ਕਾਰਜ ਸਿੰਘ ਖਾਲੜਾਂ ਅਤੇ ਸ਼ਿੰਦਰ ਸਿੰਘ ਆਰੇਵਾਲੇ ਆਦਿ ਹਾਜ਼ਰ ਸਨ।

# ਸਿਆਸੀ ਪਾਰਟੀਆਂ ਲਈ ਸਿਰਦਰਦੀ ਬਣ ਸਕਦੀ ਹੈ ਬਸਪਾ ਦੀ ਚੋਣ ਮੁਹਿੰਮ

## ਦਲਿਤਾਂ ਦੇ ਵਿਹੜਿਆਂ ਵਿੱਚ ਰਾਤਾਂ ਨੂੰ ਹੋਣ ਲੱਗੇ ਕੇਡਰ ਕੈਂਪ, ਵੱਡੀ ਗਿਣਤੀ ਵਿੱਚ ਜੁਟ ਰਹੀ ਹੈ ਭੀੜ

**ਮਹਿਲ ਕਲਾਂ (ਕੁਲਵੰਤ ਸਿੰਘ ਟਿੱਬਾ)–** ਵਿਧਾਨ ਸਭਾ ਹਲਕਾ ਮਹਿਲ ਕਲਾਂ ਤੋਂ ਬਸਪਾ ਇਸ ਵਾਰ ਜਿੱਤ ਦੇ ਇਰਾਦੇ ਨਾਲ ਚੋਣ ਲੜ ਰਹੀ ਹੈ। ਜਿਸ ਦੇ ਸਿੱਟੇ ਵਜੋਂ ਆਮ ਲੋਕਾਂ ਦੇ ਨਾਲ ਨਾਲ ਸਿਆਸੀ ਦਲ ਵੀ ਬਸਪਾ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਬਸਪਾ ਉਮੀਦਵਾਰ ਡਾ. ਮੱਖਣ ਸਿੰਘ ਸ਼ੇਰਪੁਰ ਅਤੇ ਬਸਪਾ ਦੀ ਹਲਕਾ ਮਹਿਲ ਕਲਾਂ ਇਕਾਈ ਵੱਲੋਂ ਚੋਣ ਮੁਹਿੰਮ ਪੂਰੀ ਵਿਉਂਤਬੰਦੀ ਨਾਲ ਚਲਾਈ ਜਾ ਰਹੀ ਹੈ। ਬਸਪਾ ਇਸ ਵਾਰ ਪੂਰੀ ਗੰਭੀਰਤਾ ਨਾਲ ਹਰ ਘਰ ਤੱਕ ਪਹੁੰਚ ਕਰ ਰਹੀ ਹੈ। ਡਾ. ਮੱਖਣ ਸਿੰਘ ਦੀ ਟੀਮ ਵੱਲੋਂ ਹਲਕੇ ਦੇ ਪਿੰਡਾਂ ਵਿੱਚ ਘਰ ਘਰ ਜਾ ਕੇ ਆਮ ਲੋਕਾਂ ਨੂੰ ਹਾਥੀ ਵਾਲਾ ਬਟਨ ਦਬਾਉਣ ਲਈ ਪ੍ਰੇਰਿਤ ਕਰਨ ਤੋਂ ਇਲਾਵਾ ਦਲਿਤਾਂ ਦੇ ਵਿਹੜਿਆਂ ਵਿੱਚ ਰਾਤਾਂ ਨੂੰ ਕੇਡਰ ਕੈਂਪ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਬਸਪਾ ਆਗੂ ਡਾ. ਮੱਖਣ ਸਿੰਘ ਜਨ ਸੰਪਰਕ ਮੁਹਿੰਮ ਤਹਿਤ ਹਰ ਦਿਨ ਲੱਗਭੱਗ ਦੋ ਪਿੰਡਾਂ ਵਿੱਚ ਘਰ ਘਰ ਜਾ ਕੇ ਚੋਣ ਪ੍ਰਚਾਰ ਕਰਦੇ ਹਨ ਅਤੇ ਰਾਤ ਨੂੰ ਕਿਸੇ ਹੋਰ ਪਿੰਡ ਬਸਪਾ ਦੀ ਟੀਮ ਰਾਤ ਦੇ ਕੇਡਰ ਕੈਂਪ ਦਾ ਪ੍ਰਬੰਧ ਕਰਦੀ ਹੈ। ਬਸਪਾ ਦੀ ਚੋਣ ਰਣਨੀਤੀ ਹੋਰਨਾਂ ਸਿਆਸੀ ਪਾਰਟੀਆਂ ਲਈ ਚਿੰਤਾ ਦਾ ਸਬੱਬ ਬਣ ਰਹੀ ਹੈ। ਕਿਉਂਕਿ ਟੀਮ ਬਸਪਾ ਵੱਲੋਂ ਰਾਤ ਸਮੇਂ ਕੀਤੇ ਜਾ ਰਹੇ



ਕੇਡਰ ਕੈਂਪ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਪੁੱਜ ਰਹੇ ਹਨ ਅਤੇ ਬਸਪਾ ਆਗੂਆਂ ਦੀ ਗੱਲ ਵੀ ਆਮ ਲੋਕਾਂ ਵੱਲੋਂ ਧਿਆਨ ਨਾਲ ਸੁਣੀ ਜਾ ਰਹੀ ਹੈ।

ਬੀਤੀ ਰਾਤ ਪਿੰਡ ਸਹਿਜੜਾ ਵਿਖੇ ਆਯੋਜਿਤ ਕੇਡਰ ਕੈਂਪ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਸਪਾ ਉਮੀਦਵਾਰ ਡਾ. ਮੱਖਣ ਸਿੰਘ ਨੇ ਦੱਸਿਆ ਕਿ ਕੇਡਰ ਕੈਂਪ ਵਿੱਚ ਆਮ ਲੋਕਾਂ ਨੂੰ ਉਨ੍ਹਾਂ ਮਹਾਂਪੁਰਸ਼ਾਂ ਬਾਰੇ ਦੱਸਿਆ ਜਾਂਦਾ ਹੈ, ਜਿਨ੍ਹਾਂ ਨੇ ਦਲਿਤਾਂ, ਪਛੜੇ ਵਰਗਾਂ ਅਤੇ ਗਰੀਬ ਵਰਗ ਦੇ ਮਾਣ ਸਨਮਾਨ ਲਈ ਸੰਘਰਸ਼ ਕੀਤਾ। ਸਮਾਜਿਕ ਬਰਾਬਰੀ ਲਈ ਸੰਘਰਸ਼ ਕਰਨ ਵਾਲੇ ਮਹਾਂਪੁਰਸ਼ਾਂ ਜਿਵੇਂ ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ, ਮਹਾਤਮਾ ਜੋਤਿਬਾ ਫੂਲੇ, ਛਤਰਪਤੀ ਸਾਹੂ ਜੀ ਮਹਾਰਾਜ, ਸੰਵਿਧਾਨ ਨਿਰਮਾਤਾ ਡਾ. ਬੀ.ਆਰ.ਅੰਬੇਡਕਰ ਅਤੇ ਬਸਪਾ ਸੰਸਥਾਪਕ ਸਾਹਿਬ ਸ੍ਰੀ ਕਾਂਸੀ ਰਾਮ ਆਦਿ ਦੀ ਸੋਚ ਅਤੇ ਸਿਧਾਂਤ ਤੇ ਪਹਿਰਾ ਦੇਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਬਸਪਾ ਹੋਰਨਾਂ ਸਿਆਸੀ ਪਾਰਟੀਆਂ ਤੋਂ ਵੱਖ ਕਿਉਂ ਹੈ ਅਤੇ ਵੋਟ ਸਿਰਫ਼ ਬਸਪਾ ਨੂੰ ਹੀ ਕਿਉਂ ਪਾਈ ਜਾਵੇ, ਇਸ ਬਾਰੇ ਵਿਸਥਾਰ ਨਾਲ ਦੱਸਿਆ ਜਾ ਰਿਹਾ ਹੈ।

ਬਸਪਾ ਦੇ ਮੀਡੀਆ ਸਲਾਹਕਾਰ ਕੁਲਵੰਤ ਸਿੰਘ ਟਿੱਬਾ ਦੱਸਦੇ ਹਨ ਕਿ ਗਰੀਬ ਲੋਕ ਦਿਨ ਸਮੇਂ ਕੰਮਾਂ ਕਾਰਾ ਵਿੱਚ ਰੁੱਝੇ ਹੋਣ ਕਰਕੇ ਰਾਤ ਸਮੇਂ ਬਸਪਾ ਵੱਲੋਂ ਆਯੋਜਿਤ ਕੀਤੇ ਜਾ ਰਹੇ ਕੇਡਰ ਕੈਂਪਾਂ ਵਿੱਚ ਆਪਣੇ ਮਹਾਂਪੁਰਸ਼ਾਂ ਦਾ ਇਤਿਹਾਸ ਜਾਣਨ ਲਈ ਵੱਡੀ ਗਿਣਤੀ ਵਿੱਚ ਪੁੱਜ ਰਹੇ ਹਨ। ਬਸਪਾ ਉਮੀਦਵਾਰ ਡਾ. ਮੱਖਣ ਸਿੰਘ ਸ਼ੇਰਪੁਰ ਵੱਲੋਂ ਹਲਕੇ ਅੰਦਰ ਕੀਤੀ ਜਾ ਰਹੀ ਸਖ਼ਤ ਮਿਹਨਤ ਸਦਕਾ ਮਹਿਲ ਕਲਾਂ ਵਿੱਚ ਚਹੁੰਕੋਣਾ ਮੁਕਾਬਲਾ ਦੇਖਣ ਨੂੰ ਮਿਲੇਗਾ।

ਦੇਸ਼ ਦੁਆਬਾ

# ਰਾਜਨੀਤੀ ਨਹੀਂ ਰਾਜਨੀਤੀ ਦਾ ਕਬਾੜਾ

ਪੰਜਾਬ ਵਿਚ ਚੋਣਾਂ ਦਾ ਮਾਹੌਲ ਹੋਣ ਕਾਰਨ ਇਸ ਵਾਰ ਦਲਬਦਲੀਆਂ ਦਾ ਰੁਝਾਨ ਬਹੁਤ ਤੇਜ਼ੀ ਨਾਲ ਵੱਧ ਗਿਆ ਹੈ। ਦਲ ਬਦਲੀ ਦਾ ਇਹ ਘਿਨੌਣਾ ਰੂਪ ਕੋਈ ਸਿਧਾਂਤਕ ਨਹੀਂ ਬਲਕਿ ਮੌਕਾਪ੍ਰਸਤੀ ਦੀ ਦੇਣ ਹੈ। ਕਈਆਂ ਨੇ ਤਾਂ ਹੱਦ ਹੀ ਕਰ ਦਿੱਤੀ ਜਦੋਂ ਇਕੋ ਸੀਜਨ ਵਿਚ ਦੂਹਰੀ ਤੀਹਰੀ ਦਲ ਬਦਲੀ ਕਰ ਲਈ ਹੈ, ਜਿਵੇਂ ਸਾਡੇ ਖ਼ੂਬਸੂਰਤ ਗਾਇਕ ਅਤੇ ਰਾਜ ਗਾਇਕ ਦੀ ਪਦਵੀ ਦੇ ਮਾਲਕ ਹੰਸ ਰਾਜ ਹੰਸ ਨੇ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਟਿਕਟ ਦਿੱਤੀ ਅਤੇ ਚੋਣ ਲੜਾਈ। ਜਦੋਂ ਹੰਸ ਚੋਣ ਹਾਰ ਗਿਆ ਤਾਂ ਕਾਂਗਰਸ ਵਿਚ ਚਲਾ ਗਿਆ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਸਭਾ ਵਿਚ ਪਹੁੰਚਾਉਣ ਦਾ ਵਾਅਦਾ ਕੀਤਾ ਸੀ। ਜਦੋਂ ਉਥੇ ਵੀ ਦਾਲ ਨਾ ਗ਼ਲੀ ਤਾਂ ਹੰਸ ਸਾਹਿਬ ਹੁਣ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਿਆ ਹੈ। ਇਸ ਤਰ੍ਹਾਂ ਨਵਜੋਤ ਸਿੰਘ ਸਿੱਧੂ ਦੀ ਉਦਹਾਰਣ ਲਈ ਜਾ ਸਕਦੀ ਹੈ। ਰਾਜ ਸਭਾ ਤੋਂ ਅਸਤੀਫਾ ਦੇ ਕੇ ਅਤੇ ਭਾਰਤੀ ਜਨਤਾ ਪਾਰਟੀ ਛੱਡ ਕੇ ਸਿੱਧੂ ਨੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਲਈ ਗੱਲਬਾਤ ਕੀਤੀ। ਜਦੋਂ ਲੈਣ-ਦੇਣ ਦੀ ਗੱਲ ਸਿਰੇ ਨਾ ਚੜ੍ਹੀ ਤਾਂ ਪ੍ਰਗਟ ਸਿੰਘ ਅਤੇ ਬੈਂਸ ਭਰਾਵਾਂ ਨਾਲ ਮਿਲ ਕੇ ਆਵਾਜ਼-ਏ-ਪੰਜਾਬ ਬਣਾ ਲਈ। ਜਦੋਂ ਬੈਂਸ ਭਰਾਵਾਂ ਨੇ ਕੇਜਰੀਵਾਲ ਨਾਲ ਹੱਥ ਮਿਲਾ ਕੇ ਪੰਜ ਟਿਕਟਾਂ ਦਾ ਸਮਝੌਤਾ ਕਰ ਲਿਆ ਤਾਂ ਨਵਜੋਤ ਸਿੰਘ ਸਿੱਧੂ ਅਤੇ ਪ੍ਰਗਟ ਸਿੰਘ ਨੇ ਕਾਂਗਰਸ ਦਾ ਹੱਥ ਫੜ ਲਿਆ। ਸੰਗਰੂਰ ਤੋਂ ਸਾਬਕਾ ਐਮ. ਐਲ. ਏ. ਸੁਰਿੰਦਰਪਾਲ ਸਿੰਘ ਸਿਬੀਆ ਨੂੰ ਜਦੋਂ ਕਾਂਗਰਸ ਨੇ ਉਮੀਦਵਾਰ ਨਹੀਂ ਬਣਾਇਆ ਤਾਂ ਉਹ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਬਰਨਾਲਾ ਤੋਂ ਉਮੀਦਵਾਰ ਬਣ ਗਿਆ। ਦੋ ਵਾਰ ਮੰਤਰੀ ਰਹੇ ਅਤੇ ਛੇ ਵਾਰ ਵਿਧਾਇਕ ਰਹੇ ਸਵਰਨ ਸਿੰਘ ਫਿਲੌਰ ਨੂੰ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਟਿਕਟ ਨਹੀਂ ਦਿੱਤਾ ਤਾਂ ਉਹ ਕਾਂਗਰਸ ਵਿਚ ਸ਼ਾਮਲ ਹੋ ਕੇ ਟਿਕਟ ਲਈ ਤਰਲੋਮੱਛੀ ਹੋ ਰਹੇ ਹਨ। ਇਸ ਤਰ੍ਹਾਂ ਸਾਬਕਾ ਅਕਾਲੀ ਵਿਧਾਇਕ ਜਗਤਾਰ ਸਿੰਘ ਰਾਜਲਾ ਨੂੰ ਜਦੋਂ ਸਮਾਣਾ ਤੋਂ ਟਿਕਟ ਨਹੀਂ ਮਿਲੀ ਤਾਂ ਉਹ ਕਾਂਗਰਸ ਵਿਚ ਸ਼ਾਮਲ ਹੋ ਗਿਆ। ਹੁਣ ਆਮ ਆਦਮੀ ਪਾਰਟੀ ਦਾ ਸਮਾਣਾ ਤੋਂ ਉਮੀਦਵਾਰ ਹੈ। ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਲੀਡਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 16 ਸਾਲ ਤੱਕ ਪ੍ਰਧਾਨ ਰਹੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਬੇਟੀ ਬੀਬੀ ਕੁਲਦੀਪ ਕੌਰ ਟੌਹੜਾ ਵੀ ਸਨੌਰ ਤੋਂ 'ਆਪ' ਦੀ ਉਮੀਦਵਾਰ ਬਣ ਕੇ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਦੇ ਖਿਲਫਾ ਲੜੇਗੀ। ਇਸੇ ਤਰ੍ਹਾਂ ਦੀ ਇਕ ਹੋਰ ਉਦਹਾਰਣ ਡੇਰਾਬੱਸੀ ਤੋਂ ਬੀਬੀ ਸਰਜੀਤ ਕੌਰ ਦੀ ਹੈ ਜੋ ਸਵਰਗੀ ਅਕਾਲੀ ਨੇਤਾ ਕੈਪਟਨ ਕੰਵਲੀਜੀਤ ਸਿੰਘ ਦੀ ਪਤਨੀ ਹੈ ਅਤੇ ਆਮ ਆਦਮੀ ਪਾਰਟੀ ਦੀ ਉਮੀਦਵਾਰ ਹੈ। ਘਨੌਰ ਤੋਂ ਅਨੂ ਰੰਧਾਵਾ ਅਤੇ ਸੁਨਾਮ ਤੋਂ ਅਮਨ ਅਰੋੜਾ ਦਾ ਪਿਛੋਕੜ ਕਾਂਗਰਸ ਪਾਰਟੀ ਨਾਲ ਸਬੰਧਤ ਹੈ ਪਰ ਉਹ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜਨ ਜਾ ਰਹੇ ਹਨ। ਅਜਿਹੇ ਲੋਕਾਂ ਦੁਆਰਾ ਜਿਸ ਪਾਰਟੀ ਨੂੰ ਸਵੇਰੇ ਤੋਂ ਸ਼ਾਮ ਤੱਕ ਗਾਲਾਂ ਕੱਢੀਆਂ ਹੁੰਦੀਆਂ ਹਨ, ਉਸੇ ਪਾਰਟੀ ਵਿਚ ਸ਼ਮੂਲੀਅਤ ਕਰਕੇ ਟਿਕਟ ਲਈ ਯਤਨ ਕਰਨੇ ਸ਼ੁਰੂ ਹੋ ਜਾਂਦੇ ਹਨ। ਸਿਧਾਂਤਾਂ, ਇਖਲਾਕਾਂ ਨੂੰ ਦੂਰ ਰੱਖ ਕੇ ਪੰਜਾਬ ਦੀਆਂ ਸਾਰੀਆਂ ਪ੍ਰਮੁੱਖ ਪਾਰਟੀਆਂ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਐਲਾਨੀਆ ਤੌਰ 'ਤੇ ਇਹ ਕਹਿੰਦੀਆਂ ਹਨ ਕਿ ਟਿਕਟ ਤਾਂ ਉਸ ਵਰਕਰ ਨੂੰ ਦਿੱਤਾ ਜਾਊ ਜਿਸਦੇ ਜਿੱਤਣ ਦੀ ਉਮੀਦ ਹੋਵੇਗਾ। ਅਜਿਹੀ ਜਿੱਤ ਦਾ ਆਧਾਰ ਪੈਸਾ ਵੀ ਹੋ ਸਕਦਾ ਹੈ, ਫਿਰਕਾਪ੍ਰਸਤੀ ਜਾਂ ਕਬੀਲੇਦਾਰੀ ਵੀ ਹੋ ਸਕਦੀ ਹੈ। ਕਿਤੇ ਦਲਿਤ ਪੱਤਾ ਚਲਾਇਆ ਜਾਂਦਾ ਹੈ ਅਤੇ ਕਿਤੇ ਧਰਮ ਦੇ ਨਾਮ ਤੇ ਜਿੱਤ ਦੀ ਉਮੀਦ ਰੱਖੀ ਜਾਂਦੀ ਹੈ। ਆਖਿਰ ਇਹਨਾਂ ਦਲਬਦਲੂ ਲੋਕਾਂ ਉਤੇ ਪੰਜਾਬ ਦੇ ਲੋਕ ਕਿਵੇਂ ਵਿਸ਼ਵਾਸ ਕਰਨ। ਇਹਨਾਂ ਕੋਲ ਪੰਜਾਬ ਦੇ ਭਲੇ ਲਈ ਕੀ ਏਜੰਡਾ ਹੈ। ਸਿਆਸਤ ਸੱਤਾ ਜਾਂ ਕੁਰਸੀਆਂ ਹਾਸਲ ਕਰਨ ਦਾ ਟੀਚਾ ਹੁੰਦੀ ਹੈ ਪਰ ਸਭ ਕੁਝ ਨਹੀਂ। ਸੱਤਾ ਹਾਸਲ ਕਰਕੇ ਪੰਜਾਬ ਦਾ ਕੀ ਸਵਾਰੋਗੇ, ਅਜਿਹਾ ਕੁਝ ਅਜਿਹੇ ਲੀਡਰਾਂ ਕੋਲ ਨਜ਼ਰ ਨਹੀਂ ਆਉਂਦਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-15

## ਸ੍ਰਵਣ-ਸੁਣਨ-ਸਰੋਤਾ ਜਨਾਂ ਬਾਰੇ ਗੁਰਮਤਿ ਵਿਚਾਰ



ਅਵਤਾਰ ਸਿੰਘ ਮਿਸ਼ਨਰੀ
510-432-5827

ਸ੍ਰਵਣ ਸੰਸਕ੍ਰਿਤ ਅਤੇ ਸੁਣਨ ਪੰਜਾਬੀ ਦਾ ਸ਼ਬਦ ਹੈ। ਗੁਰਬਾਣੀ ਵਿੱਖੇ ਕੰਨਾਂ ਨੂੰ ਵੀ ਸ੍ਰਵਣ ਕਿਹਾ ਗਿਆ ਹੈ-ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥੩੭॥(੯੨੨) ਪੜ੍ਹਨ ਦੀ ਕਿਰਿਆ ਤੋਂ ਬਾਅਦ ਸੁਣਨ ਦੀ ਅਵੱਸਥਾ ਅਉਂਦੀ ਹੈ। ਪੁਰਾਨੇ ਜ਼ਮਾਨੇ ਵਿੱਚ ਪੜ੍ਹਨ ਵਾਲੇ ਪੜ੍ਹੇ ਲਿਖੇ ਘੱਟ ਅਤੇ ਸਰੋਤੇ ਜਿਆਦਾ ਹੁੰਦੇ ਸਨ। ਬਹੁਤੇ ਪੁਰਾਣੇ ਗ੍ਰੰਥ ਸੁਣ ਕੇ ਯਾਦ ਕਰੇ ਜਾਂਦੇ ਅਤੇ ਲਿਖੇ ਜਾਂਦੇ ਸਨ।

ਸੁਣਨਾ ਵੀ ਇੱਕ ਕਲਾ ਤੇ ਸਰੋਤਾ ਕਲਾ ਦੇ ਗੁਣ ਕੁਝ ਇਸ ਪ੍ਰਕਾਰ ਹਨ-੧. ਮਨ, ਬਚਨ, ਅਤੇ ਕਰਮ ਕਰਕੇ ਵਕਤਾ ਦਾ ਪ੍ਰਸੰਸਕ ਹੋਣਾ ੨. ਚੰਗਾ ਸੁਣਨ ਦਾ ਹੰਕਾਰ ਨਾ ਕਰਨਾ ੩. ਸੁਜਾਖੀ ਸ਼ਰਧਾ ਹੋਣੀ ੪. ਚਿੱਤ ਦੀ ਚਤੁਰਾਈ ਛੱਡ ਕੇ ਸੁਣਨਾ ੫. ਸੁਣੇ ਨੂੰ ਸਮਝਣ ਦੇ ਸਮਰੱਥ ਹੋਣਾ ੬. ਵਕਤੇ ਨੂੰ ਪ੍ਰਸੰਨ ਰੱਖਣਾ ੭. ਧਿਆਨ ਵਖਿਆਨ ਜਾਂ ਕਥਾ ਵਿੱਚ ਰੱਖਣਾ ੮. ਆਲਸ ਰਹਿਤ ਹੋਣਾ ੯. ਉਬਾਸੀਆਂ ਨਾ ਮਾਰਨਾ ੧੦. ਚੰਗਾ ਸੁਣਨਾ ੧੧.ਅੱਗੇ ਵੰਡਣਾ ੧੨. ਸਿਧਾਂਤ ਦੇ ਉਲਟ ਸੁਣਿਆਂ ਤਿਆਗ ਦੇਣਾ ੧੩. ਤਨ ਤੇ ਮਨ ਦੀ ਸਫਾਈ ਰੱਖਣੀ ੧੪. ਅਖੰਡ ਚਿੱਤ ਹੋਣਾ ਅਤੇ ਚੰਗੀ ਵਿਚਾਰ ਸੁਣ ਕੇ ਉਸ ਤੇ ਅਮਲ ਵੀ ਕਰਨਾ ੧੫. ਉਪਜੇ ਸ਼ੰਕੇ ਦ੍ਰਿੜਤਾ ਨਾਲ ਵਕਤੇ ਤੋਂ ਨਵਿਰਤ ਕਰਨੇ ਆਦਿਕ ਉੱਤਮ ਸਰੋਤੇ ਦੇ ਗੁਣ ਹਨ।

ਗੁਰਬਾਣੀ ਵਿਖੇ ਬਹੁਤ ਥਾਈਂ ਸੁਣਨ ਦੀ ਮਹਿਮਾਂ ਇਉਂ ਦਰਸਾਈ ਗਈ ਹੈ-ਸੁਣਿਐ ਸਤੁ ਸੰਤੋਖੁ ਗਿਆਨੁ॥...ਨਾਨਕ ਭਗਤਾ ਸਦਾ ਵਿਗਾਸ॥ ਸੁਣਿਐ ਦੂਖ ਪਾਪ ਕਾ ਨਾਸ॥(ਜਪੁਜੀ) ਸਤੁ ਸੰਸਕ੍ਰਿਤ ਦੇ ਧਾਤੂ ਅਸ ਤੋਂ ਹੈ ਜਿਸ ਦਾ ਅਰਥ ਹੈ ਹੱਥੋਂ ਛੱਡਣਾ ਭਾਵ ਦਾਨ ਕਰਨਾ। ਰੱਬੀ ਸੰਦੇਸ਼ ਸੁਣਨ ਕਰਕੇ (ਸਤੁ) ਸਹੀ ਦਾਨ ਕਰਨ ਦਾ ਸੁਭਾ (ਅਕਲੀ ਕੀਚੈ ਦਾਨੁ) (ਸੰਤੋਖ) ਸਬਰ ਲਾਲਚ ਰਹਿਤ ਬਿਰਤੀ ਅਤੇ ਨਿਰੰਕਾਰ ਤੇ ਸੰਸਾਰ ਨੂੰ ਸਮਝਣ ਦਾ (ਗਿਆਨ) ਪ੍ਰਾਪਤ ਹੁੰਦਾ, ਭਗਤ ਵਿਗਾਸੇ ਜਾਂਦੇ ਅਤੇ ਪ੍ਰਭੂ ਨੂੰ ਭੁੱਲਣ ਕਰਕੇ, ਵਿਆਪਦੇ ਮਾਨਸਕ ਦੁੱਖ ਤੇ ਪਾਪ ਨਾਸ ਹੋ ਜਾਂਦੇ ਹਨ। ਸੰਸਾਰ ਵਿੱਚ ਜਿਸ ਤੋਂ ਵੀ ਰੱਬੀ ਵਡਿਆਈ ਸੁਣੀਏਂ ਉਹ ਹੀ ਅਸਲ ਭਾਈ ਮਿਤਰ ਹੈ-ਹਰਿ ਜਸੁ ਸਣੀਐ ਜਿਸ ਤੇ ਸੋਈ ਭਾਈ ਮਿਤ੍ਰ॥੧॥(੨੧੮) ਮੋਨਧਾਰਨਾ ਗੁਰਮਤਿ ਨਹੀਂ ਇਸ ਲਈ ਹੇ ਨਾਨਕ! ਜਦ ਤੱਕ ਵੀ ਸਰੀਰ ਕਰਕੇ ਦੁਨੀਆਂ ਵਿੱਚ ਰਹੀਏ, ਕੁਝ ਭਲੇ ਪੁਰਖਾਂ ਤੋਂ ਚੰਗਾ ਸੁਣੀਏਂ ਤੇ ਕੁਝ ਸੁਣਾਈਏ-ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥(੬੬੧)

ਮਨ ਦੀ ਮੱਤ ਤਿਆਗ ਕੇ ਕੇਵਲ ਗੁਰ-ਉਪਦੇਸ਼ ਹੀ ਸੁਣਨਾ ਚਾਹੀਦਾ ਹੈ-ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸ॥੧॥(੯੧੪) ਮਨਘੜਤ ਸਾਖੀਆਂ ਤੇ ਚੁਟਕਲੀ ਗੱਪਾਂ ਨੂੰ ਛੱਡ ਕੇ, ਅਸਲੀ ਸਿਖਿਆ ਹੀ ਵਕਤਾ ਤੋਂ ਸੁਣਨੀ ਚਾਹੀਦੀ ਹੈ-ਨਾਨਕੁ ਆਖੈ ਰੇ ਮਨ ਸੁਣੀਐ ਸਿਖ ਸਹੀ॥(੯੫੩) ਜਦ ਤੋਂ ਮੈ ਹਰਿ ਜਸ ਸੁਣਨਾ ਸ਼ੁਰੂ ਕੀਤਾ ਮੇਰੀ ਦੁਸ਼ਟ-ਬਿਗਾਨੀ ਮਤਿ ਖਤਮ ਹੋ ਗਈ ਹੈ-ਅਬ ਮਤਿ ਬਿਨਸੀ ਦੁਸਟ ਬਿਗਾਨੀ॥ ਜਬ ਤੇ ਸੁਣਿਆ ਹਰਿ ਜਸੁ ਕਾਨੀ॥(੧੯੩)

ਸੋ ਸੁਣਨਾ ਵੀ ਜਿੰਦਗੀ ਦੀ ਇੱਕ ਕਲਾ ਹੈ। ਗੁਰਬਾਣੀ ਅਤੇ ਹੋਰ ਸਿਧਾਂਤਕ ਵਿਦਵਾਨਾਂ ਨੇ ਸੁਣਨ ਦੀ ਮਹਿਮਾਂ ਅਤੇ ਸਰੋਤੇ ਦੇ ਜੋ ਗੁਣ ਬਿਆਨ ਕੀਤੇ ਹਨ, ਉਨ੍ਹਾਂ ਨੂੰ ਜੀਵਨ ਵਿੱਚ ਧਾਰਨ ਕਰਕੇ, ਲਾਹਾ ਪ੍ਰਾਪਤ ਕੀਤਾ ਜਾ ਸਕਦਾ ਹੈ। ਸਾਨੂੰ ਅੰਨੀ ਸ਼ਰਧਾ ਨਾਲ, ਬਿਨਾ ਸਮਝੇ ਕੁਝ ਨਹੀਂ ਕਰਨਾ ਚਾਹੀਦਾ। ਜੇ ਅਸੀਂ ਆਪ ਦੂਜੇ ਨੂੰ ਕੁਝ ਸੁਣਾਉਂਦੇ ਹਾਂ ਤਾਂ ਫਿਰ ਉਸ ਨੂੰ ਸੁਣਨ ਦੀ ਵੀ ਹਿੰਮਤ ਹੋਣੀ ਚਾਹੀਦੀ ਹੈ। ਅਸਲ ਵਿੱਚ ਸੁਣਨ ਵਾਲਾ ਸਿਖਿਆਰਥੀ ਹੈ। ਸਰੋਤਾ ਸਿੱਖ, ਸਦਾ ਹੀ ਸਿੱਖਣ ਲਈ ਯਤਨਸ਼ੀਲ ਰਹਿੰਦਾ ਹੈ।

(ਚਲਦਾ)

# ਪਿੰਡਾਂ 'ਚੋਂ ਅਲੋਪ ਹੋ ਰਹੀਆਂ ਗੁੜ ਬਣਾਉਣ ਵਾਲੀਆਂ "ਘੁਲਾੜੀਆਂ"



ਤਸਵਿੰਦਰ ਸਿੰਘ ਬੜੈਚ
91-98763-22677

ਗੁੜ ਤੇ ਸ਼ੱਕਰ ਪੰਜਾਬੀਆਂ ਦੀ ਮਨ-ਭਾਉਂਦੀ ਖੁਰਾਕ ਦਾ ਹਿੱਸਾ ਰਹੇ ਹਨ। ਤਾਹੀਓਂ ਤਾਂ ਪੰਜਾਬੀ ਲੋਕ ਗੀਤਾਂ ਤੇ ਬੋਲੀਆ ਵਿੱਚ ਥਾਂ-ਥਾਂ ਇਸ ਦਿਲਕਸ਼ ਖੁਰਾਕ ਦਾ ਇਨ੍ਹਾਂ ਚੀਜ਼ਾਂ ਦੀ ਪੰਜਾਬੀ ਸੱਭਿਆਚਰ ਨਾਲ ਨੇੜਤਾ ਦੀ ਗਵਾਹੀ ਭਰਦਾ ਹੈ। ਪੰਜਾਬੀ ਲੋਕ ਗੀਤਾਂ ਅਤੇ ਬੋਲੀਆਂ 'ਚ, 'ਗੁੜ ਖਾਂਦੀ ਤੇ ਗੰਨੇ ਚੂਪਦੀ, ਆਈ ਆਈ ਜਵਾਨੀ ਸ਼ੂਕਦੀ, 'ਸੱਸੇ ਤੇਰੀ ਮੱਝ ਮਰ ਜਾਵੇ, ਮੇਰੇ ਵੀਰ ਨੂੰ ਸੁੱਕੀ ਖੰਡ ਪਾਈ' ਆਦਿ ਵੇਰਵੇ ਪੰਜਾਬੀਆਂ ਦੀ ਗੁੜ ਅਤੇ ਸ਼ੱਕਰ ਨਾਲ ਸਦੀਵੀਂ ਸਾਂਝ ਦੀ ਗਵਾਹੀ ਭਰਦੇ ਹਨ।

ਇੱਕ ਸਮਾਂ ਸੀ ਜਦ ਹਰ ਕੰਮ ਗੁੜ ਜਾਂ ਸ਼ੱਕਰ ਵੰਡ ਕੇ ਸ਼ੁਰੂ ਕੀਤਾ ਜਾਂਦਾ ਸੀ। ਘਰ ਦੀ ਨੀਂਹ ਰੱਖਣ ਤੇ ਛੱਤ ਪਾਉਣ ਸਮੇਂਗੁੜ ਵੰਡਿਆ ਜਾਂਦਾ ਸੀ। ਕਣਕ ਦੀ ਵਾਢੀ ਦੇ ਦਿਨਾਂ 'ਚ ਮਿੱਟੀ-ਘੱਟੇ ਦੇ ਮਾੜੇ ਹੋਇਆ ਧਰਤੀ ਵਿੱਚ ਡੂੰਘੇ ਰੱਖੇ ਪੀਪੇ ਵਿੱਚ ਪੈਂਦਾ ਹੈ। ਇਸ ਪੀਪੇ ਨੂੰ ਵਹਾ ਕਿਹਾ ਜਾਂਦਾ ਹੈ। ਘੁਲਾੜੀ ਦੀ ਪੈੜ ਦੇ ਨਾਲ ਹੀ ਵਹਿਣੀ ਬਣਾਈ ਹੁੰਦੀ ਹੈ। ਵਹਿਣੀ ਇੱਕ ਬਹੁਤ ਵੱਡੇ ਆਕਾਰ ਦਾ ਚੁੱਲ੍ਹਾ ਹੁੰਦਾ ਹੈ। ਜਿਸ ਉੱਪਰ ਗੁੜ ਬਣਾਉਣ ਲਈ ਕੜਾਹਾ ਰੱਖਿਆ ਹੁੰਦਾ ਹੈ। ਗੁੜ ਬਣਾਉਣ ਲਈ ਆਮ ਤੌਰ 'ਤੇ 8 ਪੀਪਿਆਂ ਤੋਂ ਲੈ ਕੇ 12 ਪੀਪਿਆਂ ਦਾ ਰਸ ਕੜਾਹੇ ਵਿੱਚ ਪਾਇਆ ਜਾਂਦਾ ਹੈ। ਕੜਾਹੇ ਉੱਪਰ ਇੱਕ ਟੋਕਰੀ ਰੱਖੀ ਹੁੰਦੀ ਹੈ। ਜਿਸ ਵਿੱਚ ਮਲਮਲ ਦਾ ਕੱਪੜਾ ਰੱਖਿਆ ਹੁੰਦਾ ਹੈ। ਕੜਾਹੇ ਵਿੱਚ ਰਸ ਪਾਉਣ ਸਮੇਂ ਰਸ ਵਿੱਚ ਜੋ ਨਿੱਕ-ਸੁੱਕ ਹੁੰਦਾ ਹੈ, ਉਹ ਟੋਕਰੀ ਵਿੱਚ ਰਹਿ ਜਾਦਾ ਹੈ। ਰਸ ਪਕਾਉਣ ਤੇ ਗੁੜ ਬਣਾਉਣ ਲਈ ਗੰਨਿਆਂ ਦੀ ਸੁੱਕੀ ਪੱਤੀ, ਸਲਵਾੜ ਦੀ ਅੱਗ ਦੇ ਸੇਕ ਦੀ ਵਰਤੋਂ ਕੀਤੀ ਜਾਂਦੀ ਹੈ। ਗੰਨੇ ਦੇ ਹਨ। ਚੰਡ ਕੇ ਗੁੜ ਦੀਆਂ ਭੇਲੀਆਂ ਜਾਂ ਪੇਸੀਆਂ ਜਾਂ ਸ਼ੱਕਰ ਬਣਾਈ ਜਾਂਦੀ ਹੈ। ਪੰਜ ਕੁ ਕਿੱਲੋ ਗੁੜ ਨੂੰ ਇੱਕ ਥਾਂ 'ਕੱਠਾ ਕਰਕੇ ਜਮਾਉਣ ਨੂੰ ਭੇਲੀ ਕਹਿੰਦੇ ਹਨ। ਭੇਲੀਆਂ, ਪੇਸੀਆਂ ਤੇ ਸ਼ੱਕਰ ਨੂੰ ਮੋਟੇ ਕੱਪੜੇ 'ਤੇ ਪਾਇਆ ਜਾਂਦਾ ਹੈ। ਜਦ ਇਹ ਸੁੱਕ ਕੇ ਠੰਡੀਆਂ ਹੋ ਜਾਂਦੀਆਂ





ਪ੍ਰਭਾਵ ਤੋਂ ਬਚਣ ਲਈ ਕਾਮੇ ਤੇ ਕਿਸਾਨ ਗੁੜ-ਸ਼ੱਕਰ ਦੀ ਸਭ ਤੋਂ ਜ਼ਿਆਦਾ ਵਰਤੋਂ ਕਰਦੇ ਸਨ। ਰਿਸ਼ਤੇ ਵੀ ਗੁੜ, ਸ਼ੱਕਰ ਦੀ ਰੋੜੀ ਨਾਲ ਮੂੰਹ ਮਿੱਠਾ ਕਰਾ ਕੇ ਕੀਤੇ ਜਾਂਦੇ ਸਨ। ਨਵੀਂ ਨੌਕਰੀ ਮਿਲਣ, ਮੁੰਡੇ ਦੇ ਜਨਮ 'ਤੇ ਮੁਕੱਦਮਾ ਜਿੱਤਣ, ਜੁਆਕਾਂ ਦੇ ਪਾਸ ਹੋਣ ਮੌਕੇ ਗੁੜ ਦੀ ਭੇਲੀ ਤੋੜ ਕੇ ਮੂੰਹ ਮਿੱਠਾ ਕਰਵਾਇਆ ਜਾਂਦਾ ਸੀ। ਲੋਹੜੀ ਵੀ ਗੁੜ ਨਾਲ ਵੰਡੀ ਜਾਂਦੀ ਸੀ।

ਪਹਿਲਾਂ ਹਰ ਪਰਿਵਾਰ ਗੰਨਾਂ ਬੀਜਦਾ ਸੀ। ਹਾੜ੍ਹੀ ਦੀ ਬਿਜਾਈ ਤੋਂ ਪਿੱਛੋਂ ਗੰਨਾਂ ਪੀੜਿਆ ਜਾਂਦਾ ਹੇ, ਹਰ ਪਿੰਡ ਵਿੱਚ ਕਈ-ਕਈ ਘੁਲਾੜੀਆ ਲੱਗੀਆਂ ਹੁੰਦੀਆਂ ਸਨ। ਪਹਿਲਾਂ ਘੁਲਾੜੀਆਂ ਬਲਦਾਂ ਜਾਂ ਊਠ ਨਾਲ ਚਲਾਈਆਂ ਜਾਂਦੀਆਂ ਸਨ। ਫਿਰ ਇੰਜਣ ਨਾਲ ਚੱਲਣ ਵਾਲੀਆਂ ਘੁਲਾੜੀਆਂ ਆ ਗਈਆਂ। ਗੁੜ ਤਿਆਰ ਕਰਨ ਲਈ ਪਹਿਲਾਂ ਕਮਾਦ ਨੂੰ ਖੇਤ 'ਚੋਂ ਵੱਢ ਕੇ ਫਿਰ ਛਿੱਲ ਕੇ ਘੁਲਾੜੀ ਦੇ ਮੂਹ ਕੋਲ ਲਿਆਕੇ ਰੱਖਿਆ ਜਾਂਦਾ ਹੈ। ਫਿਰ ਗੰਨੇ ਲਾਉਣ ਵਾਲਾ ਘੁਲਾੜੀ ਦੇ ਮੂਹ ਵਿੱਚ ਗੰਨੇ ਲਾਉਂਦਾ ਹੈ। ਰਸ ਨਿੱਕਲ ਕੇ ਪਾਰੀ ਵਿੱਚ ਦੀ ਹੁੰਦਾ ਰਸ ਨੂੰ ਸਾਫ ਕਰਨ ਲਈ ਥੋੜ੍ਹਾ ਜਿਹਾ ਮਿੱਠਾ ਸੋਢਾ ਕੜਾਹੇ ਵਿੱਚ ਗਰਮ ਹੋ ਰਹੇ ਰਸ ਵਿੱਚ ਪਾ ਦਿੱਤਾ ਜਾਂਦਾ ਹੈ। ਇਸ ਨਾਲ ਰਸ ਵਿੱਚ ਜੋ ਮੈਲ ਹੁੰਦੀ ਹੈ ਉਹ ਉੱਪਰ ਆ ਜਾਂਦੀ ਹੈ। ਜਿਸ ਨੂੰ ਲੱਕੜ ਦੇ ਹੱਥੇ ਵਿੱਚ ਲੱਗੀ ਛਾਲਣੀ ਨਾਲ ਰਸ ਵਿੱਚੋਂ ਬਾਹਰ ਕੱਢ ਲੈਂਦੇ ਹਨ। ਰਸ ਦੀ ਇਹ ਮੈਲ ਪਸ਼ੂਆਂ ਦੀ ਖੁਰਾਕ ਵਿੱਚ ਵਰਤ ਲੈਂਦੇ ਹਨ। ਰਸ ਨੂੰ ਲੱਕੜ ਦੇ ਮਕਸੂਦ ਨਾਲ ਹਲਾਉਂਦੇ ਰਹਿੰਦੇ ਹਨ। ਜਿਉਂ-ਜਿਉਂ ਰਸ ਪੱਕਦਾ ਹੈ ਰਸ ਵਿੱਚ ਬੁਲਬੁ-ਲੀਆਂ ਬਣਦੀਆਂ ਹਨ।

ਜਦ ਰਸ ਕੜ੍ਹ-ਕੜ੍ਹ ਕੇ ਗੁੜ ਬਣਦਾ ਹੈ ਤਾਂ ਦੂਰ ਦੂਰ ਤੱਕ ਇਸਦੀ ਖੁਸ਼ਬੂ ਫੈਲ ਜਾਦੀ ਹੈ। ਜਦ ਰਸ ਪੱਕ ਕੇ ਗੁੜ ਬਣਨ ਯੋਗ ਹੋ ਜਾਂਦਾ ਹੈ ਤਾਂ ਇਸ ਨੂੰ ਕੜਾਹੇ ਵਿੱਚੋਂ ਲੱਕੜ ਦੇ ਚੌਰਸ ਜਾਂ ਗੋਲ ਬਣੇ ਅਕਾਰ ਵਾਲੇ ਵੱਡੇ ਸਾਰੇ ਗੰਡ ਵਿੱਚ ਉਲਟ ਦਿੱਤਾ ਜਾਂਦਾ ਹੈ। ਜਦ ਉਹ ਥੋੜ੍ਹਾ ਠੰਡਾ ਹੋ ਜਾਂਦਾ ਹੈ ਤਾਂ ਇਸ ਨੂੰ ਲੋਹੇ ਦੇ ਵੱਡੇ-ਵੱਡੇ ਖੁਰਚਣਿਆਂ ਨਾਲ ਉਲਟਾਅ ਪਲਟਾਅ ਕੇ ਚੰਡਿਆ ਜਾਂਦਾ ਹੈ। ਇੰਨ੍ਹਾਂ ਖੁਰਚਣਿਆਂ ਨੂੰ ਚੰਡਣੀਆਂ ਕਹਿੰਦੇ ਹਨ ਤਾਂ ਇਨ੍ਹਾਂ ਨੂੰ ਘਰਾਂ ਨੂੰ ਲੈ ਜਾਂਦੇ ਹਨ। ਪਹਿਲਾਂ ਗੁੜ ਨੂੰ ਘਰ ਵਿੱਚ ਬਣੀਆਂ ਕੱਚੀਆਂ ਕੋਠੀਆਂ ਵਿੱਚ ਰੱਖਿਆ ਜਾਂਦਾ ਸੀ। ਸ਼ੱਕਰ ਨੂੰ ਭੜੋਲੀਆਂ ਅਤੇ ਘੜਿਆਂ ਵਿੱਚ ਰੱਖਿਆ ਜਾਂਦਾ ਸੀ। ਗੁੜ ਬਣਾਉਣਾ ਤਕੜੀ ਮੁਸ਼ੱਕਤ ਦਾ ਕੰਮ ਹੈ।

ਹੁਣ ਘੁਲਾੜੀਆਂ ਘੱਟ ਹੀ ਨਜ਼ਰ ਆਉਂਦੀਆਂ ਹਨ। ਸੜਕਾਂ ਦੇ ਆਲੇ-ਦੁਆਲੇ ਕੁਝ ਕੁ ਘੁਲਾੜੀਆਂ ਚਲਦੀਆਂ ਮਿਲਦੀਆਂ ਹਨ। ਇਨ੍ਹਾਂ ਨੂੰ ਪੰਜਾਬ ਦੇ ਗੁਆਂਢੀ ਸੂਬਿਆਂ 'ਚੋਂ ਪਰਵਾਸੀ ਮਜ਼ਦੂਰ ਕਿਰਾਇਆਂ ਦੇ ਲੈ ਕੇ ਚਲਾਉਂਦੇ ਹਨ। ਗੁੜ ਸ਼ੱਕਰ ਖਾਣ ਦਾ ਰਿਵਾਜ਼ ਵੀ ਘਟ ਗਿਆ ਹੈ। ਲੋਕ ਗੁੜ, ਸ਼ੱਕਰ ਦੀ ਵਰਤੋਂ ਕਰਨ ਦੀ ਬਜਾਏ ਮਿੱਲ ਦੀ ਬਣੀ ਚੀਨੀ ਦੀ ਵਰਤੋਂ ਨੂੰ ਤਰਜੀਹ ਦੇ ਰਹੇ ਹਨ। ਜਿੰਨੇ ਤਿੱਥ, ਤਿਉਹਾਰ ਪਹਿਲਾਂ ਗੁੜ, ਸ਼ੱਕਰ ਨਾਲ ਕੀਤੇ ਜਾਂਦੇ ਸਨ ਉਹ ਹੁਣ ਸ਼ਹਿਰ ਦੀਆਂ ਬਣੀਆਂ ਮਠਿਆਈਆਂ ਨਾਲ ਕੀਤੇ ਜਾਂਦੇ ਹਨ। ਹੁਣ ਅਸੀਂ ਗੁੜ, ਸ਼ੱਕਰ ਦੀ ਇੱਕ ਨਿਰੋਈ ਤੇ ਸ਼ੁੱਧ ਖੁਰਾਕ ਤੋਂ ਦਿਨ ਬ ਦਿਨ ਦੂਰ ਹੋ ਰਹੇ ਹਾਂ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਮੀਟਿੰਗ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੀ ਮੀਟਿੰਗ ਸਭਾ ਦੇ ਮੀਤ ਪ੍ਰਧਾਨ ਸ਼ਾਇਰ ਸੁਰਿੰਦਰ ਕੰਗਵੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਨਾਟਕਕਾਰ ਡਾ. ਸਵਰਾਜਵੀਰ ਨੂੰ ਸਾਹਿਤ ਅਕਾਦਮੀ ਸਨਮਾਨ ਮਿਲਣ ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਵਧਾਈਆਂ ਦਿੱਤੀਆਂ ਗਈਆਂ। ਡਾ. ਕਰਮਜੀਤ ਸਿੰਘ ਅਤੇ ਸ਼ਾਇਰ ਮਦਨਵੀਰਾ ਨੇ ਡਾ. ਸਵਰਾਜਵੀਰ ਦੇ ਨਾਟਕਾਂ ਦੀ ਚਰਚਾ ਕਰਦਿਆਂ ਕਿਹਾ ਕਿ ਉਸਨੇ ਪੰਜਾਬੀ ਨਾਟਕ ਨੂੰ ਕਿਸਾਨੀ ਅਤੇ ਸ਼ਹਿਰੀ ਮੱਧਵਰਗੀ ਪ੍ਰਸਥਿਤੀਆਂ ਚੋਂ ਕੱਢ ਕੇ ਇਸਦੇ ਘੇਰੇ ਨੂੰ ਵਿਸ਼ਾਲ ਬਣਾ ਕੇ ਬੁਲੰਦੀ ਤੇ ਪਹੁੰਚਾਇਆ। ਡਾ. ਸਵਰਾਜਵੀਰ ਦੇ ਇਸ ਸਨਮਾਨ ਨਾਲ ਸਮੁਚੇ ਪੰਜਾਬੀ ਨਾਟਕ ਦਾ ਮਾਣ ਵਧਿਆ ਹੈ। ਸਭਾ ਵਲੋਂ ਪਿਛਲੇ ਦਿਨੀ 'ਦਲਿਤ ਅਤੇ ਪ੍ਰਗਤੀਵਾਦੀ ਚਿੰਤਨ ਦੇ ਸਾਂਝੇ ਸੂਤਰ' ਵਿਸ਼ੇ ਤੇ ਕਰਵਾਏ ਰਾਸ਼ਟਰੀ ਸੈਮੀਨਾਰ ਦਾ ਰਿਵਿਊ ਕਰਦਿਆਂ ਮੈਂਬਰਾਂ ਨੇ ਭਵਿੱਖ ਵਿਚ ਇਸ ਤਰ੍ਹਾਂ ਦੇ ਹੋਰ ਸੈਮੀਨਾਰ ਕਰਾਉਣ ਤੇ ਸਹਿਮਤੀ ਪ੍ਰਗਟਾਈ। ਇਸ ਤੋਂ ਬਾਅਦ ਕਰਵਾਏ ਗਏ ਕਵੀ ਦਰਬਾਰ ਵਿਚ ਕਵੀਆਂ ਨੇ ਸੰਗੀਤਕ ਲੈਅ ਵਿਚ ਰਚਨਾਵਾਂ ਪੇਸ਼ ਕਰਕੇ ਸਮੁਚੇ ਮਾਹੌਲ ਨੂੰ ਰੰਗੀਨ ਬਣਾ ਦਿੱਤਾ। ਮੀਟਿੰਗ ਵਿਚ ਜ਼ਿਲ੍ਹਾ ਲਾਇਬ੍ਰੇਰੀ ਸੰਘਰਸ਼ ਕਮੇਟੀ ਵਲੋਂ ਨੌਜਵਾਨ ਆਗੂ ਆਯੂਸ਼ ਸ਼ਰਮਾ ਦੀ ਅਗਵਾਈ ਵਿਚ ਆਏ ਵਫ਼ਦ ਨੂੰ ਸਾਹਿਤ ਸਭਾ ਦੇ ਸਾਰੇ



ਮੈਂਬਰਾਂ ਨੇ ਸਹਿਯੋਗ ਦਿੰਦਿਆਂ ਕਿਹਾ ਕਿ ਜ਼ਿਲ੍ਹਾ ਲਾਇਬ੍ਰੇਰੀ ਦਾ ਬੰਦ ਹੋਣਾ ਸਾਰੇ ਸ਼ਹਿਰ ਵਾਸੀਆਂ ਲਈ ਨਮੋਸ਼ੀ ਵਾਲੀ ਗੱਲ ਹੈ। ਇਸ ਵਿਚ ਦਸ ਕਰੋੜ ਦੀਆਂ ਬਹੁਤ ਕੀਮਤੀ ਕਿਤਾਬਾਂ ਹਨ।ਹੁਣ ਸਿਰਫ ਇਕ ਸੇਵਾਦਾਰ ਹੀ ਇਸਦਾ ਰੱਖ-ਰਖਾਵ ਕਰਦਾ ਆ ਰਿਹਾ ਹੈ। ਫਰਵਰੀ ਵਿਚ ਉਸਦੀ ਸੇਵਾਮੁਕਤੀ ਤੋਂ ਬਾਅਦ ਲਾਇਬ੍ਰੇਰੀ ਨੂੰ ਜਿੰਦਰਾ ਵੱਜ ਜਾਵੇਗਾ। ਇਸ ਕਰਕੇ ਸਰਕਾਰ ਨੂੰ ਅਪੀਲ ਹੈ ਕਿ ਜਲਦੀ ਤੋਂ ਜਲਦੀ ਕੋਈ ਕਰਮਚਾਰੀ ਇੱਥੇ ਭੇਜ ਕੇ ਇਸ ਕਰੋੜਾਂ ਰੁਪਏ ਦੇ ਗਿਆਨ ਦੇ ਸਾਗਰ ਦੀ ਸੰਭਾਲ ਕੀਤੀ ਜਾਵੇ। ਨਵਾਂ ਜ਼ਮਾਨਾ ਅਖ਼ਬਾਰ ਦੇ ਸਹਿ ਸੰਪਾਦਕ ਬਲਵੀਰ ਪਰਵਾਨਾ ਦੇ ਪਿਤਾ ਜੀ ਅਤੇ ਸਾਹਿਤਕਾਰ ਧਰਮਪਾਲ ਸਾਹਿਲ ਦੇ ਪਿਤਾ ਜੀ ਦੇ ਅਚਨਚੇਤ ਅਕਾਲ ਚਲਾਣੇ ਤੇ ਸਭਾ ਵਲੋਂ ਸ਼ੋਕ ਮਤਾ ਪਾਸ ਕੀਤਾ ਗਿਆ। ਆਪਣੇ ਪ੍ਰਧਾਨਗੀ ਭਾਸ਼ਣ ਵਿਚ ਸੁਰਿੰਦਰ ਕੰਗਵੀ ਨੇ ਪੇਸ਼ ਰਚਨਾਵਾਂ ਤੇ ਭਾਵਪੂਰਤ ਟਿਪਣੀਆਂ ਕਰਦਿਆਂ ਹਾਜ਼ਰਿਨ ਦਾ ਧੰਨਵਾਦ ਕੀਤਾ।ਸਟੇਜ ਦੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਨਿਭਾਈ। ਇਸ ਮੌਕੇ ਕੁਲਤਾਰ ਸਿੰਘ ਕੁਲਤਾਰ, ਕਹਾਣੀਕਾਰਾ ਕੇ. ਤ੍ਰਿਪਤਾ ਸਿੰਘ, ਸੈਨੇਟਰ ਸੰਦੀਪ ਸਿੰਘ ਸੀਕਰੀ, ਡਾ. ਤੇਜ ਪਾਲ, ਡਾ. ਸਰਦੂਲ ਸਿੰਘ, ਰਵਿੰਦਰ ਸ਼ਰਮਾ, ਲਾਲੀ ਕਰਤਾਰਪੁਰੀ, ਸਿਕੰਦਰ ਸਿੰਘ, ਦਰਸ਼ਨ ਸਿੰਘ ਦਰਸ਼ੀ, ਮਿਉਜਕ ਲੈਕ. ਲਵਦੀਪ ਸਿੰਘ, ਮੋਹਿਤ ਸ਼ਰਮਾ, ਡਾ. ਰਵਿੰਦਰ ਕੌਰ, ਐਡਵੋਕੇਟ ਪੀ. ਐੱਸ. ਪਲਵ, ਐੱਡਵੋਕੇਟ ਰਣਜੀਤ ਸਿੰਘ, ਮਾਸਟਰ ਜਰਨੈਲ ਸਿੰਘ, ਪ੍ਰਿੰਸੀ. ਦਾਸ ਭਾਰਤੀ ਆਦਿ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ**
(91-98158-25999)

# ਜਸ ਫਿਜ਼ਾ ਦੇ ਨਾਵਲ 'ਯੁੱਗ ਵੇਦਨਾ' ਤੇ ਵਿਚਾਰ ਗੋਸ਼ਟੀ

ਪਟਿਆਲਾ- ਬੀਤੀ 18 ਦਸੰਬਰ ਨੂੰ ਅਮਰੀਕੀ ਪੰਜਾਬੀ ਲੇਖਕ ਜਸ ਫਿਜ਼ਾ ਦੇ ਐਮੋਜ਼ੋਨ ਵਲੋਂ ਨਵ-ਪ੍ਰਕਾਸ਼ਿਤ ਨਾਵਲ 'ਯੁੱਗ ਵੇਦਨਾ' ਤੇ ਵਿਸ਼ਵ ਪੰਜਾਬੀ ਸਾਹਿਤ ਵਿਕਾਸ ਮੰਚ, ਪਟਿਆਲਾ ਵਲੋਂ ਗੌਰਮਿੰਟ ਸਟੇਟ ਕਾਲਜ ਵਿਖੇ ਇਕ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਸਮਾਗਮ ਦੇ ਆਰੰਭ ਵਿਚ ਡਾ. ਮੋਹਨ ਤਿਆਗੀ ਨੇ ਜਸ ਫਿਜ਼ਾ ਦੀ ਸਖ਼ਸ਼ੀਅਤ ਅਤੇ ਉਹਨਾਂ ਦੇ ਸਾਹਿਤਕ ਜਗਤ ਬਾਰੇ ਜਾਣ ਪਛਾਣ ਕਰਵਾਈ। ਇਸ ਵਿਚਾਰ ਗੋਸ਼ਟੀ ਦੇ ਪ੍ਰਧਾਨਗੀ ਮੰਡਲ ਵਿਚ ਡਾ. ਭੀਮ ਇੰਦਰ ਸਿੰਘ, ਡਾ. ਐਸ. ਕੇ. ਕੌਸ਼ਿਕ (ਪਿੰਸੀਪਲ ਸਟੇਟ ਕਾਲਜ ਆਫ਼ ਅਜੂਕੇਸ਼ਨ), ਵਿਕਰਮ ਸਿੰਘ ਸ਼ੇਰਗਿੱਲ (ਪੀ.ਸੀ.ਐਸ) ਅਤੇ ਜਸ ਫਿਜ਼ਾ ਉਪਸਥਿਤ ਹੋਏ। ਇਸ ਨਾਵਲ ਤੇ ਡਾ. ਮੋਹਨ ਤਿਆਗੀ, ਅਤੇ ਡਾ. ਅਰਵਿੰਦਰ ਕੌਰ ਕਾਕੜਾ ਨੇ ਆਪਣੇ ਪੇਪਰ ਪ੍ਰਸਤੁਤ ਕੀਤੇ। ਇਨ੍ਹਾਂ ਪੇਪਰਾਂ ਵਿਚ ਜਸ ਫਿਜ਼ਾ ਦੇ ਨਾਵਲ ਦੇ ਵੱਖ-ਵੱਖ ਪਸਾਰਾਂ ਨੂੰ ਬੜੀ ਡੂੰਘੀ ਆਲੋਚਨਾਤਮਕ ਦ੍ਰਿਸ਼ਟੀ ਤੋਂ ਵੇਖਣ ਪਰਖਣ ਦਾ ਯਤਨ ਕੀਤਾ ਗਿਆ। ਇਸ ਨਾਵਲ ਤੇ ਡਾ. ਐਸ. ਕੇ. ਕੌਸ਼ਿਕ ਅਤੇ ਵਿਕਰਮ ਸਿੰਘ ਸ਼ੇਰਗਿੱਲ ਵਲੋਂ ਵੀ ਆਪਣੇ ਵਿਸਤਰਤ ਵਿਚਾਰ ਪੇਸ਼ ਕੀਤੇ ਗਏ। ਇਹਨਾਂ ਬੁਲਾਰਿਆਂ ਨੇ ਆਪਣੇ-ਆਪਣੇ ਭਾਸ਼ਣ ਵਿਚ ਅਜੋਕੇ ਮੀਡੀਆ ਅਤੇ ਤਕਨਾਲੌਜੀ ਦੇ ਤੇਜ਼ਧਾਰ ਦੌਰ ਵਿਚ ਸਾਹਿਤ ਦੀ ਸਮਾਜਿਕ ਭੂਮਿਕਾ ਤੇ ਜ਼ੋਰ ਦਿੰਦਿਆਂ ਆਖਿਆ ਕਿ ਅਜਿਹਾ ਪ੍ਰਤੀਬੱਧ ਸਾਹਿਤ ਮਾਨਵੀ ਸਰੋਕਾਰਾਂ ਅਤੇ ਸਮਾਜਿਕ ਸੰਗਠਨ ਵਿਚ ਵਿਸ਼ੇਸ਼ ਭੂਮਿਕਾ ਅਦਾ ਕਰਦਾ ਹੈ।ਇਸ ਉਪਰੰਤ ਡਾ. ਭੀਮ ਇੰਦਰ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਬੋਲਦਿਆਂ ਕਿਹਾ ਕਿ ਵਿਸ਼ਵੀਕਰਨ ਦੇ ਇਸ ਦੁਸ਼ਵਾਰੀਆਂ ਭਰੇ ਦੌਰ ਵਿਚ ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮਾਰਕਸਵਾਦੀ ਵਿਚਾਰਧਾਰਾ ਵਿਚ ਪਿਆ ਹੋਇਆ ਹੈ। ਇਹ ਦੁਨੀਆਂ ਦੀ ਇਕੋ ਇਕ ਵਿਗਿਆਨਕ ਵਿਚਾਰਧਾਰਾ ਹੈ ਜਿਸ ਨਾਲ ਬੰਦਾ ਆਪਣੇ ਆਲੇ-ਦੁਆਲੇ ਘਟ ਰਹੇ ਵਰਤਾਰਿਆਂ ਨੂੰ ਚੰਗੀ ਤਰ੍ਹਾਂ ਸਮਝ ਸਕਦਾ ਹੈ। ਉਨਾਂ ਨੇ ਜਸ ਫਿਜ਼ਾ ਦੇ ਇਸ ਨਾਵਲ ਨੂੰ ਮਾਰਕਸੀ ਵਿਚਾਰਧਾਰਾ ਤੋਂ ਪ੍ਰਭਾਵਿਤ ਨਾਵਲ ਦੱਸਿਆ। ਇਹੀ ਕਾਰਨ ਹੈ ਕਿ ਇਸ ਨਾਵਲ ਵਿਚ ਵਿਸ਼ਵ ਤਾਕਤਾਂ ਵਲੋਂ ਕੁਦਰਤ ਦੀ ਅੰਨ੍ਹੀ ਲੁੱਟ ਖਸੁੱਟ, ਤੇਲ ਦੀ ਰਾਜਨੀਤੀ ਅਤੇ ਵਿਸ਼ਵੀਕਰਨ ਦੇ ਨਾਂ ਤੇ ਗਰੀਬ ਮੁਲਕਾਂ ਦੀ ਤਬਾਹੀ ਦਾ ਮੁੱਦਾ ਉੱਚੀ ਸੁਰ ਵਿਚ ਉੱਭਰਦਾ ਨਜਰ ਆਉਂਦਾ ਹੈ। ਇਸ ਤੋਂ ਇਲਾਵਾ ਪ੍ਰੋ. ਪਰਮਜੀਤ ਕੌਰ, ਅਮਨਦੀਪ ਕੌਰ, ਗੁਰਦੀਪ ਸਿੰਘ ਤੇ ਮਨੋਹਰ ਲਾਲ ਨੇ ਵੀ ਇਸ ਨਾਵਲ ਬਾਰੇ ਆਪਣੇ ਮਹੱਤਵਪੂਰਨ ਵਿਚਾਰ ਪੇਸ਼ ਕੀਤੇ। ਇਸ ਮੌਕੇ ਤੇ ਵਿਸ਼ਵ ਪੰਜਾਬੀ ਸਾਹਿਤ ਵਿਕਾਸ ਮੰਚ ਵਲੋਂ ਸ੍ਰੀ ਜਸ ਫਿਜ਼ਾ ਦਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਮੰਚ ਸੰਚਾਲਨ ਦੀ ਜ਼ਿਮੇਵਾਰੀ ਮੰਚ ਦੇ ਪ੍ਰਧਾਨ ਡਾ. ਕੰਵਰ ਜਸਮਿੰਦਰਪਾਲ ਸਿੰਘ ਨੇ ਨਿਭਾਈ ਅਤੇ ਸਮਾਗਮ ਦੇ ਅੰਤ ਤੇ ਕਾਲਜ ਦੇ ਪ੍ਰਿੰਸੀਪਲ ਡਾ. ਐਸ ਕੇ ਕੌਸ਼ਿਕ ਨੇ ਸਮਾਗਮ ਵਿਚ ਸ਼ਾਮਿਲ ਵਿਦਵਾਨਾਂ, ਵਿਦਿਆਰਥੀਆਂ ਅਤੇ ਸਰੋਤਿਆਂ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ।






# ਪ੍ਰੋ. ਵਿਜੈ ਕਾਯਤ ਬਣੇ ਸੀ.ਡੀ.ਐਲ.ਯੂ. ਦੇ ਕੁਲਪਤੀ

**ਰੋਹਤਕ–** ਮਹਾਂਰਿਸ਼ੀ ਦਿਆਨੰਦ ਯੂਨੀਵਰਸਿਟੀ ਰੋਹਤਕ ਦੇ ਇਤਿਹਾਸ ਵਿਭਾਗ ਦੇ ਪ੍ਰੋਫੈਸਰ ਵਿਜੈ ਕਾਯਤ ਨੂੰ ਚੌਧਰੀ ਦੇਵੀਲਾਲ ਯੂਨੀਵਰਸਿਟੀ ਸਿਰਸਾ ਦੇ ਕੁਲਪਤੀ ਨਿਯੁਕਤ ਕਰਨ ਤੇ ਉਹਨਾਂ ਨੂੰ ਵੱਡੀ ਜ਼ਿੰ-ਮੇਵਾਰੀ ਮਿਲੀ ਹੈ। ਉਹਨਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਉਹਨਾਂ ਤੇ ਜੋ ਭਰੋਸਾ ਪ੍ਰਗਟ ਕੀਤਾ ਹੈ, ਉਹ ਉਸ 'ਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਨਗੇ। ਸ਼ੁੱਕਰਵਾਰ ਨੂੰ ਸਿਰਸਾ ਰਵਾਨਾ ਹੋਣ ਤੋਂ ਪਹਿਲਾਂ ਗੱਲਬਾਤ ਕਰਦਿਆਂ ਡਾ. ਕਾਯਤ ਨੇ ਕਿਹਾ ਕਿ ਯੂਨੀਵਰਸਿਟੀ ਵਿਚ ਸਿੱਖਿਆ ਦਾ ਸੁਧਾਰ ਕਰਨਾ ਹੀ ਉਹਨਾਂ ਦਾ ਟੀਚਾ ਹੈ। ਖੋਜ ਕੰਮਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ ਕਿਉਂਕਿ ਸਾਰੀ ਕਿਸਮ ਦੀ ਖੋਜ ਯੂਨੀਵਰਸਿਟੀ ਵਿਚ ਹੀ ਹੁੰਦੀ ਹੈ।

ਉਹਨਾਂ ਕਿਹਾ ਕਿ ਸਾਰਿਆਂ ਨੂੰ ਬਰਾਬਰ ਲੈ ਕੇ ਚੱਲਣਾ ਹੀ ਯੂਨੀਵਰਸਿਟੀ ਦੀ ਵਿਕਾਸ ਯੋਜਨਾਵਾਂ ਵਿਚ ਸ਼ਾਮਲ ਹੈ। ਬਦਲਦੇ ਹੋਏ ਆਰਥਿਕ ਮਾਹੌਲ ਵਿਚ ਰੋਜ਼ਗਾਰਮੁਖੀ ਕੋਰਸ ਵੀ ਆਰੰਭ ਕਰਾਂਗੇ। ਅੱਜ ਦੇ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਦਿੱਤੀ ਜਾਵੇਗੀ ਜੋ ਰੁਜ਼ਗਾਰ ਦਾ ਜ਼ਰੀਆ ਬਣੇ।

ਕਿਉਂਕਿ ਸੂਬੇ ਵਿਚ ਬੇਰੁਜ਼ਗਾਰੀ ਸਭ ਤੋਂ ਵੱਡੀ ਸਮੱਸਿਆ ਹੈ। ਕੇਂਦਰ ਦੀ ਮੋਦੀ ਅਤੇ ਸੂਬੇ ਦੀ ਖੱਟਰ ਸਰਕਾਰ ਦੀਆਂ ਸਿੱਖਿਆ ਨੀਤੀਆਂ ਨੂੰ ਯੂਨੀਵਰਸਿਟੀ ਵਿਚ ਲਾਗੂ ਕੀਤਾ ਜਾਵੇਗਾ।

ਯੂਨੀਵਰਸਿਟੀ ਦੇ ਸਾਬਕਾ ਕੁਲਪਤੀ ਪ੍ਰੋ. ਰਾਧੇਸ਼ਿਆਮ ਸ਼ਰਮਾ ਦਾ ਕਾਰਜਕਾਲ ਕਰੀਬ ਛੇ ਮਹੀਨੇ ਪਹਿਲਾਂ ਪੂਰਾ ਹੋ ਗਿਆ ਸੀ। ਉਦੋਂ ਤੋਂ ਯੂਨੀਵਰਸਿਟੀ ਵਿਚ ਕੁਲਪਤੀ ਦਾ ਅਹੁਦਾ ਖਾਲੀ ਪਿਆ ਸੀ।

# ਭਾਈ ਵੀਰ ਸਿੰਘ ਚੇਅਰ ਵਲੋਂ ਸਾਹਿਤਕਾਰ ਸ੍ਰੀ ਸੁਰਿੰਦਰ ਸੀਰਤ ਦਾ ਸਨਮਾਨ

**ਪਟਿਆਲਾ–** ਮਿਤੀ 21 ਦਸੰਬਰ 2016 ਨੂੰ ਪੰਜਾਬੀ ਯਨੀਵਰਸਿਟੀ ਪਟਿਆਲਾ ਦੀ ਭਾਈ ਵੀਰ ਸਿੰਘ ਚੇਅਰ ਵਲੋਂ ਅਮਰੀਕਾ ਤੋਂ ਆਏ ਉੱਘੇ ਗਜ਼ਲਗੋ ਸ੍ਰੀ ਸਰਿੰਦਰ ਸੀਰਤ ਦਾ ਰੂਬਰੂ ਅਤੇ ਸਨਮਾਨ ਸਮਾਰੋਹ ਕੀਤਾ ਗਿਆ।ਇਸ ਮੌਕੇ ਭਾਈ ਵੀਰ ਸਿੰਘ ਚੇਅਰ ਦੇ ਮੁੱਖੀ ਡਾ. ਗੁਰਨਾਇਬ ਸਿੰਘ, ਡਾ. ਮੋਹਨ ਤਿਆਗੀ, ਪ੍ਰੋ. ਪਰਮਜੀਤ ਕੌਰ, ਡਾ. ਵੀਰਪਾਲ ਕੌਰ ਸਿੱਧੂ ਅਤੇ ਵੱਡੀ ਗਿਣਤੀ ਵਿਚ ਖੋਜ ਵਿਦਿਆਰਥੀ ਹਾਜ਼ਰ ਸਨ। ਡਾ. ਗੁਰਨਾਇਬ ਸਿੰਘ ਨੇ ਇਸ ਸਮਾਗਮ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਭਾਵੇਂ ਸ੍ਰੀ ਸੁਰਿੰਦਰ ਸੀਰਤ ਲੰਮੇ ਸਮੇਂ ਤੋਂ ਅਮਰੀਕਾ ਵਿਖੇ ਨਿਵਾਸ ਕਰ ਰਹੇ ਹਨ



ਪਰ ਉਹ ਨਿਰੰਤਰ ਸਾਹਿਤ ਸਾਧਨਾ ਵਿਚ ਲੀਨ ਹਨ। ਉਹਨਾਂ ਨੇ ਪੰਜਾਬੀ ਨਾਵਲ, ਕਹਾਣੀ ਅਤੇ ਗ਼ਜ਼ਲ ਸਿਰਜਣਾ ਦੇ ਖੇਤਰ ਵਿਚ ਵਡੇਰਾ ਯੋਗਦਾਨ ਪਾ ਕੇ ਪੰਜਾਬੀ ਮਾਤਾ ਭਾਸ਼ਾ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਹਨ। ਸਨਮਾਨ ਦੀ ਇਸ ਰਸਮ ਮੌਕੇ ਸੁਰਿੰਦਰ ਸੀਰਤ ਨੇ ਵਿਦਿਆਰਥੀਆਂ ਨੂੰ ਆਪਣੀਆਂ ਚੋਣਵੀਆਂ ਗ਼ਜ਼ਲਾਂ ਸੁਣਾਉਣ ਦੇ ਨਾਲ-ਨਾਲ ਉਹਨਾਂ ਨੂੰ ਆਪਣੀਆਂ ਗ਼ਜ਼ਲਾਂ ਦੀ ਰਿਕਾਰਡ ਕੀਤੀ ਸੀ.ਡੀ. 'ਤਿਸ਼ਨਗੀ' ਵੀ ਭੇਂਟ ਕੀਤੀ। ਇਸ ਮੌਕੇ ਖੋਜ ਵਿਦਿਆਰਥੀਆਂ ਵਿਚ ਮਨੋਹਰ ਲਾਲ, ਅਮਨਦੀਪ ਕੌਰ, ਗੁਰਦੀਪ ਸਿੰਘ, ਮਨਪ੍ਰੀਤ ਕੌਰ, ਮਨਜੀਤ ਕੌਰ, ਹਰਪ੍ਰੀਤ ਕੌਰ ਹਰਫ, ਜਸਵੰਤ ਸਿੰਘ, ਹਰਮੇਸ਼ ਕੁਮਾਰ, ਅਜੇ ਕੁਮਾਰ ਅਤੇ ਗੁਰਵਿੰਦਰ ਸਿੰਘ ਨੇ ਸੁਰਿੰਦਰ ਸੀਰਤ ਨੂੰ ਉਹਨਾਂ ਦੀ ਸਿਰਜਣ ਪ੍ਰਕਿਰਿਆ ਬਾਰੇ ਕਈ ਮਹੱਤਵਪੂਰਨ ਸਵਾਲ ਵੀ ਪੁੱਛੇ। ਸ੍ਰੀ ਸੁਰਿੰਦਰ ਸੀਰਤ ਨੇ ਵਿਦਿਆਰਥੀਆਂ ਦੇ ਇਹਨਾਂ ਸਵਾਲਾਂ ਦੇ ਜਵਾਬ ਬੜੀ ਤਫਸੀਲ ਅਤੇ ਭਾਵਪੂਰਤ ਢੰਗ ਨਾਲ ਦਿੱਤੇ। ਸਮਾਗਮ ਦੇ ਅੰਤ ਤੇ ਭਾਈ ਵੀਰ ਸਿੰਘ ਚੇਅਰ ਦੇ ਮੁਖੀ ਡਾ. ਗੁਰਨਾਇਬ ਸਿੰਘ ਵੱਲੋਂ ਸ੍ਰੀ ਸੁਰਿੰਦਰ ਸੀਰਤ ਨੂੰ ਵਿਭਾਗ ਵੱਲੋਂ ਇਕ ਸਨਮਾਨ ਚਿੰਨ੍ਹ ਅਤੇ ਦੁਸ਼ਾਲਾ ਭੇਂਟ ਕੀਤਾ ਗਿਆ।

# ਕ੍ਰਿਸਮਸ ਵਾਲੇ ਦਿਨ ਮਹਿਲਾ ਮਿੱਤਰ ਵੱਲੋਂ ਜ਼ਖਮੀ 26 ਸਾਲਾ ਹਰਦੀਪ ਸਿੰਘ ਦਿਓਲ ਦੀ ਹੋਈ ਮੌਤ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਇਸ ਵਾਰ ਇਥੇ ਕ੍ਰਿਸਮਸ ਅਤੇ ਨਵੇਂ ਸਾਲ ਦੇ ਜਸ਼ਨਾਂ ਦੌਰਾਨ ਇਕ ਹਰਿਆਣਵੀ ਮੁੰਡੇ ਦੀ ਮੌਤ ਨਾਲ ਭਾਰਤੀ ਭਾਈਚਾਰੇ ਵਿਚ ਮਾਤਮ ਪਨਪ ਪਿਆ ਹੈ। 26 ਸਾਲਾ ਹਰਦੀਪ ਸਿੰਘ ਨਾਂਅ ਦਾ ਹਰਿਆਣਵੀ



ਮੁੰਡਾ ਕ੍ਰਾਈਸਟਚਰਚ ਸ਼ਹਿਰ ਦੇ ਕੈਸ਼ਮੀਰ ਖੇਤਰ 'ਚ ਰਹਿੰਦਾ ਸੀ। ਛਪੀਆਂ ਖਬਰਾਂ ਅਨੁਸਾਰ ਉਸਦੀ ਮਹਿਲਾ ਮਿੱਤਰ ਨੇ ਹੀ ਕਿਸੇ ਗੱਲੋਂ ਗੁੱਸੇ ਹੋ ਕੇ ਕ੍ਰਿਸਮਸ ਵਾਲੇ ਦਿਨ ਉਸ ਉਤੇ ਚਾਕੂ ਨਾਲ ਵਾਰ ਕਰ ਦਿੱਤਾ। ਇਕ 22 ਸਾਲਾ ਔਰਤ (ਫ੍ਰੈਚਹੇਸਕਾ ਕੋਰੋ-ਰੀਆ ਬੋਰੈਲ) ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਉਤੇ ਪਹਿਲਾਂ ਜ਼ਖਮੀ ਅਤੇ ਬੁਰੀ ਤਰ੍ਹਾਂ ਸਰੀਰਕ ਨੁਕਸਾਨ ਪਹੁੰਚਾਉਣ ਦੇ ਦੋਸ਼ ਸਨ, ਪਰ ਹੁਣ ਇਨ੍ਹਾਂ ਦੋਸ਼ਾਂ ਨੂੰ ਕਤਲ ਦੇ ਕੇਸ ਵਿਚ ਪੁਲਿਸ ਬਦਲ ਸਕਦੀ ਹੈ।

ਇਸ ਔਰਤ ਨੂੰ ਅੱਜ ਅਦਾਲਤ ਦੇ ਵਿਚ ਪੇਸ਼ ਕੀਤਾ ਗਿਆ ਸੀ, ਜਿਸ ਦੌਰਾਨ ਉਸਨੇ ਜ਼ਖਮੀ ਕਰਨ ਵਾਲਾ ਆਪਣਾ ਗੁਨਾਹ ਕਬੂਰ ਕਰ ਲਿਆ ਸੀ। ਹਰਦੀਪ ਸਿੰਘ ਦੋ ਕੁ ਸਾਲ ਪਹਿਲਾਂ ਇਥੇ ਪੜ੍ਹਨ ਆਇਆ ਸੀ ਅਤੇ ਇਸ ਵੇਲੇ ਜਾਬ ਸਰਚ ਵੀਜ਼ੇ ਉਤੇ ਦੱਸਿਆ ਜਾ ਰਿਹਾ ਹੈ। ਉਸਦਾ ਪਿੰਡ ਰਣੀਆ (ਸਿਰਸਾ) ਸੀ। ਕ੍ਰਾਈਸਟ-ਚਰਚ ਵਿਖੇ ਇਕ ਸਹਾਇਤਾ ਫੰਡ ਵੀ ਖੋਲ੍ਹਿਆ ਗਿਆ ਹੈ ਤਾਂ ਕਿ ਇਕੱਤਰ ਪੈਸਿਆਂ ਨਾਲ ਉਸਦਾ ਮ੍ਰਿਤਕ ਸਰੀਰ ਇੰਡੀਆ ਭੇਜਿਆ ਜਾ ਸਕੇ। ਉਸਦੇ ਭਰਾ ਨੂੰ ਪੁਲਿਸ ਨੇ ਸੂਚਿਤ ਕਰ ਦਿੱਤਾ ਹੈ।

ਕੀ ਤੁਸੀਂ ਘਰ ਜਾਂ ਵਪਾਰਕ ਸੰਪਤੀ ਖਰੀਦਣੀ ਜਾਂ ਵੇਚਣੀ ਚਾਹੁੰਦੇ ਹੋ। ਤਾਂ ਅੱਜ ਹੀ ਸਾਨੂੰ ਮਿਲੋ
ਅਸੀਂ ਤੁਹਾਡੇ ਸੁਪਨਿਆਂ ਨੂੰ ਸਾਕਾਰ ਕਰਨ ਵਿਚ ਸਹਾਈ ਹੋ ਸਕਦੇ ਹਾਂ।

JOHN SINGH BANGA
Realtor, Lic # 01397975
916-271-5404
banga.realtor@gmail.com
TEAM JD
ELITE REALTY SERVICES
DALVIR 'DIL' NIJJAR
Realtor, Lic # 01418648
916-628-2210
dil.realtor@gmail.com

Office: 916-681-5112
7412 Elsie Avenue, Sacramento CA 94828

# ਬਹੁਜਨ ਸਮਾਜ ਦੇ ਰਹਿਬਰਾਂ ਦੇ ਕੈਲੰਡਰ ਛਾਪਣ ਦੀ ਜ਼ਰੂਰਤ ਕਿਉਂ ਪਈ?



ਕੁਲਵੰਤ ਸਿੰਘ ਟਿੱਬਾ
91-92179-71379

ਕੋਈ ਵੀ ਕੌਮ ਉਦੋਂ ਹੀ ਲੰਬੇ ਸਮੇਂ ਤੱਕ ਇੱਜ਼ਤ-ਮਾਣ ਨਾ਼ਲ ਜਿਉਂਦੀ ਰਹਿ ਸਕਦੀ ਹੈ, ਜਦੋਂ ਤੱਕ ਉਸ ਦੇ ਲੋਕਾਂ ਵਿੱਚ ਆਪਣੇ ਭਰਾਵਾਂ ਲਈ ਦਰਦ ਹੋਵੇ ਅਤੇ ਨੌਜਵਾਨ ਆਪਣੇ ਲੋਕਾਂ ਲਈ ਕੁੱਝ ਕਰ ਸਕਣ ਦੀ ਤਮੰਨਾ ਰੱਖਦੇ ਹੋਣ। ਪਰ ਇਹ ਇੱਛਾ ਉਦੋਂ ਹੀ ਪੈਦਾ ਹੋ ਸਕਦੀ ਹੈ, ਜਦੋਂ ਕੋਈ ਵੀ ਕੌਮ ਆਪਣੇ ਇਤਿਹਾਸ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋਵੇ। ਇਤਿਹਾਸ ਹਮੇਸ਼ਾਂ ਕੁਰਬਾਨੀਆਂ ਕਰਨ ਵਾਲੇ ਸੂਰਵੀਰਾਂ ਦਾ ਹੁੰਦਾ ਹੈ। ਕੁਰਬਾਨੀਆਂ ਕਰਨ ਵਾਲੇ ਕੁਰਬਾਨੀਆਂ ਕਰ ਗਏ ਪਰ ਜੇਕਰ ਇਤਿਹਾਸਕਾਰ ਉਹਨਾਂ ਨੂੰ ਅਜੋਕੀ ਪੀੜ੍ਹੀ ਦੇ ਸਾਹਮਣੇ ਪੇਸ਼ ਕਰਨ ਦੇ ਸਮਰੱਥ ਨਾ ਹੋਣ ਤਾਂ ਇਤਿਹਾਸ ਸਹੀ ਨਹੀਂ ਹੋ ਸਕਦਾ। ਗਲਤ ਢੰਗ ਨਾਲ ਲਿਖੇ ਇਤਿਹਾਸ ਕਾਰਨ ਕੌਮਾਂ ਭੰਬਲਭੂਸਿਆਂ ਵਿੱਚ ਪੈ ਜਾਂਦੀਆਂ ਹਨ। ਕੁਝ ਸਹੀ ਇਤਿਹਾਸਕਾਰ ਆਪਣਾ ਫ਼ਰਜ਼ ਨਿਭਾਉਂਦੇ ਹਨ, ਜਿਸ ਸਦਕਾ ਨਵੀਂ ਪੀੜ੍ਹੀ ਵਿੱਚ ਜੋਸ਼ ਜਾਗਦਾ ਹੈ ਅਤੇ ਉਹ ਆਪਣੇ ਬਜ਼ੁਰਗਾਂ ਦੀ ਨਿਰਦੇਸ਼ਨਾ ਤਹਿਤ ਕੁਰਬਾਨੀਆਂ ਕਰਨ ਲਈ ਸਹਿਜੇ ਹੀ ਤਿਆਰ ਹੋ ਜਾਂਦੀ ਹੈ। ਸਾਡੇ ਮਹਾਂਪੁਰਸ਼ਾਂ ਵੱਲੋਂ ਕਿਰਤੀ ਸਮਾਜ ਲਈ ਕੀਤੀਆਂ ਕੁਰਬਾਨੀਆਂ ਨੂੰ ਅਜੋਕੀ ਪੀੜੀ ਅੱਗੇ ਪੇਸ਼ ਨਹੀਂ ਕੀਤਾ ਜਾਂਦਾ, ਉੱਨਾਂ ਚਿਰ ਤੱਕ ਉਹ ਕੁਰਬਾਨੀਆਂ ਕਰਨ ਵਾ਼ਲੇ ਲੋਕ ਵੀ ਨਵੀਂ ਪੀੜ੍ਹੀ ਲਈ ਅਣਜਾਣ ਵਿਅਕਤੀ ਬਣੇ ਰਹਿਣਗੇ।

ਇਸ ਤਰ੍ਹਾਂ ਦਾ ਦੁਖਾਂਤ ਕਿਰਤੀਆਂ, ਦਲਿਤਾਂ ਅਤੇ ਮਿਹਨਤਕਸ਼ ਲੋਕਾਂ ਨਾ਼ਲ ਵਾਪਰਦਾ ਆਇਆ ਹੈ। ਚਲਾਕ ਇਤਿਹਾਸਕਾਰਾਂ ਨੇ ਸਾਡੇ ਮਹਾਂਪੁਰਸ਼ਾਂ ਦਾ ਇਤਿਹਾਸ ਸਾਥੋਂ ਲੁਕੋ ਕੇ ਰੱਖਿਆ ਅਤੇ ਸਾਨੂੰ ਉਹ ਕੁੱਝ ਪਰੋਸਿਆ ਜਿਹੜਾ ਸਾਡੇ ਸੱਭਿਆਚਾਰ, ਇਤਿਹਾਸ ਅਤੇ ਧਰਮ ਦੇ ਬਿਲਕੁਲ ਉਲਟ ਸੀ। ਜੇਕਰ ਕਿਸੇ ਮਹਾਂਪੁਰਸ਼ ਦਾ ਇਤਿਹਾਸ ਸਾਡੇ ਸਾਹਮਣੇ ਆਇਆ ਵੀ ਹੈ ਤਾਂ ਉਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ, ਜਿਸ ਕਾਰਨ ਸਾਡੇ ਮਹਾਂਪੁਰਸ਼ਾਂ ਦੀਆਂ ਕੁਰਬਾਨੀਆਂ ਨੂੰ ਰੱਬ ਦੀ ਪ੍ਰਾਪਤੀ ਲਈ ਕੀਤੀ ਗਈ ਭਗਤੀ ਜਾਂ ਇੱਕ ਧਾਰਮਿਕ ਲਹਿਰ ਵਜੋਂ ਪੇਸ਼ ਕਰ ਦਿੱਤਾ ਗਿਆ। ਸਾਡੇ ਪੜ੍ਹੇ ਲਿਖੇ ਅਤੇ ਅਨਪੜ੍ਹ ਸਭ ਉਸ ਮਿਥਿਹਾਸ ਨੂੰ ਹੀ ਇਤਿਹਾਸ ਸਮਝ ਕੇ ਆਪਣੇ ਮਹਾਂਪੁਰਸ਼ਾਂ ਦੀ ਪੂਜਾ ਵਿੱਚ ਮਸਤ ਰਹੇ। ਸਾਲ ਬਾਅਦ ਉਹਨਾਂ ਦਾ ਜਨਮ ਦਿਹਾੜਾ ਮਨਾਉਣਾ, ਪਾਠ ਕਰਾਉਣਾ, ਜੋਤਾਂ ਜਗਾ ਲੈਣੀਆਂ, ਧੂਫਾਂ ਧੁਖਾ ਦੇਣੀਆਂ ਜਾਂ ਤਰ੍ਹਾਂ ਤਰ੍ਹਾਂ ਦਾ ਭੋਜਨ ਬਣਾ ਕੇ ਖਾਣ ਤੱਕ ਹੀ ਅਸੀਂ ਸੀਮਤ ਹੋ ਗਏ ਹਾਂ। ਇਸ ਦੇ ਬਰਾਬਰ ਹੀ ਦੂਜੇ ਉਹਨਾਂ ਵਿਅਕਤੀਆਂ ਨੂੰ ਜਿਹੜੇ ਸਾਡੇ ਹਮੇਸ਼ਾਂ ਖ਼ਿਲਾਫ਼ ਭੁਗਤਦੇ ਰਹੇ, ਚਲਾਕ ਇਤਿਹਾਸਕਾਰਾਂ ਨੇ ਉਹਨਾਂ ਨੂੰ ਸਾਡੇ ਰਹਿਬਰ ਬਣਾ ਕੇ ਪੇਸ਼ ਕਰ ਦਿੱਤਾ। ਜਿਸ ਦਾ ਸਾਨੂੰ ਦੁੱਗਣਾ ਨੁਕਸਾਨ ਹੋਇਆ। ਇੱਕ ਤਾਂ ਅਸੀਂ ਆਪਣੇ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਸਮਝ ਨਾ ਸਕੇ ਅਤੇ ਉਹਨਾਂ ਦੀ ਪੂਜਾ ਤੱਕ ਸੀਮਤ ਹੋ ਗਏ, ਦੂਸਰਾ ਆਪਣੇ ਵਿਰੋਧੀਆਂ ਦੀ ਪੂਜਾ ਕਰਨ ਵਿੱਚ ਵੀ ਮਸਤ ਰਹੇ। ਸਾਡੇ ਘਰਾਂ ਦੀਆਂ ਦੀਵਾਰਾਂ 'ਤੇ ਸਾਡੇ ਦੁਸ਼ਮਣਾਂ ਦੀਆਂ ਤਸਵੀਰਾਂ ਹੀ ਟੰਗੀਆਂ ਰਹੀਆਂ। ਕੁੱਝ ਸਮੇਂ ਤੋਂ ਨਵੇਂ ਲਿਖੇ ਜਾਣ ਵਾਲੇ ਖੋਜ ਭਰਪੂਰ ਇਤਿਹਾਸ ਵਿੱਚ ਸਾਡੇ ਮਹਾਂਪੁਰਸ਼ਾਂ ਨੂੰ ਅਸਲੀ ਰੂਪ ਵਿੱਚ ਪੇਸ਼ ਕੀਤੇ ਜਾਣ ਦੇ ਉਪਰਾਲੇ ਸ਼ੁਰੂ ਹੋਏ ਹਨ ਤਾਂ ਉਹਨਾਂ ਦੀਆਂ ਤਸਵੀਰਾਂ ਦੀ ਵੀ ਜ਼ਰੂਰਤ ਮਹਿਸੂਸ ਹੋਣ ਲੱਗੀ ਹੈ। ਕਿਉਂਕਿ ਇਹ ਖੇਤਰ ਸਾਡੇ ਲੋਕਾਂ ਦੇ ਹੱਥ ਵਿੱਚ ਨਹੀਂ ਸੀ। ਇਸ ਲਈ ਅਸੀਂ ਆਪਣੇ ਮਹਾਂਪੁਰਸ਼ਾਂ ਦੇ ਨਾਂਅ 'ਤੇ ਇੱਕ ਕੈਲੰਡਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਵਿੱਚ ਜਿੱਥੇ ਸਾਡੇ ਕੁੱਝ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਹਨ, ਉੱਥੇ ਨਾ਼ਲ ਹੀ ਕਿਰਤੀ ਲੋਕਾਂ ਤੱਕ ਮਹਾਂਪੁਰਸ਼ਾਂ ਦਾ ਸੰਘਰਸ਼ਮਈ ਜੀਵਨ ਪਹੁੰਚਾਉਣ ਲਈ ਉਹਨਾਂ ਮਹਾਂਪੁਰਸ਼ਾਂ ਦੀਆਂ ਸੰਖੇਪ ਜੀਵਨੀਆਂ ਵੀ ਦਿੱਤੀਆਂ ਜਾ ਰਹੀਆਂ ਹਨ। ਭਾਵੇਂ ਇਸ ਤਰ੍ਹਾਂ ਕਰਨ ਨਾ਼ਲ ਅਸੀਂ ਸਾਰੇ ਮਹਾਂਪੁਰਸ਼ਾਂ ਨਾ਼ਲ ਇਨਸਾਫ਼ ਨਹੀਂ ਕਰ ਸਕਾਂਗੇ ਕਿਉਂਕਿ ਕੁਰਬਾਨੀਆਂ ਕਰਨ ਵਾ਼ਲੇ ਸਾਡੇ ਅਣਗਿਣਤ ਹੀ ਮਹਾਂਪੁਰਸ਼ ਹਨ, ਪਰ ਫਿਰ ਵੀ ਇਸ ਪਾਸੇ ਵੱਲ ਇਹ ਛੋਟੀ ਜਿਹੀ ਸ਼ੁਰੂਆਤ ਹੈ। ਸਾਲ 2016 ਦੌਰਾਨ ਪਹਿਲੀ ਵਾਰ 6ਪੇਜ ਦਾ ਬਹੁਜਨ ਕੈਲੰਡਰ ਪੰਜ ਹਜਾਰ ਦੀ ਗਿਣਤੀ ਵਿੱਚ ਪ੍ਰਕਾਸਿਤ ਹੋਇਆ, ਜਿਸ ਵਿੱਚ ਸਤਿਗੁਰੂ ਰਵਿਦਾਸ ਜੀ, ਮਹਾਤਮਾ ਜੋਤਿਬਾ ਫੂਲੇ ਜੀ, ਸਾਹਿਬ ਸ੍ਰੀ ਕਾਂਸੀ ਰਾਮ ਜੀ, ਡਾ. ਬੀ.ਆਰ.ਅੰਬੇਡਕਰ ਜੀ ਨਾਲ ਸਬੰਧਿਤ ਜੀਵਨੀਆਂ ਸਮੇਤ ਪ੍ਰਕਾਸਿਤ ਕੀਤਾ ਗਿਆ ਸੀ। ਨਿਵੇਕਲੀ ਕਿਸਮ ਦੇ ਇਸ ਕੈਲੰਡਰ ਨੂੰ ਵਧੇਰੇ ਹੌਸਲਾ ਅਫਜਾਈ ਕਾਰਣ ਅਸੀਂ ਦੂਜੇ ਸਾਲ ਵੀ ਇਸ ਯਤਨ ਨੂੰ ਜਾਰੀ ਰੱਖਣਾ ਚਾਹੁੰਦੇ ਹਾਂ ਤਾਂ ਕਿ ਦਲਿਤ ਸਮਾਜ ਲਈ ਪ੍ਰੇਰਨਾਂਦਾਇਕ ਸਾਹਿਤ ਪੇਸ ਕੀਤਾ ਜਾ ਸਕੇ, ਜੋ ਨਿਰਵਿਘਨ ਸਾਰਾ ਸਾਲ ਸਾਡੇ ਸਮਾਜ ਦੇ ਲੋਕਾਂ ਨੂੰ ਸੇਧ ਦਿੰਦਾ ਰਹੇ।

















ਭਾਰਤ ਅੰਦਰ ਮਨੂੰਵਾਦੀ ਵਿਵਸਥਾ ਕਾਰਣ ਸਦੀਆਂ ਤੋਂ ਦੱਬੇ,ਲਿਤਾੜੇ ਅਤੇ ਤ੍ਰਿਸਕਾਰੇ ਲੋਕਾਂ ਭਾਵ ਦਲਿਤ ਸਮਾਜ ਦੇ ਮਾਣ ਸਨਮਾਨ ਦੀ ਬਹਾਲੀ ਅਤੇ ਬਰਾਬਰੀ, ਭਾਈਚਾਰੇ, ਸੰਵਿਧਾਨਿਕ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ ਕਰਨ ਵਾਲੇ ਮਹਾਤਮਾ ਜੋਤਿਬਾ ਫੂਲੇ ਜੀ, ਸਤਿਗੁਰੂ ਰਵਿਦਾਸ ਜੀ, ਸਾਹਿਬ ਸ੍ਰੀ ਕਾਂਸੀ ਰਾਮ ਜੀ,ਬਾਬਾ ਸਾਹਿਬ ਡਾ. ਬੀ.ਆਰ.ਅੰਬੇਡਕਰ ਜੀ, ਸਵਿੱਤਰੀ ਬਾਈ ਫੂਲੇ ਜੀ, ਛੱਤਰ-ਪਤੀ ਸਾਹੂਜੀ ਮਹਾਰਾਜ ਜੀ, ਬਾਬਾ ਬੰਦਾ ਸਿੰਘ ਬਹਾਦਰ ਜੀ, ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ, ਗਿਆਨੀ ਦਿੱਤ ਸਿੰਘ ਜੀ, ਨਰਾਇਣਾ ਗੁਰੂ ਜੀ, ਤਥਾਗਤ ਬੁੱਧ ਜੀ, ਸਤਿਗੁਰੂ ਕਬੀਰ ਜੀ ਆਦਿ ਮਹਾਂਪੁਰਸਾਂ ਦੀਆਂ ਜੀਵਨੀਆਂ ਸਬੰਧੀ ਇੱਕ ਵਿਸੇਸ ਕੰਲੈਂਡਰ, ਜੋ ਕਿ 12 ਪੇਜ ਦਾ ਇੱਕ ਬਹੁਜਨ ਕੈਲੰਡਰ ਲੇਖਕ ਕੁਲਵੰਤ ਸਿੰਘ ਟਿੱਬਾ ਵੱਲੋਂ ਪ੍ਰਕਾਸਿਤ ਕੀਤਾ ਜਾ ਰਿਹਾ ਹੈ, ਇਸ ਕੰਲੈਂਡਰ ਦਾ ਬਜਟ ਕਰੀਬ 7 ਲੱਖ ਰੁਪੈ ਹੈ।

ਸੋ ਬਹੁਜਨ ਸਮਾਜ ਦੇ ਪੁੱਤਾਂ ਧੀਆਂ ਨੂੰ ਸਨਿਮਰ ਬੇਨਤੀ ਹੈ ਕਿ ਇਸ ਮਹਾਨ ਅਤੇ ਪ੍ਰੇਰਨਾ ਦਾਇਕ ਬਹੁਜਨ ਕੰਲੈਂਡਰ ਦੇ ਨਿਰਮਾਣ ਵਿੱਚ ਵੱਧ ਤੋਂ ਵੱਧ ਵਿੱਤੀ ਸਹਿਯੋਗ ਕੀਤਾ ਜਾਵੇ ਜੀ।

# ਲਾਸਾਨੀ ਸ਼ਹੀਦੀ ਮੇਲਾ ਧਾਰਮਿਕ ਸ਼ਰਧਾ ਪੂਰਵਕ ਸੰਪੰਨ, ਲੱਖਾਂ ਸੰਗਤਾਂ ਨੇ ਦਿੱਤੀ ਸ਼ਰਧਾਂਜਲੀ

## ਇਸ ਵਾਰ ਫਿਰ ਸਿਆਸੀ ਕਾਨਫਰੰਸਾਂ 'ਚ ਸਿਆਸੀ ਦੂਸ਼ਣਬਾਜ਼ੀ ਰਹੀ ਭਾਰੂ

(ਸਫਾ 1 ਦੀ ਬਾਕੀ)

ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕ੍ਰਿਪਾਲ ਸਿੰਘ ਬਡੂੰਗਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ, ਸ੍ਰੀ ਅਨੰਦਪੁਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਫੂਲਾ ਸਿੰਘ, ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪ੍ਰਣਾਮ ਸਿੰਘ, ਬਾਬਾ ਜੋਗਾ ਸਿੰਘ ਕਰਨਾਲ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ









ਜਗਤਾਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਤਰਨਾ ਦਲ ਦੇ ਬਾਬਾ ਨਾਗਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ, ਸੰਤ ਹਰੀ ਸਿੰਘ ਰੰਧਾਵਾ ਸਮੇਤ ਲੱਖਾਂ ਸੰਗਤਾਂ ਨੇ ਸ਼ਿਰਕਤ ਕੀਤੀ। ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪ੍ਰਾਰੰਭ ਹੋਇਆ। ਨਗਰ ਕੀਰਤਨ ਦੀ ਆਰੰਭਤਾ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ: ਕਿਰਪਾਲ ਸਿੰਘ ਬਡੂੰਗਰ ਪੰਜ ਪਿਆਰਿਆਂ, ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਭੇਟ ਕੀਤੇ। ਫੁੱਲਾਂ ਨਾਲ ਸਜੀ ਹੋਈ ਪਾਲਕੀ ਸਾਹਿਬ ਵਾਲੀ ਬੱਸ ਅੰਦਰ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਚੌਰ ਸਾਹਿਬ ਦੀ ਸੇਵਾ ਕਰ ਰਹੇ ਸਨ। ਖ਼ਾਲਸਾਈ ਸ਼ਾਨੋ ਸ਼ੌਕਤ ਨਾਲ ਨਰਸਿੰਘਿਆਂ ਤੇ ਨਗਾਰਿਆਂ ਦੀ ਗੂੰਜ 'ਚ ਸ਼ੁਰੂ ਹੋਏ ਨਗਰ ਕੀਰਤਨ 'ਚ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ 'ਚ ਸੰਗਤਾਂ ਪਹੁੰਚੀਆਂ। ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਬੋਲੇ ਸੋ ਨਿਹਾਲ ਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਆਕਾਸ਼ ਗੂੰਜ ਰਿਹਾ ਸੀ। ਜਦੋਂ ਕਿ ਪਾਲਕੀ ਸਾਹਿਬ ਦੇ ਅੱਗੇ ਨਗਰ ਕੀਰਤਨ ਵਿਚ ਅਸਤਰਾਂ ਤੇ ਸ਼ਸਤਰਾਂ ਨਾਲ ਸਜੇ ਨਿਹੰਗ ਸਿੰਘਾਂ ਦੀਆਂ ਗਤਕਾ ਪਾਰਟੀਆਂ, ਰਾਗੀ ਜਥੇ, ਸੇਵਾ ਦਲ, ਸੁਖਮਨੀ ਸੇਵਾ ਸੁਸਾਇਟੀਆਂ, ਅਕਾਲ ਅਕੈਡਮੀ ਬੜੂ ਸਾਹਿਬ ਦੇ ਵਿਦਿਆਰਥੀ, ਵੱਖ-ਵੱਖ ਸਕੂਲ ਕਾਲਜਾਂ ਦੇ ਵਿਦਿਆਰਥੀਆਂ ਦੀਆਂ ਗਤਕਾ ਪਾਰਟੀਆਂ ਦੇ ਨਾਲ-ਨਾਲ ਵੱਡੀ ਗਿਣਤੀ 'ਚ ਸੰਗਤਾਂ ਗੁਰੂ ਜੱਸ ਗਾਉਂਦੀਆਂ ਜਾ ਰਹੀਆਂ ਸਨ।

### ਸਿਆਸੀ ਦੂਸ਼ਣਬਾਜ਼ੀ ਰਹੀ ਭਾਰੂ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇੱਥੇ ਸ਼ਹੀਦੀ ਜੋੜ ਮੇਲ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਪੰਜਾਬੀਆਂ ਨੂੰ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ 'ਝੂਠੇ ਅਤੇ ਬਨਾਵਟੀ' ਪ੍ਰਚਾਰ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਦੋਵੇਂ ਪਾਰਟੀਆਂ ਸੱਤਾ ਦੀ ਲਾਲਸਾ ਵਿੱਚ ਲੋਕਾਂ ਨੂੰ ਸਬਜ਼ਬਾਗ ਵਿਖਾ ਰਹੀਆਂ ਹਨ। ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ੍ਰੀ ਬਾਦਲ ਨੇ ਕਾਂਗਰਸ ਅਤੇ 'ਆਪ' ਸਬੰਧੀ ਕਿਹਾ ਕਿ ਜੇ 'ਇਨ੍ਹਾਂ ਵਿਚੋਂ ਕੋਈ ਪਾਰਟੀ ਪੰਜਾਬ ਦੀ ਸੱਤਾ ਉੱਪਰ ਕਾਬਜ਼ ਹੋ ਗਈ ਤਾਂ ਸਭ ਤੋਂ ਪਹਿਲਾਂ ਪੰਜਾਬ ਦੇ ਅਮੀਰ ਸੱਭਿਆਚਾਰ ਨੂੰ ਖਤਮ ਕਰੇਗੀ।' ਫਿਰ ਗ਼ਰੀਬਾਂ ਅਤੇ ਕਿਸਾਨਾਂ ਲਈ ਸ਼ੁਰੂ ਕੀਤੀਆਂ ਲੋਕ ਭਲਾਈ ਸਕੀਮਾਂ ਅਤੇ ਸਬਸਿਡੀਆਂ ਬੰਦ ਕਰਨਗੀਆਂ। ਉਨ੍ਹਾਂ ਚੇਤੇ ਕਰਵਾਇਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੀ ਵਾਰ ਪੰਜਾਬ ਦੀ ਸੱਤਾ 'ਚ ਆਉਂਦਿਆਂ ਹੀ ਕਿਸਾਨਾਂ ਦੀ ਮੁਫਤ ਬਿਜਲੀ ਅਤੇ ਕਈ ਭਲਾਈ ਸਕੀਮਾਂ ਬੰਦ ਕਰ ਦਿੱਤੀਆਂ ਸਨ। ਉਨ੍ਹਾਂ ਮੌਜੂਦਾ ਅਕਾਲੀ-ਭਾਜਪਾ ਗੱਠਜੋੜ ਸਰਕਾਰ ਵੱਲੋਂ ਕਰਵਾਏ ਵਿਕਾਸ ਕਾਰਜਾਂ ਦੀ ਖੁੱਲ੍ਹ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਇੱਕ ਵੀ ਬੂੰਦ ਫ਼ਾਲਤੂ ਪਾਣੀ ਨਹੀਂ ਹੈ ਨਾ ਹੀ ਐਸਵਾਈਐਲ ਬਣਾਉਣ ਦੀ ਆਗਿਆ ਦਿੱਤੀ ਜਾਵੇਗੀ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿੱਖ ਇਤਿਹਾਸ ਕੁਰਬਾਨੀਆਂ ਭਰਿਆ ਹੈ। ਉਨ੍ਹਾਂ ਅਕਾਲੀ-ਭਾਜਪਾ ਗੱਠਜੋੜ ਨੂੰ ਤੀਜੀ ਵਾਰ ਸੱਤਾ ਵਿਚ ਲਿਆਉਣ ਦੀ ਅਪੀਲ ਕੀਤੀ ਤੇ ਵਿਅੰਗਮਈ ਅੰਦਾਜ਼ 'ਚ ਕਿਹਾ ਕਿ 'ਕੌਫ਼ੀ ਵਿਦ ਕੈਪਟਨ' ਦੀ ਅਸਫਲਤਾ ਤੋਂ ਬਾਅਦ ਕਾਂਗਰਸ ਨੂੰ 'ਜੇਲ੍ਹ ਵਿਦ ਕੈਪਟਨ' ਸ਼ੁਰੂ ਕਰਨਾ ਚਾਹੀਦਾ ਹੈ। ਇਸ ਮੌਕੇ ਐਸਜੀਪੀਸੀ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਮੈਂਬਰ ਰਾਜ ਸਭਾ ਸੁਖਦੇਵ ਸਿੰਘ ਢੀਂਡਸਾ, ਮੈਂਬਰ ਲੋਕ ਸਭਾ ਅਨੰਦਪੁਰ ਸਾਹਿਬ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਐਸ ਜੀ ਪੀ ਸੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ, ਫ਼ਤਹਿਗੜ੍ਹ ਸਾਹਿਬ ਦੇ ਹਲਕਾ ਇੰਚਾਰਜ ਦੀਦਾਰ ਸਿੰਘ ਭੱਟੀ ਤੇ ਹੋਰ ਆਗੂ ਹਾਜ਼ਰ ਸਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਸ਼ਹੀਦੀ ਜੋੜ ਮੇਲ ਮੌਕੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਅਕਾਲੀ-ਭਾਜਪਾ ਸਰਕਾਰ ਦੇ ਰਾਜ ਦੌਰਾਨ ਗੁਰੂ ਗ੍ਰੰਥ ਸਾਹਿਬ, ਗੀਤਾ ਅਤੇ ਕੁਰਾਨ ਸ਼ਰੀਫ਼ ਦੀ ਬੇਅਦਬੀ ਕਰਨ ਵਾਲਿਆਂ ਨੂੰ ਕਾਬੂ ਨਾ ਕੀਤੇ ਜਾਣ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਦੀ ਸਰਕਾਰ ਬਣਨ 'ਤੇ ਇਨ੍ਹਾਂ ਦੋਸ਼ੀਆਂ ਅਤੇ ਹੋਰ ਅਪਰਾਧ ਕਰਨ ਵਾਲਿਆਂ ਨੂੰ ਜੇਲ੍ਹ ਦੀਆਂ ਸਲਾਖਾਂ ਪਿਛੇ ਸੁੱਟ ਕੇ ਸਖਤ ਸਜ਼ਾਵਾਂ ਦਿਵਾਈਆਂ ਜਾਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੇ ਸੱਤਾ 'ਚ ਆਉਣ 'ਤੇ ਇਕ ਵੀ ਸਬਸਿਡੀ ਵਾਪਸ ਨਹੀਂ ਲਈ ਜਾਵੇਗੀ ਜਦੋਕਿ ਵਿਰੋਧੀਆਂ ਵਲੋਂ ਕਿਸਾਨਾਂ ਦੇ ਟਿਊਬਵੈੱਲਾਂ ਦੇ ਬਿਲ ਮੁੜ ਲਗਾਉਣ ਬਾਰੇ ਪ੍ਰਚਾਰ ਕੀਤਾ ਜਾ ਰਿਹਾ ਹੈ।

### 'ਆਪ' ਦੀ ਚੜ੍ਹਤ ਤੋਂ ਅਕਾਲੀ ਤੇ ਕਾਂਗਰਸੀ ਹਿੱਲੇ: ਭਗਵੰਤ ਮਾਨ

"ਫਤਿਹਗੜ੍ਹ ਸਾਹਿਬ ਦੀ ਧਰਤੀ ਤੋਂ ਜ਼ੁਲਮ ਦੇ ਖਾਤਮੇ ਦੀ ਸ਼ੁਰੂਆਤ ਹੋਈ ਸੀ ਪਰ ਪਿਛਲੇ 70 ਸਾਲਾਂ ਤੋਂ ਆਜ਼ਾਦ ਹੋਣ ਦੇ ਬਾਵਜੂਦ ਅਸੀਂ ਗੁਲਾਮੀ 'ਚ ਹੀ ਜੀਅ ਰਹੇ ਹਾਂ। ਇਸ ਗੁਲਾਮੀ ਦੇ ਖਾਤਮੇ ਲਈ ਆਮ ਆਦਮੀ ਪਾਰਟੀ ਵਲੋਂ ਸ਼ਹੀਦੀ ਜੋੜ ਮੇਲ ਮੌਕੇ ਜੰਗ ਦਾ ਐਲਾਨ ਕੀਤਾ ਜਾਦਾ ਹੈ।" ਇਹ ਪ੍ਰਗਟਾਵਾ 'ਆਪ' ਦੇ ਐਮਪੀ ਭਗਵੰਤ ਮਾਨ ਨੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਕਾਨਫਰੰਸ ਦੌਰਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਸੰਬੋਧਨ ਕਰਦਿਆਂ ਕੀਤਾ।

ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ-ਭਾਜਪਾ ਸਰਕਾਰ ਸਿਰਫ਼ ਆਪਣਾ ਨਿੱਜੀ ਕਾਰੋਬਾਰ ਵਧਾਉਣ ਲਈ ਪੁਰਾਣੀਆਂ ਸਨਅਤਾਂ ਨੂੰ ਤਬਾਹ ਕਰ ਰਹੀ ਹੈ, ਜਿਸ ਦੀ ਮਿਸਾਲ ਮੰਡੀ ਗੋਬਿੰਦਗੜ੍ਹ ਤੋਂ ਮਿਲਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਤਬਾਹ ਕਰਨ ਲਈ ਕਾਂਗਰਸ ਵੀ ਅਕਾਲੀਆਂ ਦੇ ਬਰਾਬਰ ਦੀ ਜ਼ਿੰਮੇਵਾਰ ਹੈ। ਆਮ ਆਦਮੀ ਪਾਰਟੀ ਦੇ ਵਧ ਰਹੇ ਪ੍ਰਭਾਵ ਨੂੰ ਦੇਖ ਕੇ ਦੋਵੇਂ ਬੁਖਲਾ ਗਏ ਹਨ ਤੇ ਆਪਸ ਵਿੱਚ ਮਿਲ ਚੁੱਕੇ ਹਨ। ਪੰਜਾਬ ਦੇ ਕੋ-ਇੰਚਾਰਜ ਜਰਨੈਲ ਸਿੰਘ ਨੇ ਲੋਕਾਂ ਨੂੰ ਗੁਰਬਾਣੀ ਦੀਆਂ ਤੁਕਾਂ ਸੁਣਾ ਕੇ ਜੀਵਨ 'ਚ ਸੇਧ ਲੈਣ ਅਤੇ ਜ਼ੁਲਮ ਖਿਲਾਫ ਡੱਟ ਕੇ ਖੜ੍ਹਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਪ ਮੁਖ ਮੰਤਰੀ ਅਤੇ ਕੇਦਰੀ ਮੰਤਰੀ ਬਨਾਉਣ ਲਈ ਆਪਣਾ ਪੁੱਤਰ ਅਤੇ ਨੂੰਹ ਹੀ ਮਿਲੇ ਹਨ।

ਸੀਨੀਅਰ ਆਗੂ ਐਚ.ਐਸ. ਫੂਲਕਾ ਨੇ ਕਿਹਾ, "ਪਿਛਲੇ 32 ਸਾਲਾਂ ਤੋਂ ਅਸੀਂ '84 ਦਾ ਸੰਤਾਪ ਭੋਗ ਰਹੇ ਹਾਂ, ਜਿਸ ਦੀ ਜ਼ਿੰਮੇਵਾਰ ਕਾਂਗਰਸ ਪਾਰਟੀ ਹੈ।" ਪੰਜਾਬ ਦਾ ਰਖਵਾਲਾ ਬਣਨ ਵਾਲਾ ਕੈਪਟਨ ਅਮਰਿੰਦਰ ਸਿੰਘ '84 ਦੇ ਕਥਿਤ ਦੋਸ਼ੀ ਜਗਦੀਸ਼ ਟਾਇਟਲਰ, ਸੱਜਣ ਕੁਮਾਰ ਅਤੇ ਕਮਲ ਨਾਥ ਨੂੰ ਨਿਰਦੋਸ਼ ਦੱਸ ਰਿਹਾ ਹੈ। ਪਾਰਟੀ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਸੂਬੇ ਦੀ ਅਕਾਲੀ ਸਰਕਾਰ ਨੇ ਪੰਜਾਬ ਦੇ 55 ਮਹਿਕਮਿਆਂ 'ਚੋਂ 28 ਆਪਣੇ ਪਰਿਵਾਰ ਨੂੰ ਦੇ ਰੱਖੇ ਹਨ।

## ਹਰ ਵੋਟਰ ਦੇ ਮਨ 'ਚ, ਡਰ, ਭੈਅ ਤੇ ਸਹਿਮ ਦੀ ਭਾਵਨਾ

# ਪੰਜਾਬ ਕਿਤੇ ਇਸ ਵਾਰ ਬਿਹਾਰ ਤੇ ਉੱਤਰ ਪ੍ਰਦੇਸ਼ ਨਾ ਬਣ ਜਾਵੇ!



ਪੰਮੀ ਲਾਲੋ ਮਜਾਰਾ
91-95011-43755

ਜਿਵੇਂ ਕਿਸੇ ਵਕਤ ਬਿਹਾਰ ਤੇ ਉੱਤਰ ਪ੍ਰਦੇਸ਼ ਵਿਚ ਚੋਣਾਂ ਦੌਰਾਨ ਭਾੜੇ ਦੇ ਗੁੰਡਿਆਂ ਵੱਲੋਂ ਹਰ ਹਾਲਤ ਵਿਚ ਚੋਣਾਂ ਜਿੱਤਣ ਲਈ ਖੂਨ ਦੀ ਹੋਲੀ ਖੇਡੀ ਜਾਂਦੀ ਸੀ, ਕਿਤੇ ਇਸ ਵਾਰ ਮੁੜ ਉਹੀ ਇਤਿਹਾਸ ਪੰਜਾਬ ਵਿਚ ਤਾਂ ਨਹੀਂ ਦੁਹਰਾਇਆ ਜਾਵੇਗਾ। ਭਾਵੇਂ ਕੋਈ ਕਿੰਨਾ ਵੀ ਖੰਡਨ ਕਰੇ, ਪਰ ਇਸ ਵਕਤ ਹਰ ਵੋਟਰ ਦੇ ਮਨ ਵਿਚ ਇਹੀ ਸਵਾਲ ਵੱਢ-ਟੁੱਕ ਕਰ ਰਿਹਾ ਹੈ। ਸਮਾਜਿਕ ਤਣਾਅ, ਗਰਮ ਦਲੀਆਂ ਤੇ ਗੈਂਗਸਟਰਾਂ ਦੀਆਂ ਸਰਗਰਮੀਆਂ, ਚੋਣਾਂ ਵਿਚ ਪੈਸੇ ਤੇ ਨਸ਼ਿਆਂ ਦੀ ਦੁਰਵਰਤੋਂ ਸਬੰਧੀ ਖੁਫ਼ੀਆ ਰਿਪੋਰਟਾਂ ਨੇ ਇਕ ਵਾਰ ਤਾਂ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਡਾ. ਨਜ਼ੀਮ ਜ਼ੈਦੀ ਨੂੰ ਵੀ ਸਕਤੇ ਵਿਚ ਪਾ ਕੇ ਰੱਖ ਦਿੱਤਾ ਹੈ। ਕੋਈ ਮੰਨੇ ਜਾਂ ਨਾ ਮੰਨੇ ਹਰ ਪਾਰਟੀ ਦੇ ਕੋਲ ਹੀ ਗੁੰਡਿਆਂ ਦੀ ਭਰਮਾਰ ਹੁੰਦੀ ਹੈ ਤੇ ਇਹੀ ਗੁੰਡੇ ਹਰ ਪਾਰਟੀ ਚੋਣਾਂ ਵਿਚ ਵਰਤਣ ਤੋਂ ਗੁਰੇਜ਼ ਨਹੀਂ ਕਰਦੀ।

ਕੋਈ ਵੀ ਪਾਰਟੀ ਹਿੱਕ ਠੋਕ ਕੇ ਇਹ ਦਾਅਵਾ ਨਹੀਂ ਕਰ ਸਕਦੀ ਕਿ ਉਸਦਾ ਅਜਿਹੇ ਗੁੰਡਿਆਂ ਨਾਲ ਕੋਈ ਵਾਹ-ਵਾਸਤਾ ਨਹੀਂ ਹੈ। ਜਦ ਹਰ ਪਾਰਟੀ ਬਿਨਾਂ ਕਿਸੇ ਜਾਂਚ-ਪੜਤਾਲ ਦੇ ਕਿਸੇ ਵੀ ਗੁੰਡੇ ਬਦਮਾਸ਼ ਨੂੰ ਟਿਕਟ ਦੇਣ ਲਈ ਤਿਆਰ ਬੈਠੀ ਹੈ ਤਾਂ ਅਜਿਹੀ ਸ਼ੰਕਾ ਤੋਂ ਮੂੰਹ ਕਿਵੇਂ ਮੋੜਿਆ ਜਾਵੇ। ਹਰ ਪਾਰਟੀ ਦੀ ਇਕ ਹੀ ਸ਼ਰਤ ਹੈ ਕਿ ਉਮੀਦਵਾਰ ਹਰ ਹਾਲਤ ਵਿਚ ਸੀਟ ਜਿਤਾਉਣ ਵਾਲਾ ਹੋਵੇ, ਚਾਹੇ ਗੁੰਡਾ ਹੋਵੇ ਤੇ ਜਾਂ ਬਦਮਾਸ਼, ਪਾਰਟੀ ਨੂੰ ਕੀ ਫਰਕ ਪੈਂਦਾ ਹੈ। ਫਰਕ ਤਾਂ ਉਦੋਂ ਪੈਂਦਾ ਹੈ ਜਦ ਕੋਈ ਪਾਰਟੀ ਤਖਤ 'ਤੇ ਪਹੁੰਚਣੀ-ਪਹੁੰਚਣੀ, ਵਿਰੋਧੀ ਧਿਰ 'ਚ ਬੈਠਣ ਜੋਗੀ ਰਹਿ ਜਾਵੇ ਤੇ ਜਾਂ ਕਿੰਗ ਮੇਕਰ ਬਣਦੀ-ਬਣਦੀ ਰਾਜਨੀਤਿਕ ਟਰੈਕ ਤੋਂ ਉਤਰ ਜਾਵੇ। ਅਜਿਹੀ ਹਾਲਤ ਵਿਚ ਕੋਈ ਵੀ ਸਿਆਸੀ ਪਾਰਟੀ ਪਹੁੰਚਣਾ ਨਹੀਂ ਚਾਹੁੰਦੀ। ਕੋਈ ਪਾਰਟੀ ਨਹੀਂ ਚਾਹੁੰਦੀ ਕਿ ਪੰਜ ਸਾਲ ਵਿਰੋਧੀ ਧਿਰ 'ਚ ਬਹਿ ਕੇ ਲਾਹ-ਪਾਹ ਕਰਵਾਈ ਜਾਵੇ। ਇਸ ਵਾਰ ਵੀ ਲੱਗਭੱਗ ਹਰ ਪਾਰਟੀ ਨੇ ਅਸਮਾਜਿਕ ਤੱਤਾਂ ਨੂੰ ਦਿਲ ਖੋਲ੍ਹ ਕੇ ਟਿਕਟਾਂ ਵੰਡੀਆਂ ਹਨ। ਜਿਹਨਾਂ ਗੁੰਡਿਆਂ ਦੀ ਜਗ੍ਹਾ ਜੇਲ੍ਹ 'ਚ ਹੋਣੀ ਚਾਹੀਦੀ ਹੈ, ਉਹ ਹਰ ਹਾਲਤ 'ਚ ਜਿੱਤ ਕੇ, ਵਿਧਾਨ ਸਭਾ 'ਚ ਪਹੁੰਚ ਕੇ ਸਾਡੇ ਲੋਕਤੰਤਰ ਲਈ ਤਾਜ ਬਣ ਕੇ ਨਵਾਂ ਇਤਿਹਾਸ ਤੇ ਪੰਜਾਬ ਦਾ ਨਵਾਂ ਕਾਨੂੰਨ ਘੜਨ ਲਈ ਤਰਲੋ ਮੱਛੀ ਹੋ ਰਹੇ ਹਨ। ਇਸ ਵਾਰ ਹਰ ਪਾਰਟੀ ਚੰਡੀਗੜ੍ਹ ਵਿਧਾਨ ਸਭਾ ਦੀ ਸਰਦਲ 'ਤੇ ਜਿੱਤ ਦੀ ਇਬਾਰਤ ਲਿਖ ਕੇ ਦਸਤਕ ਦੇਣਾ ਚਾਹੁੰਦੀ ਹੈ। ਕਿਉਂਕਿ ਇਸ ਵਾਰ ਪੰਜਾਬ ਦੇ ਸਮੀਕਰਨ ਹੀ ਕੁਝ ਐਸੇ ਬਣ ਗਏ ਹਨ ਕਿ ਕੋਈ ਵੀ ਪਾਰਟੀ ਹਾਰ ਦਾ ਮੂੰਹ ਨਹੀਂ ਦੇਖਣਾ ਚਾਹੁੰਦੀ। ਹਾਰ ਦਾ ਸਿੱਧਾ ਮਤਲਬ, ਸਵਰਗ ਸਿਧਾਰ ਜਾਣਾ। ਜੇ ਹਿਸ ਵਾਰ ਅਕਾਲੀ ਦਲ ਉੱਖੜ ਗਿਆ ਤਾਂ ਫਿਰ ਸੁਖਬੀਰ ਬਾਦਲ ਦੇ ਪੈਰ ਕਦੋਂ ਪੱਕੇ ਪੈਰੀਂ ਹੇਠਾਂ ਲੱਗਣ, ਕਹਿ ਸਕਣਾ ਅਸੰਭਵ ਹੈ। ਕਿਉਂਕਿ ਪੰਜ ਸਾਲ ਦਾ ਵਕਫ਼ਾ ਸਿਆਸਤ ਵਿਚ ਬਹੁਤ ਹੁੰਦਾ ਹੈ। ਜੇ ਕੈਪਟਨ ਥੋੜ੍ਹਾ ਜਿਹਾ ਵੀ ਲਾਗੇ ਜਾ ਕੇ ਕਿਨਾਰੇ 'ਤੇ ਡੁੱਬ ਗਿਆ, ਫਿਰ ਕੈਪਟਨ ਤੇ ਕਾਂਗਰਸ ਪੰਜਾਬ 'ਚ ਦੋਵੇਂ ਖਤਮ। ਫਿਰ ਸ਼ਾਇਦ ਉਤਰ ਪ੍ਰਦੇਸ਼ ਵਾਂਗ ਪੰਜਾਬ ਵਿਚ ਵੀ ਸਿਆਣੇ ਕਿਤੇ ਹੱਟੀਆਂ ਭੱਠੀਆਂ 'ਤੇ ਬਹਿ ਕੇ ਗੱਲਾਂ ਕਰਿਆ ਕਰਨਗੇ ਕਿ ਇੱਥੇ ਇਕ ਕਾਂਗਰਸ ਨਾਂ ਦੀ ਪਾਰਟੀ ਹੁੰਦੀ ਸੀ। ਰਹੀ ਗੱਲ ਆਮ ਆਦਮੀ ਪਾਰਟੀ ਦੀ। ਉਹਦੇ ਕੋਲ ਗੁਆਉਣ ਲਈ ਤੇ ਕੁਝ ਵੀ ਨਹੀਂ ਹੈ ਪਰ ਪਾਉਣ ਲਈ ਬਹੁਤ ਕੁਝ ਹੈ। ਪਰ ਜੇ ਇਹ ਪਾਰਟੀ ਵੀ ਸੱਤਾ ਦੇ ਨੇੜਿਉਂ ਜਾ ਕੇ ਪਲਟ ਗਈ ਤੇ ਜਾਂ ਫਿਰ ਵਿਰੋਧੀ ਧਿਰ ਵਿਚ ਬੈਠ ਕੇ ਸਿਆਸੀ ਜੈਕਾਰੇ ਲਾਉਣ ਜੋਗੀ ਰਹਿ ਗਈ ਤਾਂ ਸਮਝੋ ਅਗਲੇ ਪੰਜਾਂ ਸਾਲਾਂ ਬਾਅਦ ਕੀ ਪਰਲੋ ਆਵੇਗੀ, ਇਸ ਬਾਰੇ ਅੰਦਾਜ਼ਾ ਤਾਂ ਕੋਈ ਦੂਰਅੰਦੇਸ਼ੀ ਸਿਆਸੀ ਵਿਸ਼ਲੇਸ਼ਕ ਵੀ ਨਹੀਂ ਲਾ ਸਕਦਾ। ਰਹੀ ਗੱਲ ਬਹੁਜਨ ਸਮਾਜ ਪਾਰਟੀ ਦੀ, ਇਸ ਪਾਰਟੀ ਦਾ ਆਧਾਰ ਜੋ ਹਮਾਤੜ ਲੋਕਾਂ ਵਿਚ ਬਣਿਆ ਹੋਇਆ ਹੈ, ਉਹ ਵੱਧ-ਘੱਟ ਤਾਂ ਸਕਦਾ ਹੈ, ਪਰ ਖਤਮ ਨਹੀਂ ਹੋ ਸਕਦਾ। ਕਿਉਂਕਿ ਇਸ ਪਾਰਟੀ ਤੇ ਕਿਸੇ ਪਰਿਵਾਰਵਾਦ ਦਾ ਛਾਇਆ ਨਹੀਂ ਮੰਡਰਾ ਰਿਹਾ, ਇਹ ਸਭ ਤੋਂ ਵੱਡੀ ਗੱਲ ਇਸ ਪਾਰਟੀ ਦੇ ਹੱਕ 'ਚ ਜਾਂਦੀ ਹੈ। ਹਾਂ ਖੱਬੇ-ਪੱਖੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਨੂੰ ਜ਼ਰੂਰ ਥੋੜ੍ਹਾ ਖਤਰਾ ਹੋ ਸਕਦਾ ਹੈ। ਗਰਮ ਦਲੀਏ ਵੀ ਫੂਕ-ਫੂਕ ਕੇ ਪੈਰ ਰੱਖ ਰਹੇ ਹਨ। ਇਹ ਇਕ ਗੁੱਝੀ ਰਣਨੀਤੀ ਦਾ ਹਿੱਸਾ ਕਿਹਾ ਜਾ ਸਕਦਾ ਹੈ।

### ਰਾਖੀ ਸਾਵੰਤ ਕਰੂਗੀ ਹੁਣ ਯੂ. ਪੀ. 'ਚ ਸਿਆਸੀ ਡਾਂਸ

ਬਾਵਾ ਸਾਹਿਬ ਦੇ ਨਾਮ ਤੇ ਸਿਆਸੀ ਰੋਟੀਆਂ ਸੇਕਣ ਵਾਲੀ ਮਹਾਂਰਾਸ਼ਟਰ ਦੀ ਖੇਤਰੀ ਪਾਰਟੀ ਰਿਪਬਲਿਕਨ ਪਾਰਟੀ ਆਫ ਇੰਡੀਆ (ਅਠਾਵਲੇ ਧੜਾ) ਨੇ ਬਸਪਾ ਸੁਪਰੀਮੋ ਮਾਇਆਵਤੀ ਦੇ ਖ਼ਿਲਾਫ਼ ਰਾਖੀ ਸਾਵੰਤ ਨੂੰ ਚੋਣ ਲੜਾਉਣ ਦਾ ਫੈਸਲਾ ਕੀਤਾ ਹੈ। ਇਕ ਗੱਲ ਤਾਂ ਹੁਣ ਪੱਕੀ ਹੀ ਕਹੀ ਜਾ ਸਕਦੀ ਹੈ ਕਿ ਰਾਖੀ, ਗਾਇਕ ਮੀਕੇ ਤੋਂ ਥੱਪੜ ਖਾ ਕੇ ਤਾਂ ਬਚ ਹੀ ਗਈ ਸੀ ਤੇ ਹੁਣ ਮਾਇਆਵਤੀ ਦੇ ਸਿਆਸੀ ਥੱਪੜ ਤੋਂ ਰਾਖੀ ਦੇ ਵਜੂਦ ਨੂੰ ਵੀ ਸ਼ਾਇਦ ਕੋਈ ਬਚਾਅ ਨਾ ਸਕੇ।

### ਮਜੀਠੀਆ ਦੇ ਖ਼ਿਲਾਫ਼ ਹਿੰਮਤ ਸਿੰਘ ਸ਼ੇਰਗਿੱਲ ਹੀ ਕਿਉਂ?

ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਦੀ ਚੋਣ ਵੱਡੇ ਫਰਕ ਨਾਲ ਹਾਰਨ ਵਾਲੇ ਮੰਨੇ-ਪ੍ਰਮੰਨੇ ਵਕੀਲ ਹਿੰਮਤ ਸਿੰਘ ਸ਼ੇਰਗਿੱਲ ਦੀ ਕਿਸਮਤ ਲੱਗਦਾ ਇਕ ਵਾਰ ਫਿਰ ਦਗਾ ਦੇ ਗਈ ਹੈ। ਪਹਿਲਾਂ ਜਦ ਸੁੱਚਾ ਸਿੰਘ ਛੋਟੇਪੁਰ ਦੀ ਕਨਵੀਨਰ ਦੇ ਅਹੁਦੇ ਤੋਂ ਛੁੱਟੀ ਕੀਤੀ ਗਈ ਸੀ ਤਾਂ ਉਦੋਂ ਲੱਗਦਾ ਸੀ ਕਿ ਇਹ ਅਹੁਦਾ ਹੁਣ ਹਿੰਮਤ ਸਿੰਘ ਸ਼ੇਰਗਿੱਲ ਨੂੰ ਦਿੱਤਾ ਜਾਵੇਗਾ ਪਰ ਸਭ ਸਿਆਸੀ ਵਿਸ਼ਲੇਸ਼ਕ ਉਦੋਂ ਧਰੇ-ਧਰਾਏ ਰਹਿ ਗਏ ਜਦ ਕੁਝ ਆਪ ਵਿਚ ਕੁਝ ਮਹੀਨੇ ਪਹਿਲਾਂ ਹੀ ਸ਼ਾਮਲ ਹੋਏ ਗੁਰਪ੍ਰੀਤ ਘੁੱਗੀ ਨੂੰ ਇਹ ਅਹੁਦਾ ਬਖਸ਼ ਦਿੱਤਾ ਗਿਆ। ਤੇ ਹੁਣ ਫਿਰ ਘੁੱਗੀ ਦੀ ਥਾਂ ਤੇ ਬਲੀ ਲੈਣ ਲਈ ਬਿਕਰਮ ਮਜੀਠੀਆ ਦੇ ਖ਼ਿਲਾਫ਼ ਹਿੰਮਤ ਸਿੰਘ ਦੀ ਪੂਰੀ ਤਿਆਰੀ ਆਪ ਦੀ ਲੀਡਰਸ਼ਿਪ ਨੇ ਕਰ ਲਈ ਹੈ। ਘੁੱਗੀ ਨੂੰ ਬਚਾਉਣ ਦਾ ਤੇ ਸ਼ੇਰਗਿੱਲ ਨੂੰ ਸਿਆਸੀ ਬਲੀ ਚੜ੍ਹਾਉਣ ਦਾ ਜ਼ਰੂਰ ਕੋਈ ਰਾਜ਼ ਹੈ। ਇਹ ਰਾਜ਼ ਸ਼ਾਇਦ ਚੋਣ ਨਤੀਜਿਆਂ ਤੋਂ ਬਾਦ ਹੀ ਪਤਾ ਲੱਗੇ।

### ਗਾਇਕ ਕੇ. ਐਸ. ਮੱਖਣ ਦੀ ਭੂਮਿਕਾ ਸ਼੍ਰੋਮਣੀ ਅਕਾਲੀ ਦਲ ਵਿਚ ਰਾਜ ਗਾਇਕ ਵਰਗੀ!

ਪੰਜਾਬ ਦਾ ਧਾਕੜ ਗਾਇਕ ਕੇ. ਐਸ. ਮੱਖਣ ਸ਼੍ਰੋਮਣੀ ਅਕਾਲੀ ਦਲ ਵਿਚ ਇਸ ਵਕਤ ਇਕੋ-ਇਕ ਸੁਰੀਲਾ ਤੇ ਚਰਚਿਤ ਚਿਹਰਾ ਹੈ, ਜਿਹੜਾ ਹਰ ਵੱਡੀ ਤੋਂ ਵੱਡੀ ਰੈਲੀ ਦੇ ਮੰਚ 'ਤੇ ਆਪਣੀ ਦਮਦਾਰ ਆਵਾਜ਼ ਦਾ ਜਾਦੂ ਬਿਖੇਰਦਾ ਨਜ਼ਰ ਆਉਂਦਾ ਹੈ। ਉਹ ਰੈਲੀ ਚਾਹੇ 'ਪਾਣੀ ਬਚਾਓ ਤੇ ਪੰਜਾਬ ਬਚਾਓ' ਦੇ ਸਬੰਧੀ ਹੋਵੇ ਤੇ ਜਾਂ ਆਦਮਪੁਰ ਹਵਾਈ ਅੱਡੇ ਦੇ ਉਦਘਾਟਨ ਸਬੰਧੀ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦਾ ਉਹਨੂੰ ਰਾਜਨੀਤਿਕ ਥਾਪੜਾ ਵੀ ਹੈ। ਹਾਲਾਂਕਿ ਮੱਖਣ ਨੇ ਬਸਪਾ ਦੇ ਹਾਥੀ ਦੀ ਸ੍ਰੀ ਆਨੰਦਪੁਰ ਸਾਹਿਬ ਤੱਕ ਸਵਾਰੀ ਕੀਤੀ ਤੇ ਉਤਰ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ। ਮੱਖਣ ਨੇ ਬੇਸ਼ੱਕ ਬਸਪਾ ਛੱਡ ਦਿੱਤੀ, ਪਰ ਉਹਨੇ ਅੱਜ ਤੱਕ ਬਸਪਾ ਨੂੰ ਮਾੜਾ ਵੀ ਨਹੀਂ ਕਿਹਾ। ਪਰ ਮੱਖਣ ਇਕ ਗੱਲ ਜ਼ਰੂਰ ਮੰਨਦਾ ਹੈ ਕਿ ਬਸਪਾ ਉਹਦੇ ਲਈ ਬਹੁਤ ਹੀ ਜ਼ਿਆਦਾ ਲੱਕੀ ਰਹੀ ਹੈ, ਕਿਉਂਕਿ ਉਹਦੇ ਤੇ ਜਿੰਨੇ ਵੀ ਮੁਕੱਦਮੇ ਚਲਦੇ ਸੀ, ਲੱਗਭੱਗ ਉਹਨਾਂ ਸਭਨਾਂ 'ਚੋਂ ਉਹ ਪਾਕਿ ਸਾਫ ਹੋ ਨਿਕਲਿਆ ਹੈ। ਮੱਖਣ ਪੰਜਾਬ ਦਾ ਉਹ ਧਾਕੜ ਗਾਇਕ ਕਿਹਾ ਜਾ ਸਕਦਾ ਹੈ, ਜਿਹੜਾ ਨਾ ਤਾਂ ਮੁਆਫੀਆਂ ਮੰਗਣ ਵਿਚ ਯਕੀਨ ਰੱਖਦਾ ਹੈ ਤੇ ਨਾ ਜਿਹਦੇ 'ਤੇ ਸਿਆਸਤ ਦਾ ਕੋਈ ਅਸਰ ਹੀ ਹੁੰਦਾ, ਸਰਕਾਰ ਭਾਵੇਂ ਜੀਹਦੀ ਮਰਜ਼ੀ ਹੋਵੇ। ਉਹ ਰਿਸਕ ਲੈਣ ਤੋਂ ਵੀ ਨਹੀਂ ਡਰਦਾ। ਜਿਸ ਤਰ੍ਹਾਂ ਮੱਖਣ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਤੇ ਬਾਬਾ ਸਾਹਿਬ ਨੂੰ ਸਮਰਪਿਤ ਨਗਮੇ ਗਾ ਕੇ ਦਲਿਤ ਸਮਾਜ ਵਿਚ ਆਪਣੀ ਪੈਠ ਬਣਾਈ ਹੈ, ਉਹ ਵੀ ਇਕ ਕਾਬਿਲੇ-ਤਾਰੀਫ ਗਾਥਾ ਕਹੀ ਜਾ ਸਕਦੀ ਹੈ। ਉਸਦੀ ਜਗ੍ਹਾ 'ਤੇ ਸ਼ਾਇਦ ਕੋਈ ਹੋਰ ਜੱਟ ਗਾਇਕ ਹੁੰਦਾ ਤਾਂ ਅਜਿਹਾ ਸੰਭਵ ਹੀ ਨਹੀਂ ਸੀ। ਕਿਉਂਕਿ ਬਹੁਤੇ ਜੱਟ ਗਾਇਕ ਦਲਿਤ ਸਮਾਜ ਨਾਲ ਸਬੰਧਤ ਇਹਨਾਂ ਮਹਾਂਪੁਰਸ਼ਾਂ ਦੇ ਇਤਿਹਾਸ ਬਾਰੇ ਆਪਣੀ ਸੁਰੀਲੀ ਆਵਾਜ਼ 'ਚ ਗੁਣਗਾਨ ਕਰਨ ਨੂੰ ਹਤਕ ਮਹਿਸੂਸ ਕਰਦੇ ਹਨ ਤੇ ਭੇਟਾ ਗਾਉਣ ਨੂੰ ਮਾਣ ਮਹਿਸੂਸ ਕਰਦੇ ਹਨ ਪਰ ਮੱਖਣ ਦੀ ਕਹਿਣੀ ਤੇ ਕਰਨੀ ਵਿਚ ਕੋਈ ਅੰਤਰ ਨਹੀਂ ਹੈ। ਕਿਉਂਕਿ ਜੇ ਉਹ ਇਹ ਸਤਰਾਂ ਗਾਉਂਦਾ ਹੈ ਕਿ 'ਗੈਰਾਂ ਦਿਆਂ ਸਿਰਾਂ ਤੇ ਨੀ ਹੁੰਦੀਆਂ ਲੜਾਈਆਂ, ਆਪਣੇ ਵੀ ਡੌਲਿਆਂ 'ਚ ਜਾਨ ਚਾਹੀਦੀ।'' ਵਾਕਿਆ ਉਹਦੇ ਡੌਲਿਆਂ 'ਚ ਜਾਨ ਵੀ ਹੈ ਤੇ ਉਹ ਆਪਣੀ ਮਰਜ਼ੀ ਦਾ ਮਾਲਕ ਵੀ ਆਪ ਹੀ ਹੈ। ਇਸੇ ਕਰਕੇ ਉਸਦੀ ਗਾਇਕੀ ਤੇ ਕੋਈ ਕਿੰਤੂ-ਪ੍ਰੰਤੂ ਵੀ ਨਹੀਂ ਕਰਦਾ। ਉਹਨੇ ਜੋ ਗਾਇਆ ਰੂਹ ਤੋਂ ਗਾਇਆ। ਤੇ ਗਾ ਕੇ ਹੋਰਾਂ ਗਾਇਕਾਂ ਵਾਂਗ ਮੁਆਫੀਆਂ ਵੀ ਨਹੀਂ ਮੰਗਦਾ। ਕਲਾਕਾਰਾਂ ਨੂੰ ਜਦਕਿ ਸਿਆਸਤ ਘੱਟ ਹੀ ਰਾਸ ਆਉਂਦੀ ਹੈ, ਫਿਰ ਵੇਖਣਾ ਇਹ ਹੋਵੇਗਾ ਕਿ ਮੱਖਣ ਸਿਆਸਤ ਦਾ ਹਾਣੀ ਹੋ ਨਿੱਬੜੇਗਾ ਤੇ ਜਾਂ ਉਹਨੂੰ ਅਕਾਲੀ ਦਲ ਵੀ ਬਸਪਾ ਵਾਂਗ ਲੱਕੀ ਬੈਠੇਗਾ। ਇਹਨਾਂ ਸਵਾਲਾਂ ਦੇ ਜਵਾਬ ਤਾਂ ਭਵਿੱਖ ਦੇ ਗਰਭ ਵਿਚ ਹਨ। ਪਰ ਅੱਜ ਦੀ ਤਾਰੀਖ ਵਿਚ ਕੇ. ਐਸ. ਮੱਖਣ, ਸ਼੍ਰੋਮਣੀ ਅਕਾਲੀ ਦਲ ਦੀਆਂ ਵੱਡੀਆਂ-ਵੱਡੀਆਂ ਰੈਲੀਆਂ 'ਚ ਜਿਸ ਤਰ੍ਹਾਂ ਆਪਣੀ ਗਾਇਕੀ ਨਾਲ ਸਿਆਸਤਦਾਨਾਂ ਦਾ ਹਰ ਦਿਲ ਅਜ਼ੀਜ਼ ਬਣਿਆ ਹੋਇਆ ਹੈ, ਇਸ ਨੂੰ ਵੇਖ ਕੇ ਉਸਦੀ ਭੂਮਿਕਾ ਰਾਜ ਗਾਇਕ ਵਾਲੀ ਨਜ਼ਰ ਆਉਂਦੀ ਹੈ।

### 50 ਦਿਨ ਪੂਰੇ ਹੋਣ ਤੋਂ ਬਾਅਦ ਕੀ ਹੋਵੇਗਾ

50 ਦਿਨ ਪੂਰੇ ਹੋਣ ਵਾਲੇ ਹਨ। ਨੋਟਬੰਦੀ ਕਰਕੇ ਸਾਰਾ ਮੁਲਕ ਲਾਈਨ 'ਚ ਹਾਲੇ ਵੀ ਲੱਗਾ ਹੋਇਆ ਹੈ। ਏ. ਟੀ. ਐਮ. ਖਾਲੀ ਪਏ ਹਨ। ਲੋਕਾਂ ਦੀਆਂ ਮੁਸ਼ਕਿਲਾਂ ਦਾ ਕੋਈ ਹੱਲ ਨਜ਼ਰ ਨਹੀਂ ਆ ਰਿਹਾ। ਲਾਈਨਾਂ ਵਿਚ ਲੱਗਿਆਂ ਦੀਆਂ ਮੌਤਾਂ ਬਾਦਸਤੂਰ ਜਾਰੀ ਹਨ। ਘਰਾਂ 'ਚ ਕਲੇਸ਼ ਤੇ ਲੜਾਈਆਂ ਵੱਧ ਗਈਆਂ ਹਨ। ਘਰਾਂ ਦੇ ਹਾਲਾਤ ਐਮਰਜੈਂਸੀ ਵਰਗੇ ਹੋਏ ਪਏ ਹਨ। ਜਿਹਨਾਂ ਦੇ ਰਿਸ਼ਤੇ ਹੋਏ, ਉਹਨਾਂ ਦੇ ਰਿਸ਼ਤੇ ਟੁੱਟ ਗਏ ਤੇ ਜਿਹਨਾਂ ਦੇ ਵਿਆਹ ਧਰੇ ਸੀ, ਉਹ ਧਰੇ ਰਹਿ ਗਏ। ਜਨਤਾ ਰੋਜ਼ਗਾਰ ਦੀਆਂ ਖਾਣ-ਪੀਣ ਵਾਲੀਆਂ ਵਸਤਾਂ ਤੋਂ ਵੀ ਮਹਰੂਮ ਹੋਈ ਪਈ ਹੈ। ਮੋਦੀ ਸਾਹਿਬ ਉਤਰ ਪ੍ਰਦੇਸ਼ ਤੇ ਪੰਜਾਬ ਦੀਆਂ ਚੋਣਾਂ ਜਿੱਤਣ ਲਈ, ਨੋਟਬੰਦੀ ਦੇ ਜਿੰਨੇ ਮਰਜ਼ੀ ਫਾਇਦੇ ਗਿਣਾਉਣ ਤੇ 2 ਜਨਵਰੀ ਨੂੰ ਲਖਨਊ 'ਚ ਹੋਣ ਵਾਲੀ ਜਨਸਭਾ ਵਿਚ ਜਿੰਨੇ ਮਰਜ਼ੀ ਸਬਜ਼ਬਾਗ ਦਿਖਾਉਣ, ਪਰ ਜਨਤਾ ਦੇ ਦਿਲ ਵਿਚ ਜੋ ਕੁੜੱਤਣ ਭਰ ਚੁੱਕੀ ਹੈ, ਉਹਨੂੰ ਮਿਠਾਸ 'ਚ ਬਦਲਣਾ ਹਾਲੇ ਦੂਰ ਦੀ ਕੌਡੀ ਹੈ। ਹੋ ਸਕਦਾ ਜਿਸ ਪੈਰ ਨੂੰ ਸ਼ੂਗਰ ਹੋਈ ਹੋਵੇ, ਉਲਟਾ ਆਪਣੇ ਸ਼ਬਦਾਂ ਦੇ ਜ਼ਰੀਏ ਦੂਸਰੇ ਪੈਰ ਨੂੰ ਕੱਟਣ ਦੀ ਕੋਸ਼ਿਸ਼ ਕਰਨ।

### ਆਧਾਰਹੀਣ ਕਲਾਕਾਰ ਭਾਜਪਾ 'ਚ ਹੀ ਕਿਉਂ ਸ਼ਾਮਲ ਹੋ ਰਹੇ ਹਨ

2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੀ ਪ੍ਰਸਿੱਧ ਗਾਇਕਾ ਮਿਸ ਪੂਜਾ ਗੱਜ-ਵੱਜ ਕੇ ਭਾਜਪਾ 'ਚ ਸ਼ਾਮਲ ਹੋਈ ਸੀ ਤੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਚੋਣ ਲੜਨ ਦੀ ਚਾਹਵਾਨ ਵੀ ਸੀ, ਫਿਰ ਅਜਿਹਾ ਕੁਝ ਵਾਪਰਿਆ ਕਿ ਉਹ ਚੋਣ ਲੜਨਾ ਤਾਂ ਇਕ ਪਾਸੇ ਮੁੜ ਪਾਜਪਾ ਦੀ ਕਿਸੇ ਸਟੇਜ 'ਤੇ ਵੀ ਨਜ਼ਰ ਨਹੀਂ ਆਈ। ਤੇ ਮਹੀਨਾ ਕੁ ਪਹਿਲਾਂ ਹੰਸ ਰਾਜ ਹੰਸ ਸਾਰਾ ਆਲਾ-ਦੁਆਲਾ ਘੁੰਮ-ਘੁੰਮਾਅ ਕੇ ਚੁੱਪਚਾਪ ਦਿੱਲੀ ਜਾ ਕੇ ਭਾਜਪਾ 'ਚ ਸ਼ਾਮਲ ਹੋ ਗਿਆ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਹੰਸ ਦੁਨੀਆਂ ਦਾ ਮੰਨਿਆ-ਪ੍ਰਮੰਨਿਆ ਗਵੱਈਆ ਹੈ, ਪਰ ਜਨਤਾ 'ਚ ਉਹਦਾ ਆਧਾਰ ਨਹੀਂ ਹੈ। ਤੇ ਹੁਣ ਇਕ ਹੋਰ ਗਾਇਕ ਰਣਜੀਤ ਮਣੀ ਭਾਜਪਾ 'ਚ ਸ਼ਾਮਲ ਹੋ ਗਿਆ। ਇਸ ਗਾਇਕ ਦਾ ਜਨਤਾ 'ਚ ਆਧਾਰ ਤਾਂ ਇਕ ਪਾਸੇ ਬਹੁਤੇ ਤਾਂ ਇਹ ਵੀ ਨਹੀਂ ਜਾਣਦੇ ਕਿ ਰਣਜੀਤ ਮਣੀ ਨਾਂ ਦਾ ਕੋਈ ਗਾਇਕ ਪੰਜਾਬ 'ਚ ਹੈ ਵੀ ਹੈ।

### ਸਿਆਸੀ ਸ਼ਖਸੀਅਤਾਂ ਦੀ ਮੌਤ 'ਤੇ ਵਿਵਾਦ ਕਿਉਂ ਛਿੜ ਜਾਂਦਾ ਹੈ?

ਜਦ ਵੀ ਕੋਈ ਸਿਆਸੀ ਸ਼ਖਸੀਅਤ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੀ ਹੈ ਤਾਂ ਫਿਰ ਉਸ ਤੋਂ ਬਾਅਦ ਕੁਝ ਲੋਕ ਮੌਤ ਨੂੰ ਵਿਵਾਦ ਕਿਉਂ ਬਣਾਉਣ ਲੱਗ ਪੈਂਦੇ ਹਨ। ਜਿਵੇਂ ਕਿ ਹਾਲ ਹੀ ਵਿਚ ਤਾਮਿਲਨਾਡੂ ਦੀ ਲੰਮੇ ਸਮੇਂ ਤੱਕ ਰਹੀ ਮੁੱਖ ਮੰਤਰੀ ਜੈਲਲਿਤਾ ਦੀ ਮੌਤ ਤੋਂ ਬਾਅਦ ਵਿਵਾਦ ਉਪਜਿਆ ਹੈ। ਹਾਲਾਂਕਿ ਵਿਵਾਦ ਵੀ ਅੰਨਾ ਡੀ. ਐਮ. ਕੇ. 'ਚੋਂ ਮੁਅੱਤਲ ਚੱਲ ਰਹੀ ਸੰਸਦ ਮੈਂਬਰ ਸ਼ਸ਼ੀਕਲਾ ਨੇ ਹੀ ਖੜ੍ਹਾ ਕੀਤਾ ਹੈ ਤੇ ਇਸ ਦੀ ਜਾਂਚ ਸੁਪਰੀਮ ਕੋਰਟ ਤੇ ਜਾਂ ਸੀ. ਬੀ. ਆਈ. ਤੋਂ ਕਰਾਉਣ ਦੀ ਮੰਗ ਕੀਤੀ ਹੈ। ਤੇ ਇਸੇ ਤਰ੍ਹਾਂ ਕੁਝ ਲੋਕਾਂ ਨੇ ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਮੌਤ ਨੂੰ ਵੀ ਵਿਵਾਦਾਂ ਦੇ ਘੇਰੇ 'ਚ ਲਿਆ ਕੇ ਜਾਂਚ ਦੀ ਮੰਗ ਕੀਤੀ ਸੀ। ਇਸ ਤੋਂ ਵੀ ਅੱਗੇ ਜਾ ਕੇ ਇਹਨਾਂ ਲੋਕਾਂ ਨੇ ਸਾਹਿਬ ਦੇ ਮ੍ਰਿਤਕ ਸਰੀਰ ਨੂੰ ਆਪਣੇ ਕਬਜ਼ੇ 'ਚ ਲੈਣ ਲਈ ਸੁਪਰੀਮ ਕੋਰਟ 'ਚ ਇਕ ਪਟੀਸ਼ਨ ਦਾਇਰ ਕੀਤੀ ਸੀ। ਪਰ ਜੱਜਾਂ ਨੇ ਜਜਮੈਂਟ 'ਚ ਇਹ ਲਿਖਿਆ ਸੀ ਕਿ ਸਾਹਿਬ ਕਾਂਸ਼ੀ ਰਾਮ ਬਸਪਾ ਦੀ ਵਿਰਾਸਤ ਹਨ, ਇਸ ਕਰਕੇ ਉਹਨਾਂ ਦੇ ਮ੍ਰਿਤਕ ਸਰੀਰ 'ਤੇ ਬਸਪਾ ਦਾ ਹੀ ਕਬਜ਼ਾ ਹੈ। ਤੇ ਤੁਸੀਂ ਵੀ ਜਾਓ ਤੇ ਜਾ ਕੇ ਸਾਹਿਬ ਦੀ ਅੰਤਿਮ ਯਾਤਰਾ ਵਿਚ ਸ਼ਾਮਲ ਹੋਵੋ।

### ਦਲਿਤ ਰਾਜਨੀਤੀ 'ਤੇ ਛਿੜਿਆ ਮਹਾਂਭਾਰਤ

ਪੰਜਾਬ ਦੀ 32 ਫੀਸਦੀ ਦਲਿਤ ਵੋਟ ਬੈਂਕ ਨੂੰ ਲੈ ਕੇ ਤੇ ਖਾਸ ਕਰਕੇ ਦੁਆਬੇ ਦੀਆਂ ਦੋ ਦਰਜਨ ਸੀਟਾਂ ਨੂੰ ਲੈ ਕੇ ਹਰ ਪਾਰਟੀ 'ਚ ਰਾਜਨੀਤਿਕ ਮਹਾਂਭਾਰਤ ਛਿੜਿਆ ਹੋਇਆ ਹੈ। ਹਰ ਪਾਰਟੀ ਇਸ ਵਾਰ ਦਲਿਤਾਂ ਨੂੰ ਸਬਜ਼ਬਾਗ ਦਿਖਾ ਕੇ ਸੱਤਾ ਪ੍ਰਾਪਤ ਕਰਨ ਦੀ ਚਾਹਤ ਵਿਚ ਹੈ।

ਆਪ ਨੇ ਦਲਿਤਾਂ ਨੂੰ ਬੁੱਕਲ ਵਿਚ ਲੈਣ ਲਈ ਉਪ ਮੁੱਖ ਮੰਤਰੀ ਦਾ ਅਹੁਦਾ ਦੇਣ ਦੀ ਆਪਣੇ ਦਲਿਤ ਮੈਨੀਫੈਸਟੋ ਵਿਚ ਇੱਛਾ ਜ਼ਾਹਿਰ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਬਹੁਤਿਆਂ ਰਿਜ਼ਰਵ ਹਲਕਿਆਂ ਤੋਂ ਨਵੇਂ ਦਲਿਤ ਦੇ ਕੇ ਆਪਣੇ ਪੁਰਾਣੇ ਵਿਧਾਇਕਾਂ 'ਤੇ ਲੱਗੇ ਦਾਗਾਂ ਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਧਰ ਕਾਂਗਰਸ ਵੀ ਫੂਕ-ਫੂਕ ਕੇ ਦਲਿਤ ਰਾਜਨੀਤੀ ਕਰ ਰਹੀ ਹੈ। ਹੰਸ ਰਾਜ ਹੰਸ ਦਾ ਕਾਂਗਰਸ ਛੱਡ ਜਾਣਾ ਤੇ ਬੰਗਾ ਤੋਂ ਚੌਧਰੀ ਜਗਤ ਰਾਮ ਦੇ ਬੇਟੇ ਤਰਲੋਚਨ ਸੂੰਦ (ਮੌਜੂਦਾ ਵਿਧਾਇਕ) ਦੀ ਟਿਕਟ ਕੱਟ ਕੇ, ਵਿਰੋਧੀ ਧਿਰ ਦੇ ਨੇਤਾ ਰਹੇ ਸ. ਸਤਨਾਮ ਸਿੰਘ ਕੈਂਥ ਨੂੰ ਬੰਗਾ (ਰਿਜ਼ਰਵ) ਤੋਂ ਟਿਕਟ ਦੇਣਾ ਇਸੇ ਕੜੀ ਦਾ ਹਿੱਸਾ ਕਿਹਾ ਜਾ ਸਕਦਾ ਹੈ। ਤੇ ਉਧਰ ਬਾਵਾ ਸਾਹਿਬ ਦੇ ਪੋਤਰੇ ਪ੍ਰਕਾਸ਼ ਅੰਬੇਡਕਰ ਦੀ ਪਾਰਟੀ ਬਹੁਜਨ ਮਹਾਂਸੰਘ ਨੇ ਪੰਜਾਬ ਦੀਆਂ 40 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰਨ ਦਾ ਐਲਾਨ ਕੀਤਾ ਹੈ। ਹਾਲਾਂਕਿ ਪੰਜਾਬ ਦੇ 34 ਤਾਂ ਰਿਜ਼ਰਵ ਹਲਕੇ ਹੀ ਹਨ।

ਪਰ ਇਸ ਪਾਰਟੀ ਦੇ ਇਕ ਅੰਦਰੂਨੀ ਸੂਤਰ ਦਾ ਕਹਿਣਾ ਹੈ ਕਿ ਪਾਰਟੀ ਦਾ 4-5 ਵਿਧਾਇਕ ਜਿਤਾਉਣ ਦਾ ਮਨਸੂਬਾ ਹੈ। ਸਭ ਤੋਂ ਵੱਧ ਹੈਰਾਨੀ ਵਾਲੀ ਗੱਲ ਇਹ ਹੈ ਕਿ 200 ਤੋਂ ਵੱਧ ਮਹਾਂਰਾਸ਼ਟਰ ਦੀ ਅਸੈਂਬਲੀ ਵਿਚ ਇਸ ਪਾਰਟੀ ਦਾ ਸਿਰਫ ਇਕ ਹੀ ਨਾਮਾਤਰ ਵਿਧਾਇਕ ਹੈ। ਉਧਰ ਦਲਿਤਾਂ ਤੇ ਆਪਣੀ ਪੈਂਠ ਬਣਾਈ ਰੱਖਣ ਵਾਲੀ ਬਹੁਜਨ ਸਮਾਜ ਪਾਰਟੀ ਵੀ ਆਪਣੀ ਜ਼ਬਰਦਸਤ ਹਾਜ਼ਰੀ ਲਵਾਉਣ ਲਈ ਵਧੀਆ ਢੰਗ ਨਾਲ ਰਾਜਨੀਤਿਕ ਵਿਉਂਤਬੰਦੀ ਸਿਰਜਣ ਵਿਚ ਮਸਰੂਫ ਹੈ। ਰਹੀ ਗੱਲ ਭਾਜਪਾ ਦੀ। ਜਿਸ ਦਿਨ ਦੀ ਵਿਜੈ ਸਾਂਪਲਾ ਨੇ ਪੰਜਾਬ ਭਾਜਪਾ ਦੀ ਕਮਾਨ ਸੰਭਾਲੀ ਹੈ ਤਾਂ ਪੰਜਾਬ ਦੇ ਦਲਿਤ ਪੈਸੇ ਲੈ ਕੇ ਵੀ ਭਾਜਪਾ ਦੀਆਂ ਰੈਲੀਆਂ 'ਚ ਜਾ ਕੇ ਕੁਰਸੀਆਂ 'ਤੇ ਬੈਠਣ ਨੂੰ ਤਿਆਰ ਨਹੀਂ ਹਨ। ਮਤਲਬ ਜਿੱਧਰ ਵੀ ਵੇਖੋ ਭਾਜਪਾ ਦੀਆਂ ਡਾਹੀਆਂ ਕੁਰਸੀਆਂ ਖਾਲੀ ਹੀ ਨਜ਼ਰ ਆਉਂਦੀਆਂ ਹਨ।

# ਸੰਜਮੀ, ਸੰਕੋਚੀ, ਸਲੀਕੇਦਾਰ ਤੇ ਸਮਝਦਾਰ ਪੁਲਿਸ ਅਫਸਰ- ਐਸ.ਪੀ. ਜਸਵੀਰ ਸਿੰਘ ਰਾਏ

ਤਰੱਕੀ ਦੇ ਅੰਬਰ 'ਤੇ ਉਹੀ ਬਾਖੂਬੀ ਹੋਸ਼ ਹਵਾਸ ਰੱਖ ਕੇ ਪ੍ਰਵਾਜ਼ ਭਰਦੇ ਹਨ, ਜਿਹਨਾਂ ਦਾ ਅਤੀਤ ਮਜ਼ਬੂਤ ਹੁੰਦਾ ਹੈ। ਜਿਸ ਕਾਰਨ ਉਹਨਾਂ ਵਿਚ ਹਰ ਹਨੇਰੀ ਅਤੇ ਹਨੇਰੇ ਤੋਂ ਪਾਰ ਵੇਖਣ ਵਾਲੀ ਪਾਰਦਰਸ਼ੀ ਅੱਖ ਹੁੰਦੀ ਹੈ। ਸੰਜਮ, ਸੰਕੋਚੀ ਤੇ ਸੂਝ-ਬੂਝ ਰੱਖਣ ਵਾਲੇ ਸਮਝਦਾਰ ਸ਼ਖਸ ਸਮਾਜ ਲਈ ਆਦਰਸ਼ ਬਣ ਜਾਂਦੇ ਹਨ। ਉਪਰੋਕਤ ਸ਼ਬਦ ਐਸ. ਪੀ. ਜਸਵੀਰ ਸਿੰਘ ਰਾਏ ਤੇ ਹੂਬਹੂ ਢੁੱਕਦੇ ਹਨ, ਜਿਹਨਾਂ ਨੂੰ ਪੰਜਾਬ ਸਰਕਾਰ ਨੇ ਹਾਲ ਹੀ ਦੇ ਦਿਨਾਂ ਵਿਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਐਸ. ਪੀ. (ਸਥਾਨਕ) ਨਿਯੁਕਤ ਕੀਤਾ ਹੈ। ਮਾਤਾ ਪ੍ਰੇਮ ਕੌਰ (ਸਵਰਗੀ), ਪਿਤਾ ਸ੍ਰੀ ਪ੍ਰੇਮ ਸਿੰਘ (ਸਵਰਗੀ) ਦਾ ਹੋਣਹਾਰ ਸਪੁੱਤਰ, ਚਾਰ ਭਰਾਵਾਂ (ਗੁਰਮੀਤ ਸਿੰਘ, ਸ. ਬਲਦੇਵ ਸਿੰਘ ਸਰਪੰਚ, ਸਵ. ਬਲਵੀਰ ਸਿੰਘ ਤੇ ਸ. ਭੁਪਿੰਦਰ ਸਿੰਘ ਰਾਏ, ਡਿਪਟੀ ਕਮਿਸ਼ਨਰ ਬਰਨਾਲਾ) ਦੀ ਅੱਖ ਦਾ ਧਰੂ ਤਾਰਾ, ਰੋਪੜ ਤੋਂ 5 ਕਿਲੋਮੀਟਰ ਦੂਰ ਪਿੰਡ ਮਜਾਰੀ ਠੇਕੇਦਾਰਾਂ ਦਾ ਜੰਮਪਲ, ਕਿਸੇ ਪਵਿੱਤਰ ਆਸਥਾ ਵਰਗੀ ਸ੍ਰੀਮਤੀ ਅਵਤਾਰ ਕੌਰ (ਪਿੰਡ ਲੰਗਰਪੁਰ, ਦਸੂਹਾ) ਦਾ ਜੀਵਨ ਸਾਥੀ, ਬੇਟੀ ਦਿਲਪ੍ਰੀਤ ਕੌਰ (ਜੋ ਕਿ ਚੰਡੀਗੜ੍ਹ ਲਾਅ ਕਰਦੀ ਹੈ) ਤੇ ਬੇਟਾ ਰਵਨੀਤ ਸਿੰਘ (ਜੋ ਕਿ ਲਵਲੀ ਯੂਨੀਵਰਸਿਟੀ 'ਚ ਜੌਬ ਕਰਦਾ ਹੈ, ਤੇ ਨਾਲ ਦੀ ਨਾਲ ਉੱਚ ਦਰਜੇ ਦੀ ਵਿੱਦਿਆ ਵੀ ਹਾਸਲ ਕਰ ਰਿਹਾ ਹੈ) ਦਾ ਸਿਆਣਾ ਬਾਪ, ਰੋਪੜ ਗੌਰਮਿੰਟ ਕਾਲਜ 'ਚ ਪੰਜਾਬ ਦੇ ਮੰਨੇ-ਪ੍ਰਮੰਨੇ ਗਾਇਕ ਸੁਰਜੀਤ ਬਿੰਦਰਖੀਏ ਦਾ ਕਲਾਸਫੈਲੋ ਤੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋਂ ਦਾ ਚਚੇਰਾ ਭਰਾ ਸ. ਜਸਵੀਰ ਸਿੰਘ ਰਾਏ ਪੰਜਾਬ ਪੁਲਿਸ ਵਿਚ ਇਕ ਅਫਸਰ ਦੇ ਤੌਰ 'ਤੇ ਕਿਸੇ ਵੀ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ। ਏ. ਐਸ. ਆਈ. ਤੋਂ ਭਰਤੀ ਹੋ ਕੇ ਐਸ. ਪੀ. ਦੇ ਰੈਂਕ ਤੇ ਪਹੁੰਚਣਾ ਉਸਦੇ ਦਿਨ-ਰਾਤ ਉਨੀਂਦਰੇ ਰਹਿ ਰਹਿ ਕੇ ਕੀਤੇ ਸੰਘਰਸ਼ ਦਾ ਨਤੀਜਾ ਹੈ। ਔਖੇ ਵੇਲੇ ਜਸਵੀਰ ਨੇ ਕਦੇ ਵੀ ਮੂੰਹ ਨਹੀਂ ਮੋੜਿਆ, ਸਗੋਂ ਦੋ ਕਦਮ ਅੱਗੇ ਵੱਧ ਕੇ ਉਹਨੇ ਆਪਣੀ ਤੇ ਖਾਕੀ ਵਰਦੀ ਦੀ ਲਾਜ ਰੱਖੀ ਹੈ। ਚਾਪਲੂਸਾਂ ਤੋਂ ਉਹ ਹਮੇਸ਼ਾ ਹੀ ਬਚਦਾ ਹੈ, ਕਿਉਂਕਿ ਉਸਦਾ ਮੰਨਣਾ ਹੈ ਕਿ ਚਾਪਲੂਸ ਫਟੇ ਹੋਏ ਕੋਟ ਨੂੰ ਵੀ ਸੋਨੇ ਦੇ ਬਟਨ ਲਾ ਦਿੰਦੇ ਹਨ। ਜ਼ਿੰਦਗੀ 'ਚ ਜਸਵੀਰ ਨੂੰ ਕਈ ਵੱਡੀਆਂ ਜ਼ਿੰਮੇਵਾਰੀਆਂ ਦਾ ਸਾਹਮਣਾ ਕਰਨਾ ਪਿਆ, ਪਰ ਉਹ ਨਾ ਘਾਬਰਿਆ ਤੇ ਨਾ ਘਬਰਾਇਆ। ਪਿੱਛੇ ਜਿਹੇ ਜਦੋਂ ਫਗਵਾੜਾ ਵਿਚ ਕੁਝ ਸ਼ਰਾਰਤੀ ਅਨਸਰਾਂ ਨੇ ਹਾਲਤ ਬਹੁਤ ਹੀ ਮਾੜੇ ਕਰ ਦਿੱਤੇ ਤਾਂ ਪੰਜਾਬ ਸਰਕਾਰ ਨੇ ਉਹਨੂੰ ਸ੍ਰੀ ਅੰਮ੍ਰਿਤਸਰ ਤੋਂ ਬਦਲ ਕੇ ਰਾਤੋ ਰਾਤ ਫਗਵਾੜੇ ਪਹੁੰਚਣ ਨੂੰ ਕਿਹਾ।



ਜਸਵੀਰ ਨੇ ਬੱਸ ਦੋ ਕੁ ਦਿਨਾਂ ਵਿਚ ਹੀ ਮਾੜੇ ਅਨਸਰਾਂ ਨੂੰ ਐਸੀ ਨੱਥ ਪਾਈ ਕਿ ਉਹ ਅੱਜ ਵੀ ਭਾਲਿਆਂ ਨਹੀਂ ਲੱਭਦੇ। ਮੋਹਨ ਲਾਲ ਸਾਬਕਾ ਐਮ. ਐਲ. ਏ. ਬੰਗਾ ਦੇ ਕੇਸ ਵਿਚ ਵੀ ਉਹਨੇ ਆਪਣੇ ਅਹੁਦੇ 'ਤੇ ਰਹਿੰਦਿਆਂ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਕੇ ਰੱਖ ਦਿੱਤਾ ਸੀ। ਪਿੱਛੇ ਜਿਹੇ ਖੋਥੜਾ ਪਿੰਡ ਤੋਂ ਅਗਵਾ ਹੋਇਆ ਇਕ ਚੰਦ ਮਹੀਨਿਆਂ ਦਾ ਬੱਚਾ ਸੱਤ ਘੰਟਿਆਂ 'ਚ ਬਰਾਮਦ ਕਰ ਲੈਣਾ ਵੀ ਜਸਵੀਰ ਰਾਏ ਦੀ ਦੇਖ-ਰੇਖ ਵਿਚ ਪੁਲਿਸ ਦੀ ਵੱਡੀ ਪ੍ਰਾਪਤੀ ਹੈ। ਜਿਸ ਦਿਨ ਦੀ ਜਸਵੀਰ ਰਾਏ ਦੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਤਾਇਨਾਤੀ ਹੋਈ ਹੈ, ਸਮਾਜ ਵਿਰੋਧੀ ਅਨਸਰਾਂ ਦੀਆਂ ਸਰਗਰਮੀਆਂ ਕਾਫੀ ਘੱਟ ਗਈਆਂ ਹਨ। ਛੋਟੇ ਮੁਲਾਜ਼ਮਾਂ ਦੀ ਹਰ ਸਹੂਲਤ ਬਾਰੇ ਉਹ ਹਮੇਸ਼ਾ ਹੀ ਫਿਕਰਮੰਦ ਰਹਿੰਦੇ। ਹਾਕੀ ਦਾ ਹੋਣਹਾਰ ਖਿਡਾਰੀ ਰਿਹਾ ਹੋਣ ਕਰਕੇ ਰੋਪੜ ਹਰ ਸਾਲ ਐਨ. ਆਰ. ਆਈ. ਲੋਕਾਂ ਤੇ ਹੋਰ ਖੇਡ ਪ੍ਰੇਮੀਆਂ ਦੇ ਨਾਲ ਰਲ ਕੇ ਹਾਕੀ ਦੇ ਮੈਚ ਕਰਵਾਉਂਦੇ ਹਨ। ਸ਼ਾਇਰੀ ਤੇ ਸੰਗੀਤ ਦਾ ਉਹਨੂੰ ਬਹੁਤ ਹੀ ਜ਼ਿਆਦਾ ਸ਼ੌਂਕ ਹੈ। ਇਸੇ ਕਰਕੇ ਕਾਮੇਡੀਅਨ ਬਿੰਨੂ ਢਿੱਲੋਂ, ਬੌਬੀ, ਜਸਵੀਰ ਜੱਸੀ, ਨਛੱਤਰ ਗਿੱਲ, ਨਿਰਮਲ ਸਿੱਧੂ, ਬੂਟਾ ਮੁਹੰਮਦ, ਮੰਗੀ ਮਾਹਿਲ, ਮਕਬੂਲ ਤੇ ਭੋਟੂ ਸ਼ਾਹ ਤੇ ਕਾਕੇ ਸ਼ਾਹ ਦਾ ਜਸਵੀਰ ਨਾਲ ਗੂੜ੍ਹਾ ਪਿਆਰ ਹੈ।

ਜਸਵੀਰ ਰਾਏ ਇਕ ਬਹੁਤ ਵਧੀਆ ਬੁਲਾਰਾ ਵੀ ਹੈ ਤੇ ਇਸੇ ਕਰਕੇ ਹੀ ਉਹ ਚੈਨਲਾਂ 'ਤੇ ਅਕਸਰ ਪੰਜਾਬ ਪੁਲਿਸ ਦੀ ਤਰਫੋਂ ਨਸ਼ਿਆਂ ਬਾਰੇ ਸੋਚਦਾ ਨਜ਼ਰ ਆਉਂਦਾ ਹੈ। ਜਸਵੀਰ ਹੁਣ ਤੱਕ ਬੰਗਾ, ਗੁਰਾਇਆਂ, ਹੁਸ਼ਿਆਰਪੁਰ, ਜਲੰਧਰ, ਡੇਹਲੋਂ, ਸੁਧਾਰ, ਰਾਏਕੋਟ, ਮੁਕੰਦਪੁਰ, ਅੰਮ੍ਰਿਤਸਰ ਤੇ ਫਗਵਾੜਾ ਵਿਖੇ ਵੱਖ-ਵੱਖ ਅਹੁਦਿਆਂ ਤੇ ਰਹਿ ਕੇ ਇਮਾਨਦਾਰੀ ਨਾਲ ਬਾਖੂਬੀ ਤੇ ਬੇਖੌਫ ਹੋ ਕੇ ਆਪਣੀ ਡਿਊਟੀ ਨੂੰ ਅੰਜਾਮ ਦੇ ਚੁੱਕਾ ਹੈ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਖੁਸ਼ਕਿਸਮਤੀ ਹੈ ਕਿ ਜਸਵੀਰ ਸਿੰਘ ਰਾਏ ਵਰਗਾ ਨੇਕ, ਹੁਨਰਮੰਦ, ਬੇਬਾਕ ਤੇ ਸਲੀਕੇਦਾਰ ਪੁਲਿਸ ਅਫਸਰ ਮਿਲਿਆ ਹੈ। ਵਾਹਿਗੁਰੂ ਕਰੇ ਉਹਦੇ ਵਰਗਾ ਪੁਲਿਸ ਅਫਸਰ ਪੰਜਾਬ ਦੇ ਹਰ ਪੁਲਿਸ ਜ਼ਿਲ੍ਹੇ ਨੂੰ ਮਿਲੇ ਤੇ ਪੰਜਾਬ ਦੇ ਗੁਆਚੇ ਹੋਏ ਹਾਸੇ ਮੁੜ ਪਰਤ ਆਉਣ।

# ਮਾਇਆਵਤੀ ਵੱਲੋਂ ਕੇਂਦਰ 'ਤੇ ਬਸਪਾ ਖ਼ਿਲਾਫ਼ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦੇ ਦੋਸ਼



**ਲਖਨਊ/ਨਵੀਂ ਦਿੱਲੀ–** ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਬੀਤੇ ਦਿਨ ਬਸਪਾ ਦੇ ਬੈਂਕ ਖ਼ਾਤੇ ਵਿੱਚ 104 ਕਰੋੜ ਰੁਪਏ ਜਮ੍ਹਾਂ ਹੋਣ ਦਾ ਪਤਾ ਲਾਏ ਜਾਣ ਤੋਂ ਬਾਅਦ ਪਾਰਟੀ ਮੁਖੀ ਬੀਬੀ ਮਾਇਆਵਤੀ ਨੇ ਇਸ ਨੂੰ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਰਾਹੀਂ 'ਦਲਿਤ ਵਿਰੋਧੀ' ਭਾਜਪਾ ਤੇ ਮੋਦੀ ਸਰਕਾਰ ਵੱਲੋਂ ਉਨ੍ਹਾਂ ਦੀ ਪਾਰਟੀ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕਰਾਰ ਦਿੱਤਾ। ਦੂਜੇ ਪਾਸੇ ਭਾਜਪਾ ਦੀ ਭਾਈਵਾਲ ਐਲਜੇਪੀ ਦੇ ਆਗੂ ਤੇ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਤੇ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਮੋੜਵਾਂ ਹਮਲਾ ਕਰਦਿਆਂ ਕਿਹਾ ਕਿ ਦਲਿਤ ਹੋਣ ਨਾਲ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਕਰਨ ਦਾ 'ਲਾਇਸੈਂਸ' ਨਹੀਂ ਮਿਲ ਜਾਂਦਾ।

ਉਨ੍ਹਾਂ ਲਖਨਊ ਵਿੱਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ, ''ਭਾਜਪਾ ਆਗੂਆਂ ਦੀ ਜਾਤੀਵਾਦੀ ਸੋਚ ਹੈ, ਜੋ ਨਹੀਂ ਚਾਹੁੰਦੇ ਕਿ 'ਦਲਿਤ ਦੀ ਬੇਟੀ' ਨੂੰ ਦੇਸ਼ ਦੇ ਸਭ ਤੋਂ ਵੱਡੇ ਸੂਬੇ ਦੀ ਸੱਤਾ ਦੀ ਚਾਬੀ ਮਿਲੇ ਅਤੇ ਉਹ 90 ਫ਼ੀਸਦੀ ਗ਼ਰੀਬਾਂ ਤੇ ਮੁਥਾਜਾਂ ਦੀ ਭਲਾਈ ਨਾ ਕਰ ਸਕੇ।'' ਉਨ੍ਹਾਂ ਕਿਹਾ, ''ਸਾਰੇ ਪੈਸੇ ਨਿਯਮਾਂ ਤੇ ਪਾਰਟੀ ਨੇਮਾਂ ਮੁਤਾਬਕ ਹਨ ਅਤੇ ਪੈਸੇ ਨੂੰ ਨੋਟਬੰਦੀ ਤੋਂ ਪਹਿਲਾਂ ਇਕੱਤਰ ਕੀਤਾ ਗਿਆ ਸੀ। ਕੀ ਅਸੀਂ ਇਸ ਨੂੰ ਸੁੱਟ ਦਿੰਦੇ?''

# ਚੀਨ ਨੂੰ ਦੱਖਣੀ ਏਸ਼ੀਆ ਵਿੱਚ ਰਣਨੀਤਕ ਸੰਤੁਲਨ ਦੀ ਉਮੀਦ

**ਪੇਈਚਿੰਗ–** ਭਾਰਤ ਵੱਲੋਂ ਪਰਮਾਣੂ ਸਮਰਥਾ ਨਾਲ ਲੈਸ ਅੰਤਰ-ਮਹਾਂਦੀਪੀ ਬੈਲਿਸਟਿਕ ਮਿਜ਼ਾਈਲ ਅਗਨੀ-5 ਦੀ ਕੀਤੀ ਅਜ਼ਮਾਇਸ਼ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਨਿਯਮਾਂ ਮੁਤਾਬਕ ਦੱਸਦਿਆਂ ਚੀਨ ਨੇ ਅੱਜ ਉਮੀਦ ਜਤਾਈ ਹੈ ਕਿ ਇਸ ਨਾਲ ਦੱਖਣੀ ਏਸ਼ੀਆ ਦਾ ਰਣਨੀਤਕ ਸੰਤੁਲਨ ਨਹੀਂ ਵਿਗੜੇਗਾ। ਪੇਈਚਿੰਗ ਨੇ ਕਿਹਾ ਕਿ ਦੋਵੇਂ ਮੁਲਕ 'ਵਿਰੋਧੀ ਨਹੀਂ ਬਲਕਿ ਭਾਈਵਾਲ' ਹਨ।

ਅਗਨੀ-5 ਦੀ ਸਫ਼ਲ ਅਜ਼ਮਾਇਸ਼ ਦਾ ਉਦੇਸ਼ ਚੀਨ ਨੂੰ ਨਿਸ਼ਾਨਾ ਬਣਾਉਣ ਦੀਆਂ ਖ਼ਬਰਾਂ ਉਤੇ ਚੀਨ ਦੇ ਵਿਦੇਸ਼ ਮੰਤਰਾਲੇ ਦੀ ਤਰਜਮਾਨ ਹੁਆ ਚੁਨਯਿੰਗ ਨੇ ਪ੍ਰੈਸ ਕਾਨਫਰੰਸ ਵਿੱਚ ਕਿਹਾ, 'ਅਗਨੀ-5 ਬੈਲਿਸਟਿਕ ਮਿਜ਼ਾਈਲ ਦੀ ਅਜ਼ਮਾਇਸ਼ ਬਾਰੇ ਅਸੀਂ ਰਿਪੋਰਟਾਂ ਦੇਖੀਆਂ ਹਨ। ਸਾਡਾ ਹਮੇਸ਼ਾ ਮੰਨਣਾ ਹੈ ਕਿ ਦੱਖਣੀ ਚੀਨ ਸਾਗਰ ਵਿੱਚ ਰਣਨੀਤਕ ਸੰਤੁਲਨ ਤੇ ਸਥਿਰਤਾ ਬਣਾਈ ਰੱਖਣਾ ਖੇਤਰ ਵਿੱਚ ਸ਼ਾਂਤੀ ਤੇ ਵਿਕਾਸ ਲਈ ਅਨੁਕੂਲ ਹੈ।' ਪੰਜ ਹਜ਼ਾਰ ਕਿਲੋਮੀਟਰ ਤਕ ਮਾਰ ਕਰਨ ਵਾਲੀ ਇਸ ਮਿਜ਼ਾਈਲ ਨੂੰ ਚੀਨ ਨੂੰ ਨਿਸ਼ਾਨਾ ਬਣਾਉਣ ਵਾਲੀ ਮੰਨਿਆ ਜਾ ਰਿਹਾ ਹੈ ਕਿਉਂਕਿ ਇਹ ਚੀਨ ਦੇ ਤਕਰੀਬਨ ਹਰ ਹਿੱਸੇ ਵਿੱਚ ਮਾਰ ਕਰ ਸਕਦੀ ਹੈ। ਹੁਆ ਨੇ ਚੀਨ ਨੂੰ ਨਿਸ਼ਾਨਾ ਬਣਾਉਣ ਸਬੰਧੀ ਖ਼ਬਰਾਂ ਲਈ ਮੀਡੀਆ ਦੀ ਆਲੋਚਨਾ ਕਰਦਿਆਂ ਕਿਹਾ, 'ਭਾਰਤ ਦੀ ਅਜ਼ਮਾਇਸ਼ ਉਤੇ ਅਸੀਂ ਗੌਰ ਕੀਤੀ ਹੈ ਕਿ ਕੁੱਝ ਮੀਡੀਆ, ਜਿਸ ਵਿੱਚ ਭਾਰਤੀ ਤੇ ਜਾਪਾਨੀ ਮੀਡੀਆ ਵੀ ਸ਼ਾਮਲ ਹੈ, ਨੇ ਕਿਆਸ ਲਾਇਆ ਹੈ ਕਿ ਇਹ ਚੀਨ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਹੈ। ਮੇਰਾ ਮੰਨਣਾ ਹੈ ਕਿ ਭਾਰਤ ਦੇ ਇਰਾਦੇ ਬਾਰੇ ਤੁਸੀਂ ਭਾਰਤ ਨੂੰ ਪੁੱਛੋ। ਪਰ ਚੀਨ ਤੇ ਭਾਰਤ ਵਿਰੋਧੀ ਨਹੀਂ ਬਲਕਿ ਭਾਈਵਾਲ ਮੁਲਕ ਹਨ।'

# ਪੰਜਾਬ ਚੋਣਾਂ ਨੇ ਇਸ ਵਾਰ ਚੋਣ ਕਮਿਸ਼ਨ ਨੂੰ ਵੀ ਵਕਤ ਪਾਇਆ

**(ਸਫਾ 1 ਦੀ ਬਾਕੀ)** ਇਹ ਅਫ਼ਸਰ ਸਿੱਧੇ ਚੋਣ ਕਮਿਸ਼ਨ ਨੂੰ ਰਿਪੋਰਟ ਕਰਨਗੇ ਤੇ ਵੋਟਰਾਂ ਨੂੰ ਨਸ਼ਿਆਂ ਰਾਹੀਂ ਲੁਭਾਏ ਜਾਣ ਤੋਂ ਰੋਕਣ ਲਈ ਪੰਜਾਬ ਪੁਲੀਸ ਦੇ ਬਰੋ-ਬਰਾਬਰ ਨਿਗਰਾਨੀ ਤੇ ਕਾਰਵਾਈ ਕਰਨਗੇ। ਗ਼ੌਰਤਲਬ ਹੈ ਕਿ ਵਿਰੋਧੀ ਪਾਰਟੀਆਂ ਵੱਲੋਂ ਲਗਾਤਾਰ ਪੰਜਾਬ ਪੁਲੀਸ ਉਤੇ ਹਾਕਮ ਅਕਾਲੀ ਦਲ ਦੀ ਸ਼ਹਿ 'ਤੇ ਨਸ਼ਾ ਸਮਗਲਰਾਂ ਦਾ ਸਾਥ ਦੇਣ ਦੇ ਦੋਸ਼ ਲਾਏ ਜਾ ਰਹੇ ਹਨ।ਐਨਸੀਬੀ ਦੇ ਜ਼ੋਨਲ ਡਾਇਰੈਕਟਰ ਕੌਸਤੁਭ ਸ਼ਰਮਾ ਨੇ ਕਿਹਾ ਕਿ ਐਨਸੀਬੀ ਅਧਿਕਾਰੀਆਂ ਦੀ ਟੀਮ ਨੇ ਪਹਿਲਾਂ ਹੀ ਪੰਜਾਬ ਭਰ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ, "ਹਰੇਕ ਅਫ਼ਸਰ ਨੂੰ ਐਸਐਚਓ ਵਾਲੇ ਅਖ਼ਤਿਆਰ ਹਾਸਲ ਹੋਣਗੇ। ਉਹ ਛਾਪੇ ਮਾਰ ਸਕਣਗੇ, ਜ਼ਬਤੀਆਂ ਕਰ ਸਕਣਗੇ ਅਤੇ ਚੋਣ ਕਮਿਸ਼ਨ ਨੂੰ ਰਿਪੋਰਟ ਕਰ ਸਕਣਗੇ। ਉਹ ਵਾਹਨਾਂ ਨੂੰ ਰੋਕ ਸਕਣਗੇ, ਘਰਾਂ ਦੀ ਤਲਾਸ਼ੀ ਲੈ ਸਕਣਗੇ ਤੇ ਜਾਂਚ ਕਰ ਸਕਣਗੇ।'' ਮੁੱਖ ਚੋਣ ਅਫ਼ਸਰ ਵੀ.ਕੇ. ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਆਜ਼ਾਦ ਤੇ ਨਿਰਪੱਖ ਚੋਣਾਂ ਲਈ ਪੰਜਾਬ ਤੋਂ ਬਾਹਰਲੇ ਅਜਿਹੇ ਅਧਿਕਾਰੀਆਂ ਦੀ ਤਾਇਨਾਤੀ ਜ਼ਰੂਰੀ ਸੀ।

# ਸਟਾਰ ਵਾਰਜ਼ ਦੀ ਅਭਿਨੇਤਰੀ ਕੈਰੀਅਰ ਫਿਸ਼ਰ ਦੀ ਮੌਤ



**ਲਾਸ ਏਂਜਲਸ (ਬਿਊਰੋ)** ਸਟਾਰ ਵਾਰਜ਼ ਫਿਲਮਾਂ ਵਿਚ ਪ੍ਰਿੰਸੈਸ ਲੇਆ ਦਾ ਕਿਰਦਾਰ ਨਿਭਾਉਣ ਵਾਲੀ ਅਮਰੀਕੀ ਫਿਲਮ ਸਟਾਰ ਕੈਰੀ ਫਿਸ਼ਰ ਦਾ ਦੇਹਾਂਤ ਹੋ ਗਿਆ ਹੈ। ਕੁਝ ਦਿਨ ਪਹਿਲਾਂ ਲੰਡਨ ਤੋਂ ਕੈਲੇਫੋਰਨੀਆ ਆ ਰਹੀ ਉਡਾਣ ਦੌਰਾਨ ਉਹਨਾਂ ਨੂੰ ਦਿਲ ਦਾ ਦੌਰਾ ਪਿਆ ਸੀ। 60 ਸਾਲਾ ਅਭਿਨੇਤਰੀ ਨੇ ਅਮਰੀਕਾ ਦੇ ਲਾਸ ਏਂਜਲਸ ਵਿਚ ਇਕ ਹਸਪਤਾਲ ਵਿਚ ਆਖਰੀ ਸਾਹ ਲਿਆ।

ਸਟਾਰ ਵਾਰਜ਼ ਫਿਲਮਾਂ ਵਿਚ ਉਹਨਾਂ ਦੇ ਨਾਲ ਕੰਮ ਕਰਨ ਵਾਲੇ ਅਭਿਨੇਤਾ ਹੈਰੀਸਨ ਫੋਰਡ ਨੇ ਉਹਨਾਂ ਨੂੰ ਆਪਣੀ ਕਿਸਮ ਦਾ ਅਲੱਗ, ਸ਼ਾਨਦਾਰ ਅਤੇ ਮੌਲਿਕ ਕਲਾਕਰ ਦੱਸਿਆ ਹੈ। ਸਟਾਰ ਵਾਰਜ਼ ਸੀਰੀਜ਼ ਦੀਆਂ ਫਿਲਮਾਂ ਬਣਾਉਣ ਵਾਲੇ ਡਾਇਰੈਕਟਰ ਜਾਰਜ ਲੁਕਸ ਨੇ ਕਿਹਾ ਕਿ ਉਹ ਕਾਫੀ ਸਮਝਦਾਰ ਸੀ ਅਤੇ ਉਹਨਾਂ ਨੂੰ ਸਭ ਪਸੰਦ ਕਰਦੇ ਸਨ।

ਕੈਰੀ ਫਿਸ਼ਰ ਦਾ ਜਨਮ ਇਕ ਕਲਾਕਾਰ ਘਰਾਣੇ ਵਿਚ ਹੋਇਆ ਸੀ। ਉਹਨਾਂ ਦੇ ਪਿਤਾ ਐਡੀ ਫਿਸ਼ਰ ਇਕ ਗਾਇਕ ਸਨ ਜਦਕਿ ਮਾਂ ਡੇਬੀ ਰੇਨਾਲਡਸ ਇਕ ਨਾਮੀ ਹਾਲੀਵੁੱਡ ਅਭਿਨੇਤਰੀ ਸੀ। ਉਹਨਾਂ ਨੇ ਇਸ ਤੋਂ ਪਹਿਲਾਂ ਇਹ ਸਵੀਕਾਰ ਕੀਤਾ ਸੀ ਕਿ ਉਹ ਡ੍ਰਗਸ ਅਤੇ ਸ਼ਰਾਬ ਦੀ ਸਮੱਸਿਆ ਨਾਲ ਜੂਝ ਰਹੀ ਸੀ।

# ਕੁਰਸੀ ਦੇ ਮੋਹ ਵਿੱਚ ਖ਼ੂਨ ਦੇ ਰਿਸ਼ਤੇ ਹੋਏ ਬਦਰੰਗ

ਚੰਡੀਗੜ੍ਹ– ਮੌਜੂਦਾ ਜਮਹੂਰੀ ਪ੍ਰਣਾਲੀ ਵਿੱਚ ਪਰਿਵਾਰਵਾਦ ਦੀ ਸਿਆਸਤ ਹਕੀਕੀ ਰੂਪ ਲੈ ਗਈ ਹੈ। ਪਰਿਵਾਰਕ ਮੁਖੀਆਂ ਵੱਲੋਂ ਆਪਣੇ ਧੀਆਂ-ਪੁੱਤਰਾਂ ਨੂੰ ਸਿਆਸੀ ਪੌੜੀਆਂ ਚੜ੍ਹਨ ਵਿੱਚ ਸਹਾਈ ਹੋਣ ਦੀਆਂ ਅਨੇਕ ਉਦਾਹਰਣਾਂ ਹਨ ਪ੍ਰੰਤੂ 2017 ਵਿੱਚ ਹੋਣ ਜਾ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪਰਿਵਾਰਕ ਮੈਂਬਰਾਂ ਦੀ ਟਿਕਟ ਦੀ ਚਾਹਤ ਨੇ ਆਪਸੀ ਟਕਰਾਅ ਬਗਾਵਤੀ ਹੱਦ ਤੱਕ ਵਧਾ ਦਿੱਤਾ ਹੈ। ਕਈ ਪਿਤਾ-ਪੁੱਤਰ, ਤਾਏ-ਭਤੀਜੇ, ਭਰਾ-ਭੈਣਾਂ ਟਿਕਟ ਦੀ ਚਾਹਤ ਵਿੱਚ ਇੱਕ-ਦੂਸਰੇ ਨੂੰ ਠਿੱਬੀ ਲਗਾਉਣ ਦੀ ਦੌੜ ਵਿੱਚ ਹਨ।

ਕਾਂਗਰਸ ਦੇ 75 ਸਾਲਾ ਆਗੂ ਗੁਰਚੇਤ ਸਿੰਘ ਭੁੱਲਰ ਆਪਣੇ ਬੇਟੇ ਸੁਖਪਾਲ ਸਿੰਘ ਭੁੱਲਰ ਦੀ ਟਿਕਟ ਕਟਵਾਉਣ ਲਈ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਚਿੱਠੀ ਲਿਖਣ ਤੱਕ ਚਲੇ ਗਏ। ਉਨ੍ਹਾਂ ਆਪਣੇ ਦੋਵਾਂ ਪੁੱਤਰਾਂ ਵਿੱਚੋਂ ਕਿਸੇ ਨੂੰ ਵੀ ਟਿਕਟ ਨਾ ਦੇਣ ਦੀ ਅਪੀਲ ਕਰਦਿਆਂ ਖੁਦ ਦਾਅਵੇਦਾਰੀ ਪੇਸ਼ ਕੀਤੀ ਸੀ। ਗੁਰਚੇਤ ਸਿੰਘ ਖੁਦ ਮਰਹੂਮ ਬੇਅੰਤ ਸਿੰਘ ਦੀ ਸਰਕਾਰ ਵਿੱਚ ਮੰਤਰੀ ਅਤੇ ਦੋ ਵਾਰ ਵਿਧਾਇਕ ਰਹੇ ਹਨ। 2007 ਅਤੇ 2012 ਦੀ ਚੋਣ ਵਿੱਚ ਵੀ ਕਾਂਗਰਸ ਦੀ ਟਿਕਟ 'ਤੇ ਚੋਣ ਲੜ ਕੇ ਅਸਫਲ ਰਹੇ ਸਨ। ਕਾਂਗਰਸ ਨੇ ਤਰਨ ਤਾਰਨ ਕਾਂਗਰਸ ਕਮੇਟੀ ਦੇ ਪ੍ਰਧਾਨ ਉਨ੍ਹਾਂ ਦੇ ਬੇਟੇ ਸੁਖਪਾਲ ਸਿੰਘ ਭੁੱਲਰ ਨੂੰ ਟਿਕਟ ਨਾਲ ਨਿਵਾਜ ਦਿੱਤਾ ਤਾਂ ਪਿਤਾ ਅਤੇ ਦੂਸਰਾ ਪੁੱਤਰ ਅਨੂਪ ਸਿੰਘ ਭੁੱਲਰ ਬਾਗੀ ਤੌਰ 'ਤੇ ਚੋਣ ਲੜਨ ਬਾਰੇ ਵਿਚਾਰ ਕਰ ਰਹੇ ਹਨ।

ਭਾਜਪਾ ਨੇ ਅਕਾਲੀ ਦਲ ਨਾਲ ਗੱਠਜੋੜ ਵਿੱਚੋਂ ਫਿਲਹਾਲ ਆਪਣੀਆਂ 23 ਸੀਟਾਂ ਵਿੱਚੋਂ ਕਿਸੇ ਉੱਤੇ ਵੀ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ ਪਰ ਇਸ ਦੇ ਲੁਧਿਆਣਾ (ਕੇਂਦਰੀ) ਸੀਟ ਤੋਂ ਤਿੰਨ ਵਾਰ ਵਿਧਾਇਕ ਰਹੇ ਸੱਤਪਾਲ ਗੋਸਾਈਂ ਮੰਤਰੀ ਅਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਵੀ ਰਹੇ ਹਨ। ਭਾਜਪਾ ਵੱਲੋਂ 75 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਨੂੰ ਟਿਕਟ ਨਾ ਦੇਣ ਕਾਰਨ 78 ਸਾਲਾ ਗੋਸਾਈਂ ਦੇ ਪੁੱਤਰ, ਬੇਟੀ, ਪੋਤਰਾ ਅਤੇ ਬੇਟੀ ਦਾ ਦਿਓਰ ਸਮੇਤ ਸਾਰੇ ਹੀ ਟਿਕਟ ਦੇ ਦਾਅਵੇਦਾਰ ਹਨ। ਉਨ੍ਹਾਂ ਦਾ ਉਦਯੋਗਪਤੀ ਪੁੱਤਰ ਸੁਦਰਸ਼ਨ ਗੋਸਾਈਂ, ਬੇਟੀ ਰਾਜੇਸ਼ਵਰੀ ਗੋਸਾਈਂ, ਪੋਤਰੇ ਅਤੇ ਯੁਵਾ ਮੋਰਚਾ ਆਗੂ ਅਮਿਤ ਗੋਸਾਈਂ ਟਿਕਟ ਦੀ ਦੌੜ ਵਿੱਚ ਹਨ। ਇੱਥੋਂ ਤੱਕ ਕਿ ਰਾਜੇਸ਼ਵਰੀ ਦਾ ਦਿਓਰ ਗੁਰਦੇਵ ਸ਼ਰਮਾ ਟਿਕਟ ਲਈ ਜ਼ੋਰ-ਅਜ਼ਮਾਈ ਕਰ ਰਹੇ ਹਨ।

ਕਾਂਗਰਸ ਦੇ ਮੁੱਖ ਸੰਸਦੀ ਸਕੱਤਰ ਰਹੇ, ਬਟਾਲਾ ਤੋਂ ਮੌਜੂਦਾ ਵਿਧਾਇਕ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਸ਼ਵਨੀ ਸੇਖੜੀ ਲਈ ਸਭ ਤੋਂ ਵੱਡੀ ਸਿਰਦਰਦੀ ਉਨ੍ਹਾਂ ਦੇ ਭਰਾ ਇੰਦਰ ਸੇਖੜੀ ਬਣ ਗਏ ਹਨ। ਇੰਦਰ ਸੇਖੜੀ 1985 ਤੋਂ ਅਸ਼ਵਨੀ ਦੀ ਚੋਣਾਂ ਵਿੱਚ ਮੱਦਦ ਕਰਦੇ ਆ ਰਹੇ ਹਨ। ਪਿਛਲੇ ਸਮੇਂ ਦੌਰਾਨ ਨਗਰ ਪਾਲਿਕਾ ਚੋਣਾਂ ਵਿੱਚ ਭਾਜਪਾ ਨਾਲ ਮਿਲ ਕੇ ਕੀਤੇ ਫ਼ੈਸਲੇ ਕਰਕੇ ਨਾਰਾਜ਼ ਕਾਂਗਰਸੀਆਂ ਦੇ ਇੱਕ ਵੱਡੇ ਹਿੱਸੇ ਨੇ ਇੰਦਰ ਸੇਖੜੀ ਨੂੰ ਟਿਕਟ ਦੇਣ ਦੀ ਮੰਗ ਸ਼ੁਰੂ ਕਰ ਦਿੱਤੀ ਸੀ। ਸੂਤਰਾਂ ਅਨੁਸਾਰ ਕਰਵਾਏ ਗਏ ਸਰਵੇਖਣ ਕਾਰਨ ਵੀ ਅਸ਼ਵਨੀ ਸੇਖੜੀ ਦੀ ਟਿਕਟ ਉੱਤੇ ਸੰਕਟ ਦੇ ਬੱਦਲ ਛਾਏ ਰਹੇ ਪ੍ਰੰਤੂ ਉਹ ਟਿਕਟ ਲੈਣ ਵਿੱਚ ਕਾਮਯਾਬ ਰਹੇ। ਇਸ ਤੋਂ ਬਾਅਦ ਲਗਾਤਾਰ ਵਿਰੋਧ ਹੋ ਰਹੇ ਹਨ ਅਤੇ ਅਸ਼ਵਨੀ ਨੂੰ ਨਾ ਜਿੱਤਣ ਦੇਣ ਦੇ ਐਲਾਨ ਵੀ ਕਰ ਦਿੱਤੇ ਗਏ ਹਨ।

ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ ਸੰਤੋਖ ਸਿੰਘ ਰੰਧਾਵਾ ਦਾ ਪਰਿਵਾਰ ਵੀ ਆਪਸ ਵਿੱਚ ਉਲਝ ਰਿਹਾ ਹੈ। ਇਨ੍ਹਾਂ ਦੇ ਦੋਵਾਂ ਪੁੱਤਰਾਂ ਸੁਖਜਿੰਦਰ ਸਿੰਘ ਰੰਧਾਵਾ ਅਤੇ ਇੰਦਰਜੀਤ ਸਿੰਘ ਨੇ ਡੇਰਾ ਬਾਬਾ ਨਾਨਕ ਹਲਕੇ ਤੋਂ ਟਿਕਟ ਦੀ ਦਾਅਵੇਦਾਰੀ ਜਤਾਈ ਸੀ।

ਕੈਪਟਨ ਅਮਰਿੰਦਰ ਸਿੰਘ ਦੇ ਨਜ਼ਦੀਕੀ ਮੰਨੇ ਜਾਂਦੇ ਮੌਜੂਦਾ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਟਿਕਟ ਲੈਣ ਵਿੱਚ ਕਾਮਯਾਬ ਹੋ ਗਏ ਅਤੇ ਵੱਡੇ ਭਾਈ ਇੰਦਰਜੀਤ ਸਿੰਘ ਨੇ ਛੋਟੇ ਨੂੰ ਨਾ ਜਿੱਤਣ ਦਾ ਖੁੱਲ੍ਹੇਆਮ ਐਲਾਨ ਕਰ ਦਿੱਤਾ ਹੈ।

ਨਵਾਂਸ਼ਹਿਰ ਤੋਂ ਸਾਬਕਾ ਮੰਤਰੀ ਅਤੇ ਕਾਂਗਰਸ ਆਗੂ ਮਰਹੂਮ ਦਿਲਬਾਗ ਸਿੰਘ ਦਾ ਪਰਿਵਾਰ ਆਹਮੋ-ਸਾਹਮਣੇ ਹੈ। ਦਿਲਬਾਗ ਸਿੰਘ ਦਾ ਪੋਤਰਾ ਅੰਗਦ ਸੈਣੀ ਆਪਣੇ ਤਾਏ ਚਰਨਜੀਤ ਚੰਨੀ ਨਾਲ ਦੋ-ਦੋ ਹੱਥ ਕਰੇਗਾ। ਅੰਗਦ 25 ਸਾਲਾਂ ਦਾ ਹੋ ਜਾਣ 'ਤੇ ਮੌਜੂਦਾ ਕਾਂਗਰਸ ਵਿਧਾਇਕ ਅਤੇ ਉਸ ਦੀ ਮਾਤਾ ਇਕਬਾਲ ਕੌਰ ਨੇ ਪੁੱਤਰ ਲਈ ਸੀਟ ਖਾਲੀ ਛੱਡ ਦਿੱਤੀ। ਚੰਨੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ। ਇਸ ਤੋਂ ਪਹਿਲਾਂ ਦਿਲਬਾਗ ਸਿੰਘ ਦੀ ਮੌਤ ਤੋਂ ਬਾਅਦ ਹੋਈ ਚੋਣ ਵਿੱਚ ਵੀ ਚੰਨੀ ਨੇ ਆਪਣੀ ਮਾਤਾ ਖਿਲਾਫ਼ ਵੀ ਚੋਣ ਲੜੀ ਸੀ।

ਪੰਜਾਬ ਦੇ ਇੱਕੋ-ਇੱਕ ਮੁਸਲਮਾਨ ਵਿਧਾਇਕ ਭੇਜਣ ਵਾਲੇ ਵਿਧਾਨ ਸਭਾ ਹਲਕੇ ਵਿੱਚ ਵੀ ਭੈਣ ਅਤੇ ਭਰਾ ਵਿਚਾਲੇ ਟੱਕਰ ਹੋਣ ਦੀ ਸੰਭਾਵਨਾ ਹੈ। 'ਆਪ' ਵੱਲੋਂ ਚੋਣ ਮੈਦਾਨ ਵਿੱਚ ਉਤਾਰੇ ਅਰਸ਼ਦ ਡਾਲੀ ਕਾਂਗਰਸ ਦੀ ਸਾਬਕਾ ਵਿਧਾਇਕ ਅਤੇ ਟਿਕਟ ਦੀ ਪ੍ਰਮੁੱਖ ਦਾਅਵੇਦਾਰ ਰਜ਼ੀਆ ਸੁਲਤਾਨਾ ਦੇ ਭਰਾ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਸੰਸਦ ਮੈਂਬਰ ਤੇ ਬਾਦਲ ਪਰਿਵਾਰ ਦੇ ਨਜ਼ਦੀਕੀ ਰਹੇ ਮਰਹੂਮ ਜ਼ੋਰਾ ਸਿੰਘ ਮਾਨ ਦੇ ਦੋਵੇਂ ਪੁੱਤਰ ਟਿਕਟ ਦੀ ਤਲਾਸ਼ ਵਿੱਚ ਸਨ। ਵਰਦੇਵ ਸਿੰਘ ਮਾਨ ਨੂੰ ਤਾਂ ਸ਼੍ਰੋਮਣੀ ਅਕਾਲੀ ਦਲ ਨੇ ਗੁਰੂਹਰਸਹਾਇ ਤੋਂ ਟਿਕਟ ਦੇ ਦਿੱਤੀ ਹੈ ਤਾਂ ਦੂਸਰੇ ਭਰਾ ਨਰਦੇਵ ਮਾਨ ਨੇ ਹੋਰ ਪਾਰਟੀ ਵਿੱਚ ਜਗ੍ਹਾ ਬਣਾਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ।

ਸੂਚਨਾ ਅਨੁਸਾਰ ਭਾਰਤੀ ਜਨਤਾ ਪਾਰਟੀ ਦੇ ਸੂਬਾਈ ਆਗੂਆਂ ਨਾਲ ਉਸ ਨੇ ਅਬੋਹਰ ਤੋਂ ਚੋਣ ਲੜਨ ਸਬੰਧੀ ਸਮਝੌਤੇ ਨੂੰ ਅੰਜਾਮ ਦੇ ਵੀ ਦਿੱਤਾ ਸੀ ਤਾਂ ਆਖਰੀ ਮੌਕੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਮਾਨ ਦੀ ਭਾਜਪਾ ਵਿੱਚ ਸ਼ਮੂਲੀਅਤ ਰੁਕਵਾ ਦਿੱਤੀ।


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:
IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us








## ਨਵਾਂ ਸਾਲ 2017 ਤੁਹਾਡੇ ਸਭ ਲਈ ਤੇ ਕੁੱਲ ਲੋਕਾਈ ਲਈ ਸ਼ੁਭ ਰਹੇ। ਜੰਗਾਂ-ਯੁੱਧਾਂ ਅਤੇ ਨਫਰਤਾਂ ਵਿਚ ਗ੍ਰਸੀ ਲੋਕਾਈ ਨੂੰ, ਨਵਾਂ ਸਾਲ ਸ਼ੁੱਭ ਸੰਦੇਸ਼ ਦੇਣ ਵਾਲਾ ਹੋਵੇ ਅਤੇ ਹਰ ਪ੍ਰਾਣੀ ਦੇ ਜੀਵਨ ਨੂੰ ਖੁਸ਼ੀਆਂ-ਖੇੜਿਆਂ ਨਾਲ ਭਰ ਦੇਵੇ।


ਬਿਹਾਰੀ ਲਾਲ ਚਾਹਲ


ਅਮਰਦੀਪ ਚਾਹਲ ਅਤੇ ਉਹਨਾਂ ਦੀ ਧਰਮ ਪਤਨੀ

# Bihari Lal Chahal, Amardeep Chahal

## Sh. Bihari Lal Chahal & Family

## Chahal Corporation King City (California)

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਬੋਲੇ ਸੋ ਨਿਰਭੈ ! ਗੁਰੂ ਰਵਿਦਾਸ ਮਹਾਰਾਜ ਕੀ ਜੈ !

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਨਵਾਂ ਸਾਲ 2017 ਦੀਆਂ ਲੱਖ-ਲੱਖ ਵਧਾਈਆਂ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ




## ਗੁਰੂ ਪਿਆਰੀ ਸਾਧ ਸੰਗਤ ਜੀ

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਹੋਣ ਵਾਲੇ ਜਨਵਰੀ, ਫਰਵਰੀ 2017 ਮਹੀਨੇ ਦੇ ਧਾਰਮਿਕ ਪ੍ਰੋਗਰਾਮ

### ਜਨਵਰੀ 1, 2017

ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਗੁਰੂ ਘਰ ਵੱਲੋਂ ਕੀਤੀ ਜਾਵੇਗੀ

### ਜਨਵਰੀ 8, 2017

**ਸੁਖਮਨੀ ਸਾਹਿਬ ਜੀ ਦਾ ਪਾਠ ਭਾਈ ਜਤਿੰਦਰ ਸਿੰਘ ਰਾਲਮਿਲ ਅਤੇ ਪਰਿਵਾਰ ਵੱਲੋਂ**

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਆਗਾਮੀ 8 ਜਨਵਰੀ 2017 ਨੂੰ ਭਾਈ ਜਤਿੰਦਰ ਸਿੰਘ ਰਾਲਮਿਲ, ਬੀਬੀ ਰਮਨਜੀਤ ਰਾਲਮਿਲ ਅਤੇ ਪਰਿਵਾਰ ਵੱਲੋਂ ਆਪਣੇ ਸਪੁੱਤਰ ਏਕਮਜੀਤ ਸਿੰਘ ਰਾਲਮਿਲ ਦੇ ਚੌਥੇ ਜਨਮ ਦਿਨ ਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ। ਰਲਮਿਲ ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਵਿਖੇ ਹਾਜ਼ਰ ਹੋ ਕੇ ਗੁਰੂ ਘਰ ਦੀਆਂ ਰੌਣਕਾਂ ਵਧਾਓ। ਕਮੇਟੀ ਵੱਲੋਂ ਬੱਚੇ ਏਕਮਜੀਤ ਸਿੰਘ ਨੂੰ ਲੰਮੀ ਅਤੇ ਸਿਹਤਮੰਦ ਜ਼ਿੰਦਗੀ ਦੀਆਂ ਸ਼ੁਭਕਾਮਨਾਵਾਂ।

### ਜਨਵਰੀ 13, 2017 (ਲੋਹੜੀ ਸਮਾਗਮ)


ਜਨਵਰੀ 13, 2017 ਨੂੰ ਗੁਰੂ ਘਰ ਵਿਖੇ ਲੋਹੜੀ ਦਾ ਤਿਉਹਾਰ ਸ਼ਾਮੀ 6 ਵਜੇ (ਸ਼ੁੱਕਰਵਾਰ) ਨੂੰ ਮਨਾਇਆ ਜਾਵੇ। ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਗੁਰੂ ਘਰ ਵਿਖੇ ਇਹ 5ਵਾਂ ਲੋਹੜੀ ਪੁਰਬ ਮਨਾਇਆ ਜਾ ਰਿਹਾ ਹੈ। ਨਵ-ਜੰਮੇ ਬੱਚਿਆਂ ਵਾਲੇ ਮਾਪਿਆਂ ਨੂੰ ਸਪੈਸ਼ਲ ਬੇਨਤੀ ਹੈ ਕਿ ਉਹ ਆਪਣੇ ਬੱਚਿਆਂ ਦੇ ਜਨਮ ਦਿਨ ਸਮੂਹਿਕ ਤੌਰ ਤੇ ਗੁਰੂ ਘਰ ਵਿਖੇ ਮਨਾਉਣ।

### ਜਨਵਰੀ 15, 2017

ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ (ਕੋਈ ਵੀ ਸੇਵਾ ਲੈ ਸਕਦਾ ਹੈ)

### ਜਨਵਰੀ 22, 2017

ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ (ਕੋਈ ਵੀ ਸੇਵਾ ਲੈ ਸਕਦਾ ਹੈ)




### ਜਨਵਰੀ 27, 28, 29- 2017

**ਬਰਸੀ ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ**

ਗੁਰੂ ਘਰ ਪਿਟਸਬਰਗ ਵਿਖੇ ਆਗਾਮੀ 27 ਤੋਂ 29 ਜਨਵਰੀ ਤੱਕ ਸਵਰਗੀ ਕਮਿਸ਼ਨਰ ਲਾਹੌਰੀ ਰਾਮ ਜੀ ਦੀ 8ਵੀਂ ਬਰਸੀ ਸਮੂਹ ਰਾਮ ਪਰਿਵਾਰ ਵੱਲੋਂ ਮਨਾਈ ਜਾ ਰਹੀ ਹੈ। ਇਸ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਲੰਗਰ ਦੀ ਸੇਵਾ ਹੋਵੇਗੀ। ਸ੍ਰੀ ਲਾਹੌਰੀ ਰਾਮ ਜੀ ਜੋ ਕਿ ਇਕ ਅਦਭੁਤ ਸ਼ਖਸੀਅਤ ਅਤੇ ਸਖਤ ਮਿਹਨਤੀ, ਬਿਹਤਰੀਨ ਲੀਡਰਸ਼ਿਪ ਲਈ ਜਾਣੇ ਜਾਂਦੇ ਸਨ, ਨੂੰ ਇਸ ਦਿਨ ਸਥਾਨਕ ਲੀਡਰ ਅਤੇ ਗੁਰੂ ਘਰ ਦੇ ਫਾਊਂਡਿੰਗ ਮੈਂਬਰਾਂ ਵੱਲੋਂ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ। ਅਖੰਡ ਪਾਠ ਸਾਹਿਬ 27 ਜਨਵਰੀ 2017 ਨੂੰ ਪ੍ਰਾਰੰਭ ਹੋਣਗੇ ਅਤੇ 29 ਜਨਵਰੀ ਐਤਵਾਰ ਨੂੰ ਭੋਗ ਪਾਏ ਜਾਣਗੇ। ਸਮੂਹ ਸਾਧ ਸੰਗਤ ਨੂੰ ਰਾਮ ਪਰਿਵਾਰ ਅਤੇ ਕਮੇਟੀ ਵੱਲੋਂ ਬੇਨਤੀ ਹੈ ਕਿ ਇਸ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਨੂੰ ਸ਼ਰਧਾਂਜਲੀ ਭੇਂਟ ਕਰੋ।

### ਫਰਵਰੀ 10-12, 2017

**ਗੁਰਪੁਰਬ ਸ੍ਰੀ ਗੁਰੂ ਰਵਿਦਾਸ ਜੀ**

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 40ਵਾਂ ਪ੍ਰਕਾਸ਼ ਉਤਸਵ ਗੁਰੂ ਘਰ ਵਿਖੇ 12 ਫਰਵਰੀ 2017 ਨੂੰ ਮਨਾਇਆ ਜਾ ਰਿਹਾ ਹੈ। ਮਿਤੀ 10 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਅਤੇ ਪਾਠ ਦੇ ਭੋਗ 12 ਫਰਵਰੀ ਨੂੰ ਪੈਣਗੇ।

**ਪ੍ਰੋਗਰਾਮਾਂ ਦਾ ਵੇਰਵਾ**

ਆਰੰਭ ਸ੍ਰੀ ਅਖੰਡ ਪਾਠ- ਫਰਵਰੀ 10, 2017 (ਸ਼ੁੱਕਰਵਾਰ) 9:20 ਵਜੇ ਸਵੇਰੇ

ਨਿਸ਼ਾਨ ਸਾਹਿਬ ਦੀ ਸੇਵਾ- ਫਰਵਰੀ 11, 2017 (ਸ਼ਨਿਚਰਵਾਰ) ਸ਼ਾਮੀ 3 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- ਫਰਵਰੀ 12, 2017 (ਐਤਵਾਰ) ਸਵੇਰੇ 9:20 ਵਜੇ

ਕੀਰਤਨ ਦੀਵਾਨ- ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 2 ਵਜੇ ਦੁਪਹਿਰ ਤੱਕ ਕੀਰਤਨ ਦੀਵਾਨ ਸਜਣਗੇ

## ਸੰਗਤ ਦੇ ਸੇਵਾਦਾਰ

| Chairperson | President | General Secretary | Treasurer |
|---|---|---|---|
| Shinder Pal Narabat | Kashmiri Bhatia | Gina Bhatia | Jasvir Chahal |








ਨਵਾਂ ਸਾਲ 2017 ਤੁਹਾਡੇ ਸਭ ਲਈ ਤੇ ਕੁੱਲ ਲੋਕਾਈ ਲਈ ਸ਼ੁਭ ਰਹੇ। ਜੰਗਾਂ-ਯੁੱਧਾਂ ਅਤੇ ਨਫਰਤਾਂ ਵਿਚ ਗ੍ਰਸੀ ਲੋਕ-ਾਈ ਨੂੰ, ਨਵਾਂ ਸਾਲ ਸ਼ੁੱਭ ਸੰਦੇਸ਼ ਦੇਣ ਵਾਲਾ ਹੋਵੇ ਅਤੇ ਹਰ ਪ੍ਰਾਣੀ ਦੇ ਜੀਵਨ ਨੂੰ ਖੁਸ਼ੀਆਂ-ਖੇੜਿਆਂ ਨਾਲ ਭਰ ਦੇਵੇ।

# ਹੰਸ ਰਾਜ ਕਾਜਲਾ





## ਨਵਾਂ ਸਾਲ 2017 ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਚੰਦੜ ਪਰਿਵਾਰ ਵੱਲੋਂ ਸਮੂਹ ਚੰਦੜ ਪਰਿਵਾਰ ਦੀ ਖੁਸ਼ਹਾਲੀ ਲਈ ਰਖਵਾਏ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਮੌਕੇ ਪਹੁੰਚਣ ਲਈ ਸਮੂਹ ਸਾਧ ਸੰਗਤ ਨੂੰ ਚੰਦੜ ਪਰਿਵਾਰ ਵੱਲੋਂ ਨਿਮਰਤਾ ਸਹਿਤ ਸਮੂਹ ਪਰਿਵਾਰ ਸਮੇਤ ਹਾਜਰੀਆਂ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

### ਪ੍ਰੋਗਰਾਮ ਦਾ ਵੇਰਵਾ

ਸ੍ਰੀ ਅਖੰਡ ਪਾਠ ਸਾਹਿਬ 29 ਦਸੰਬਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਪ੍ਰਾਰੰਭ ਹੋਣਗੇ ਅਤੇ ਅਖੰਡ ਪਾਠ ਸਾਹਿਬ ਦੇ ਭੋਗ 31 ਦਸੰਬਰ ਦਿਨ ਐਤਵਾਰ ਨੂੰ ਪਾਏ ਜਾਣਗੇ।



ਸੁੱਖ ਰਾਮ ਚੰਦੜ ਆਪਣੀ ਧਰਮ ਪਤਨੀ ਮੋਹਿੰਦਰ ਕੌਰ ਨਾਲ



ਨੀਰਜ ਕੁਮਾਰ ਚੰਦੜ ਆਪਣੀ ਧਰਮ ਪਤਨੀ ਪਰਮਜੀਤ ਕੌਰ ਚੰਦੜ ਆਪਣੀ ਬੇਟੀ ਰਬਨੀਤ ਕੌਰ ਚੰਦੜ ਅਤੇ ਬੇਟਾ ਇਸ਼ਾਨ ਚੰਦੜ ਨਾਲ

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਹੋਏ ਧਾਰਮਿਕ ਪ੍ਰੋਗਰਾਮਾਂ ਦੀਆਂ ਝਲਕੀਆਂ








ਸੰਬੰਧਿਤ ਖ਼ਬਰਾਂ ਦੇਖੋ ਸਫਾ 3 ਤੇ








## Maharishi Valmik Sabha USA, Yuba City (California)





ਨਵਾਂ ਸਾਲ 2017 ਤੁਹਾਡੇ ਸਭ ਲਈ ਤੇ ਕੁੱਲ ਲੋਕਾਈ ਲਈ ਸ਼ੁਭ ਰਹੇ। ਜੰਗਾਂ-ਯੁੱਧਾਂ ਅਤੇ ਨਫਰਤਾਂ ਵਿਚ ਗ੍ਰਸੀ ਲੋਕਾਈ ਨੂੰ, ਨਵਾਂ ਸਾਲ ਸ਼ੁੱਭ ਸੰਦੇਸ਼ ਦੇਣ ਵਾਲਾ ਹੋਵੇ ਅਤੇ ਹਰ ਪ੍ਰਾਣੀ ਦੇ ਜੀਵਨ ਨੂੰ ਖੁਸ਼ੀਆਂ-ਖੇੜਿਆਂ ਨਾਲ ਭਰ ਦੇਵੇ।

HAPPY 2017 NEW YEAR

President (530) 751-3887 Secretary (530) 674-9766

Temple Phone (530) 777-9385, Address: 84/86 Percy Ave., Yuba City, CA-95991

## ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਦੇ ਸ਼ਹੀਦੀ ਪੁਰਬ 'ਤੇ

# 'ਬਹਾਦਰ ਬਾਪ ਕੇ ਬਹਾਦਰ ਬੇਟੇ'



ਪ੍ਰੋ: ਐਚ. ਐਲ. ਕਪੂਰ
001- 916- 587-4002

ਗੁਰੂ ਗੋਬਿੰਦ ਸਿੰਘ ਜੀ ਦੇ ਬਹੁਤ ਹੀ ਬਹਾਦਰ ਤੇ ਨਿੱਡਰ ਸਿੱਖ, ਕਈ ਮਹੀਨਿਆਂ ਤੱਕ ਇਕੱਠੇ ਹੋ ਕੇ ਆਨੰਦਪੁਰ ਸਾਹਿਬ ਦੇ ਕਿਲ੍ਹੇ ਦੇ ਬਾਹਰ ਮੁਗਲ ਫੌਜਾਂ ਨਾਲ ਲੋਹਾ ਲੈਂਦੇ ਰਹੇ। ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਸਾਹਿਬ 'ਤੇ ਉਹਨਾਂ ਦੇ ਸਿੱਖਾਂ ਨੂੰ ਕਸਮਾਂ ਭਰਿਆ ਸੁਨੇਹਾ ਭੇਜਿਆ ਕਿ ਜੇਕਰ ਉਹ ਕਿਲ੍ਹਾ ਖਾਲੀ ਕਰਕੇ, ਜਿੱਥੇ ਵੀ ਉਹ ਜਾਣਾ ਚਾਹੁਣ, ਉਨ੍ਹਾਂ ਨੂੰ ਜਾਣ ਦਿੱਤਾ ਜਾਵੇਗਾ।

ਗੁਰੂ ਗੋਬਿੰਦ ਸਿੰਘ ਜੀ ਨੂੰ ਮੁਗਲ ਬਾਦਸ਼ਾਹ ਦੀਆਂ ਕਸਮਾਂ 'ਤੇ ਇਤਬਾਰ ਨਹੀਂ ਸੀ, ਪਰ ਉਨ੍ਹਾਂ ਦੇ ਬਹੁਤ ਹੀ ਪਿਆਰੇ ਤੇ ਭਰੋਸੇਮੰਦ ਸਿੱਖਾਂ ਦੇ ਕਹਿਣ 'ਤੇ ਹਿਚਕਚਾਉਂਦਿਆਂ ਹੋਇਆਂ ਉਨ੍ਹਾਂ ਦੀ ਗੱਲ ਮੰਨ ਕੇ ਕਿਲ੍ਹਾ ਖਾਲੀ ਕਰਨ ਦੀ ਗੱਲ ਮੰਨ ਲਈ। ਇਹ ਉਸੇ ਤਰ੍ਹਾਂ ਹੀ ਵਾਪਰਿਆ ਜਿਵੇਂ ਗੁਰੂ ਸਾਹਿਬ ਸੋਚਦੇ ਸਨ ਕਿ ਜਦੋਂ ਅਸੀਂ ਕਿਲ੍ਹਾ ਖਾਲੀ ਕਰਕੇ ਜਾਵਾਂਗੇ, ਇਹ ਰਸਤੇ 'ਚ ਸਾਨੂੰ ਗ੍ਰਿਫ਼ਤਾਰ ਕਰਨਗੇ ਜਾਂ ਸਾਡੇ 'ਤੇ ਹਮਲਾ ਕਰ ਕੇ ਸਾਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕਰਨਗੇ। ਜਿਉਂ ਹੀ ਸਿੱਖ ਕਿਲ੍ਹੇ ਤੋਂ ਬਾਹਰ ਆਏ ਤਾਂ ਮੁਗਲ ਫੌਜ ਇਕਦਮ ਉਨ੍ਹਾਂ ਤੇ ਪਿਛਿਓਂ ਝਪਟ ਪਈ ਤੇ ਸਿਰਸਾ ਨਦੀ ਦੇ ਕਿਨਾਰੇ ਤੇ ਸ਼ਾਹੀ ਫੌਜਾਂ ਤੇ ਸਿੱਖਾਂ ਦੀ ਜ਼ਬਰਦਸਤ ਲੜਾਈ ਹੋਈ। ਬਹਾਦਰ ਸਿੱਖਾਂ 'ਚ ਇਕਦਮ ਖਲਬਲੀ ਮੱਚ ਗਈ ਤੇ ਉਨ੍ਹਾਂ ਨੂੰ ਸੰਭਲਣ ਦਾ ਮੌਕਾ ਵੀ ਨਹੀਂ ਦਿੱਤਾ ਗਿਆ ਪਰ ਫਿਰ ਵੀ ਉਨ੍ਹਾਂ ਨੇ ਬੜੀ ਬਹਾਦਰੀ ਨਾਲ ਸ਼ਾਹੀ ਫੌਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਹਰ ਸਿੱਖ ਯੋਧੇ ਨੇ ਆਪਣੀ ਸ਼ਹੀਦੀ ਪ੍ਰਾਪਤ ਕਰਨ ਤੋਂ ਪਹਿਲਾਂ, ਇਕੱਲੇ-ਇਕੱਲੇ ਨੇ ਕਈ-ਕਈ ਮੁਗਲ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਇਸ ਲੜਾਈ ਦੀ ਭਗਦੜ 'ਚ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦਾ ਪਰਿਵਾਰ ਸਰਸਾ ਨਦੀ ਦੇ ਕਿਨਾਰੇ 'ਤੇ ਇਕ-ਦੂਸਰੇ ਤੋਂ ਵਿੱਛੜ ਗਿਆ। ਦੋ ਛੋਟੇ ਪੁੱਤਰ ਸਾਹਿਬਜ਼ਾਦਾ ਜੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਗੁਰੂ ਸਾਹਿਬ ਜੀ ਦੀ ਬਜ਼ੁਰਗ ਮਾਤਾ ਗੁਜਰੀ ਜੀ ਨਾਲ ਚਲੇ ਗਏ। ਉਹ ਸਿਰਸਾ ਨਦੀ ਦੇ ਕਿਨਾਰੇ-ਕਿਨਾਰੇ ਸੰਘਣੇ ਜੰਗਲ ਤੇ ਕਾਟੇਦਾਰ ਝਾੜੀਆਂ ਦੇ ਵਿਚ ਦੀ ਚਲਦੇ ਹੋਏ ਤੇ ਰਸਤੇ 'ਚ ਕਈ ਜ਼ਹਿਰੀਲੇ ਸੱਪਾਂ ਤੇ ਸ਼ੇਰ-ਚੀਤਿਆਂ ਤੋਂ ਬਚਦੇ ਹੋਏ, ਬੜੀ ਨਿਡਰਤਾ ਨਾਲ ਆਪਣੀ ਦਾਦੀ ਜੀ ਤੋਂ ਸਿੱਖ ਬਹਾਦਰਾਂ ਦੀਆਂ ਕਹਾਣੀਆਂ ਸੁਣਦੇ ਹੋਏ ਤੇ ਉਨ੍ਹਾਂ ਤੋਂ ਸ਼ਬਦ ਪਾਠ ਸੁਣਦੇ ਹੋਏ, ਤੁਰਦੇ ਗਏ। ਇਸ ਤਰ੍ਹਾਂ ਉਨ੍ਹਾਂ ਨੇ ਆਪਣਾ ਸਫ਼ਰ ਬੜੇ ਆਰਾਮ ਨਾਲ ਤਹਿ ਕਰ ਲਿਆ।

ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਵੱਡੇ ਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਗੁਰੂ ਜੀ ਦੇ ਨਾਲ ਨਾਲ ਸਨ। ਸਿਰਸਾ ਨਦੀ ਪਾਰ ਕਰਨ ਉਪਰੰਤ ਉਨ੍ਹਾਂ ਨੇ ਰਾਤ ਰੋਪੜ ਗੁਜ਼ਾਰੀ ਤੇ ਦੂਸਰੀ ਸਵੇਰ ਨੂੰ ਸਹਿਜਰੇ ਹੀ ਉਹ ਚਮਕੌਰ ਦੀ ਗੜ੍ਹੀ 'ਚ ਪਹੁੰਚ ਗਏ। ਬਿਖੜਾ ਤੇ ਬਹੁਤ ਹੀ ਔਕੜਾਂ ਭਰਿਆ ਪੈਂਡਾ ਪਾਰ ਕਰਨ ਉਪਰੰਤ ਮਾਤਾ ਗੁਜਰੀ ਜੀ ਤੇ ਦੋਵੇਂ ਸਾਹਿਬਜ਼ਾਦੇ ਇਕ ਮੁਸਲਮਾਨ ਪਾਣੀ ਢੋਣ ਵਾਲਾ ਮਾਸ਼ਕੀ ਜਿਸ ਦਾ ਨਾਮ 'ਕੁੰਮਾ' ਸੀ ਦੀ ਝੌਂਪੜੀ 'ਚ ਪਹੁੰਚ ਗਏ। ਮਾਤਾ ਜੀ ਨੂੰ ਦੇਖ ਕੇ ਕੁੰਮਾਂ ਆਪਣੇ ਦੋਵੇਂ ਹੱਥ ਜੋੜ ਕੇ ਆਪਣੀ ਝੌਂਪੜੀ ਤੋਂ ਬਾਹਰ ਆਇਆ ਤੇ ਉਸ ਨੇ ਮਾਤਾ ਜੀ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਬੇਨਤੀ ਕੀਤੀ ਕਿ ਉਹ ਦੀ ਝੌਂਪੜੀ 'ਚ ਰੁਕਣ ਤੇ ਉਸ ਨੂੰ ਆਸ਼ੀਰਵਾਦ ਦੇਣ। ਮਾਤਾ ਗੁਜਰੀ ਜੀ ਉਸ ਦੀ ਸ਼ਰਧਾ ਦੇਖ ਕੇ ਬਹੁਤ ਖੁਸ਼ ਹੋਏ ਤੇ ਮੋਹਰੇ ਸ਼ਾਮ ਹੁੰਦੀ ਦੇਖ ਕੇ ਮਾਤਾ ਜੀ ਨੇ ਝੌਂਪੜੀ 'ਚ ਠਹਿਰ ਕੇ, ਆਪਣਾ ਮਨ ਰਾਤ ਗੁਜ਼ਾਰਨ ਲਈ ਬਣਾ ਲਿਆ।

ਦੂਸਰੀ ਸਵੇਰ ਨੂੰ ਅਜੇ ਮਾਤਾ ਗੁਜਰੀ ਜੀ, ਸਾਹਿਬਜ਼ਾਦੇ ਤੇ ਕੁੰਮਾ ਗੱਲਬਾਤ ਕਰ ਹੀ ਰਹੇ ਸਨ ਕਿ ਗੁਰੂ ਜੀ ਦਾ ਪੁਰਾਣਾ ਘਰੇਲੂ ਨੌਕਰ ਗੰਗੂ ਆ ਪਹੁੰਚਿਆ। ਉਸ ਨੇ ਮਾਤਾ ਜੀ ਨੂੰ ਬੇਨਤੀ ਕੀਤੀ ਕਿ ਉਹ, ਉਸ ਨਾਲ ਉਸ ਦੇ ਪਿੰਡ ਚਲੇ ਚੱਲਣ। ਉਸਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਉਨ੍ਹਾਂ ਬਾਰੇ ਜਾਣਕਾਰੀ ਕਿਸੇ ਵੀ ਬਾਦਸ਼ਾਹੀ ਸਰਕਾਰੀ ਤੰਤਰ ਨੂੰ ਪਤਾ ਨਹੀਂ ਲੱਗੇਗੀ ਤੇ ਉਹ ਉਥੇ ਬਿਲਕੁਲ ਸੁਰੱਖਿਅਤ ਰਹਿਣਗੇ। ਪਹਿਲਾਂ ਮਾਤਾ ਜੀ ਉਥੇ ਜਾਣ ਲਈ ਥੋੜ੍ਹਾ ਹਿਚਕਚਾਏ ਪਰ ਗੰਗੂ ਦੇ ਥੋੜ੍ਹਾ ਜਿੱਦ ਕਰਨ 'ਤੇ ਉਹ, ਉਸ ਨਾਲ ਜਾਣ ਲਈ ਰਾਜ਼ੀ ਹੋ ਗਏ। ਉਨ੍ਹਾਂ ਨੇ ਆਪਣਾ ਸਮਾਨ ਇਕ ਖੱਚਰ 'ਤੇ ਲੱਦਣ ਉਪਰੰਤ ਸਭ ਚੰਦੂ ਦੇ ਪਿੰਡ ਵੱਲ ਨੂੰ ਰਵਾਨਾ ਹੋ ਗਏ। ਦੋਵੇਂ ਸਾਹਿਬਜ਼ਾਦੇ ਆਪਣੀ ਦਾਦੀ ਜੀ ਨਾਲ ਤੁਰ ਕੇ ਜਾ ਰਹੇ ਸਨ ਤੇ ਉਹ ਚੱਲਦੇ ਹੋਏ ਕਦੀ-ਕਦੀ ਆਪਣੇ ਪਿਤਾ ਜੀ ਤੇ ਆਪਣੇ ਵੱਡੇ ਭਰਾਵਾਂ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਬਾਰੇ ਵੀ ਆਪਣੀ ਦਾਦੀ ਤੋਂ ਜਾਣਕਾਰੀ ਲੈਂਦੇ ਸਨ ਕਿ ਉਹ ਕਿੱਥੇ ਹਨ?

ਸਾਰਾ ਦਿਨ ਦਾ ਸਫ਼ਰ ਕਰਨ ਉਪਰੰਤ ਉਹ ਸ਼ਾਮ ਨੂੰ ਪਿੰਡ ਖੇੜੀ ਪਹੁੰਚੇ। ਗੰਗੂ ਦੇ ਘਰ ਪਹੁੰਚਣ ਉਪਰੰਤ ਮਾਤਾ ਜੀ ਨੇ ਆਪਣਾ ਸਾਰਾ ਸਮਾਨ ਘਰ ਦੇ ਇਕ ਕਮਰੇ ਦੇ ਖੂੰਜੇ 'ਚ ਰੱਖ ਦਿੱਤਾ। ਸਾਹਿਬਜ਼ਾਦਾ ਜੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਆਪਣੇ ਪਹਿਨੇ ਹੋਏ ਕੱਪੜੇ ਬਦਲ ਕੇ, ਆਪਣਾ ਬਿਸਤਰਾ ਵਿਛਾਇਆ, ਆਪਣਾ ਸ਼ਾਮ ਦਾ ਪਾਠ ਕੀਤਾ ਤੇ ਆਪਣੇ ਦਾਦੀ ਜੀ ਨਾਲ ਗਲਵੱਕੜੀ ਪਾ ਕੇ ਸੌਂ ਗਏ।

ਅੱਧੀ ਰਾਤ ਨੂੰ ਗੰਗੂ ਸਹਿਜ ਦੇਣੀ, ਉਨ੍ਹਾਂ ਦੇ ਕਮਰੇ ਵਿਚ ਆਇਆ ਤੇ ਸਮਝਿਆ ਕਿ ਮਾਤਾ ਜੀ ਤੇ ਸਾਹਿਬਜ਼ਾਦੇ ਅੱਖਾਂ ਮੀਟ ਕੇ ਗੂੜ੍ਹੀ ਨੀਂਦ 'ਚ ਸੁੱਤੇ ਪਏ ਹਨ, ਉਹ ਥੋੜ੍ਹਾ ਝੁਕਿਆ, ਉਸ ਨੇ ਆਪਣੇ ਹੱਥ ਬੈਗ 'ਚ ਪਾਏ, ਸਾਰੇ ਸੋਨੇ ਦੇ ਗਹਿਣੇ ਤੇ ਸਿੱਕੇ ਕੱਢ ਲਏ ਤੇ ਕਮਰੇ 'ਚੋਂ ਬਾਹਰ ਨਿਕਲ ਗਿਆ। ਮਾਤਾ ਜੀ ਨੇ ਸੁੱਤਿਆਂ ਹੋਇਆਂ ਪੈਰਾਂ ਦੀ ਵਿੜਕ ਵੀ ਸੁਣੀ ਪਰ ਉਹ ਸੁੱਤੇ ਰਹੇ ਤੇ ਰੋਜ਼ ਦੀ ਆਦਤ ਵਾਂਗ ਲੰਮੇ ਪਏ ਰਹੇ। ਜਦੋਂ ਉਹ ਸਵੇਰ ਨੂੰ ਉੱਠੇ, ਉਨ੍ਹਾਂ ਨੇ ਗੰਗੂ ਨੂੰ ਪੁੱਛਿਆ ਕਿ, 'ਸਾਡਾ ਸਾਰਾ ਸਮਾਨ ਖਿਲਰਿਆ ਪਿਆ ਹੈ, ਮੈਨੂੰ ਪੱਕਾ ਯਕੀਨ ਹੈ ਕਿ ਬਾਹਰ ਦਾ ਦਰਵਾਜ਼ਾ ਬੰਦ ਸੀ। ਸਾਡੇ ਸੋਨੇ ਦੇ ਗਹਿਣੇ ਤੇ ਸਿੱਕੇ ਕਿੱਥੇ ਹਨ? ਗੰਗੂ ਕੁਝ ਨਹੀਂ ਬੋਲਿਆ ਤੇ ਉਸ ਦਾ ਚਿਹਰਾ ਉਤਰਿਆ ਹੋਇਆ ਸੀ। ਉਹ ਚੁੱਪ-ਚਪੀਤਾ ਘਰੋਂ ਬਾਹਰ ਨਿਕਲ ਗਿਆ ਤੇ ਜ਼ੋਰ-ਜ਼ੋਰ ਦੀ ਰੌਲਾ ਪਾਉਣ ਲੱਗ ਪਿਆ ਕਿ ਚੋਰ ਨੂੰ ਲੱਭਣ 'ਚ ਸਾਡੀ ਮਦਦ ਕੀਤੀ ਜਾਵੇ। ਮਾਤਾ ਜੀ ਨੇ ਉਸ ਨੂੰ ਅੰਦਰ ਬੁਲਾਇਆ ਤੇ ਕਿਹਾ ਕਿ, "ਐਵੇਂ ਫਜ਼ੂਲ ਦੀ ਖਲਬਲੀ ਨਾ ਮਚਾਅ"। ਗੰਗੂ, ਆਪਣੀ ਗੱਲ 'ਤੇ ਅੜਿਆ ਰਿਹਾ ਤੇ ਕਹਿੰਦਾ ਰਿਹਾ ਕਿ ਚੋਰ ਦੀ ਤਲਾਸ਼ ਜ਼ਰੂਰ ਕੀਤੀ ਜਾਵੇਗੀ। ਮਾਤਾ ਜੀ ਨੇ ਗੰਗੂ ਨੂੰ ਸ਼ਾਂਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਤੇ ਕਿਹਾ, "ਤੁਹਾਨੂੰ ਜਿੰਨੇ ਸੋਨੇ ਦੇ ਸਿੱਕੇ ਚਾਹੀਦੇ ਹਨ ਉਹ ਰੱਖ ਲਓ ਤੇ ਬਾਕੀ ਮੈਨੂੰ ਮੋੜ ਦਿਉ।" ਗੰਗੂ ਆਪਣੀ ਗਲਤੀ ਮੰਨਣ ਦੀ ਥਾਂ, ਸਗੋਂ ਰੋਹ 'ਚ ਆ ਗਿਆ ਤੇ ਮਾਤਾ ਜੀ ਨੂੰ ਕਹਿਣਾ ਸ਼ੁਰੂ ਕਰ ਦਿੱਤਾ, ਤੁਸੀਂ ਮੇਰੇ 'ਤੇ ਸ਼ੱਕ ਕਰਦੇ ਹੋ ਤੇ ਇਲਜ਼ਾਮ ਲਾਉਂਦੇ ਹੋ। ਤੁਸੀਂ ਕਿੰਨੇ ਅਕ੍ਰਿਤਘਣ ਹੋ। ਮੈਂ ਤੁਹਾਨੂੰ ਇਕ ਰਫੂਜੀ ਦੇ ਤੌਰ 'ਤੇ ਪਨਾਹ ਦਿੱਤੀ ਹੈ ਤੇ ਤੁਸੀਂ ਮੇਰੇ 'ਤੇ ਇਸ ਦੇ ਬਦਲੇ 'ਚ ਚੋਰੀ ਦਾ ਇਲਜ਼ਾਮ ਲਾਉਂਦੇ ਹੋ? ਮਾਤਾ ਗੁਜਰੀ ਜੀ ਨੇ ਗੰਗੂ ਨੂੰ ਆਪਣੀਆਂ ਮਜਬੂਰੀਆਂ ਤੇ ਹੋਰ ਕਈ ਕਾਰਨਾਂ ਨਾਲ ਸ਼ਾਂਤ ਕਰਨ ਦਾ ਯਤਨ ਕੀਤਾ ਪਰ ਗੰਗੂ ਨੇ ਉਨ੍ਹਾਂ ਦੀ ਇਕ ਨਾ ਸੁਣੀ। ਗੰਗੂ ਘਰੋਂ ਸਿੱਧਾ ਮੁਰਿੰਡਾ ਦੇ ਥਾਣੇ ਚਲਾ ਗਿਆ। ਥਾਣੇ ਪਹੁੰਚ ਕੇ ਉਹ ਸਭ ਤੋਂ ਪਹਿਲਾਂ ਥਾਣੇ ਦੇ ਕੋਤਵਾਲ ਨੂੰ ਮਿਲਿਆ। ਕੋਤਵਾਲ ਨੂੰ ਸਲਾਮ ਮਾਰਨ ਤੋਂ ਬਾਅਦ ਉਸ ਨੇ ਕੋਤਵਾਲ ਨੂੰ ਕਿਹਾ ਕਿ ਮੈਂ ਤੁਹਾਡੇ ਨਾਲ ਕੋਈ ਗੁਪਤ ਸੂਚਨਾ ਬਾਰੇ ਗੱਲ ਕਰਨੀ ਹੈ। ਕੋਤਵਾਲ ਦੇ ਪੁੱਛਣ 'ਤੇ ਗੰਗੂ ਨੇ ਬੜੀ ਧੀਮੀ ਆਵਾਜ਼ 'ਚ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਤੇ ਉਨ੍ਹਾਂ ਦੇ ਦੋ ਛੋਟੇ ਪੁੱਤਰ ਮੇਰੇ ਘਰ 'ਚ ਛੁਪੇ ਹੋਏ ਹਨ। ਕੋਤਵਾਲ ਇਹ ਖ਼ਬਰ ਸੁਣ ਕੇ ਬਹੁਤ ਖੁਸ਼ ਹੋਇਆ। ਉਸ ਨੇ ਆਪਣੇ ਸਿਪਾਹੀਆਂ ਨੂੰ ਆਦੇਸ਼ ਦਿੱਤਾ ਕਿ ਗੰਗੂ ਨਾਲ ਉਸ ਦੇ ਘਰ ਜਾਓ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਲਿਆਓ।

ਜਦੋਂ ਸਿਪਾਹੀ ਗੰਗੂ ਦੇ ਘਰ ਪਹੁੰਚੇ ਤਾਂ ਆਂਢ-ਗੁਆਂਢ ਦੇ ਕੁਝ ਲੋਕ ਚੋਰੀ ਅੱਖ ਨਾਲ ਦੇਖਣ ਲਈ ਘਰੋਂ ਬਾਹਰ ਨਿਕਲ ਆਏ। ਕੁਝ ਸਿਪਾਹੀ ਗੰਗੂ ਦੇ ਘਰ ਦੀ ਪਿੱਛਵਾੜੀ ਵੱਲ ਘਰ ਨੂੰ ਘੇਰਾ ਪਾਉਣ ਲਈ ਦੌੜੇ ਤੇ ਉਨ੍ਹਾਂ ਨੇ ਦੇਖਿਆ ਕਿ ਮਾਤਾ ਜੀ ਤੇ ਦੋਵੇਂ ਸਾਹਿਬਜ਼ਾਦੇ ਬੇਫਿਕਰ ਹੋ ਕੇ ਬੈਠੇ ਸਨ। ਸਿਪਾਹੀਆਂ ਨੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਕਿਹਾ ਕਿ ਸਾਡੇ ਪਾਸ ਤੁਹਾਨੂੰ ਗ੍ਰਿਫ਼ਤਾਰ ਕਰਨ ਲਈ ਕੋਤਵਾਲ ਦੇ ਆਦੇਸ਼ ਹਨ। ਮਾਤਾ ਗੁਜਰੀ ਜੀ ਨੇ ਦੋਵਾਂ ਸਾਹਿਬਜ਼ਾਦਿਆਂ ਨੂੰ ਆਪਣੀ ਜੱਫੀ 'ਚ ਲਿਆ, ਜਿਹੜੇ ਕਿ ਦੋਵੇਂ ਉਨ੍ਹਾਂ ਨਾਲ ਜਾਣ ਲਈ ਤਿਆਰ ਸਨ। ਤਿੰਨਾਂ ਨੂੰ ਗ੍ਰਿਫ਼ਤਾਰ ਕਰਕੇ ਸਿਪਾਹੀ ਆਪਣੇ ਨਾਲ ਲੈ ਗਏ। ਘਰ ਦੇ ਬਾਹਰ ਲੋਕਾਂ ਦੀ ਭੀੜ ਲੱਗ ਗਈ ਤੇ ਗੰਗੂ ਇਕ ਪਾਸੇ ਨੀਵੀਂ ਪਾਈ ਖੜ੍ਹਾ ਸੀ। ਲੋਕ ਗੰਗੂ ਦੀ ਗੱਦਾਰੀ ਤੇ ਵਿਸ਼ਵਾਸਘਾਤ ਦੀਆਂ ਗੱਲਾਂ ਕਰ ਰਹੇ ਸਨ। ਇਕ ਔਰਤ ਨੇ ਗੰਗੂ 'ਤੇ ਵਿਅੰਗ ਕਸਦਿਆਂ ਕਿਹਾ ਕਿ, "ਇਸ ਨੇ ਆਪਣੇ ਲਈ ਖਾਈ ਪੁੱਟ ਲਈ ਹੈ! ਇਹ ਆਪ ਹੀ ਮਾਤਾ ਗੁਜਰੀ ਤੇ ਦੋਵਾਂ ਸਾਹਿਬਜ਼ਾਦਿਆਂ ਨੂੰ ਘਰ ਲਿਆਇਆ ਹੈ ਤੇ ਆਪ ਹੀ ਇਨ੍ਹਾਂ ਦੀ ਸੂਚਨਾ ਸਰਕਾਰ ਨੂੰ ਦੇ ਦਿੱਤੀ ਹੈ।" ਲੋਕ ਹੈਰਾਨ ਸਨ ਕਿ ਦੋ ਮਾਸੂਮ ਜਿੰਦਾਂ ਤੇ ਬਹੁਤ ਹੀ ਸਤਿਕਾਰਯੋਗ ਬਜ਼ੁਰਗ ਮਾਤਾ ਗੁਜਰੀ ਜੀ ਨੂੰ ਪੁਲਿਸ ਥਾਣੇ ਕਿਉਂ ਲੈ ਗਈ ਹੈ। ਲੋਕ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਵਿਅੱਕਤਿਤਵ ਤੋਂ ਬਹੁਤ ਪ੍ਰਭਾਵਿਤ ਹੋਏ ਕਿ ਉਹ ਆਪਣੀ ਗ੍ਰਿਫ਼ਤਾਰੀ ਸਮੇਂ ਜ਼ਰਾ ਵੀ ਨਹੀਂ ਘਬਰਾਏ ਸਗੋਂ ਆਪਣੀ ਪੂਰੀ ਚੜ੍ਹਦੀ ਕਲਾ 'ਚ ਦਿਖਾਈ ਦਿੰਦੇ ਸਨ।

ਥਾਣੇ ਪਹੁੰਚ ਕੇ ਦੋਵਾਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਇਕ ਰਾਤ ਜੇਲ੍ਹ ਦੀ ਕੋਠੜੀ 'ਚ ਰੱਖਿਆ ਗਿਆ। ਰਾਤ ਨੂੰ ਮਾਤਾ ਜੀ ਨੇ ਸਾਹਿਬਜ਼ਾਦਿਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਬਹਾਦਰ ਸ਼ਰਧਾਲੂਆਂ ਦੀਆਂ ਕਹਾਣੀਆਂ ਸੁਣਾਈਆਂ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਪੂਰਾ ਸਾਕਾ ਸੁਣਾਇਆ ਤੇ ਉਨ੍ਹਾਂ ਦੇ ਬਹੁਤ ਹੀ ਪਿਆਰੇ ਤੇ ਪ੍ਰੇਮੀ ਗੁਰੂ ਤੇਗ ਬਹਾਦਰ ਜੀ ਦੀ ਹਿੰਦੂ ਧਰਮ ਦੀ ਰਾਖੀ ਲਈ ਦਿੱਤੀ ਸ਼ਹੀਦੀ ਦਾ ਪੂਰਾ ਵੇਰਵਾ ਸੁਣਾਇਆ ਤੇ ਮਾਤਾ ਗੁਜਰੀ ਜੀ ਨੇ ਸੌਣ ਤੋਂ ਪਹਿਲਾਂ ਸ਼ਾਮ ਨੂੰ 'ਰਹਿਰਾਸ' ਤੇ 'ਕੀਰਤਨ ਸੋਹਲਾ' ਦਾ ਪਾਠ ਕੀਤਾ। ਦੂਸਰੀ ਸਵੇਰ ਨੂੰ ਉਨ੍ਹਾਂ ਨੂੰ ਬੈਲ ਗੱਡੇ 'ਚ ਬਿਠਾ ਕੇ ਬੱਸੀ ਥਾਣੇ ਲਿਜਾਇਆ ਗਿਆ। ਉਨ੍ਹਾਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਚਾਰ-ਚੁਫੇਰੇ ਬੜੀ ਜਲਦੀ ਫੈਲ ਗਈ। ਜਿਸ ਰਸਤੇ ਵੱਲ ਦੀ ਉਹਨਾਂ ਨੂੰ ਲਿਜਾਇਆ ਗਿਆ, ਉਸ ਰਸਤੇ 'ਤੇ ਉਨ੍ਹਾਂ ਦੇ ਦਰਸ਼ਨਾਂ ਨੂੰ ਬੜੀ ਭੀੜ ਇਕੱਤਰ ਹੋਈ-ਹੋਈ ਸੀ। ਲੋਕ ਬੜੇ ਹੈਰਾਨ ਤੇ ਪ੍ਰੇਸ਼ਾਨ ਸਨ ਕਿ ਦੋ ਮਾਸੂਮ ਤੇ ਬੇਕਸੂਰ ਲੜਕੇ ਤੇ ਉਨ੍ਹਾਂ ਦੀ ਬਜ਼ੁਰਗ ਦਾਦੀ ਨੂੰ ਗ੍ਰਿਫ਼ਤਾਰ ਕਰਕੇ ਲਿਜਾਇਆ ਜਾ ਰਿਹਾ ਹੈ। ਰਸਤੇ 'ਚ ਇਕੱਠੀ ਹੋਈ ਭੀੜ ਨੇ ਦੇਖਿਆ ਕਿ ਜਿਵੇਂ ਉਨ੍ਹਾਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰੀ ਦਾ ਕੋਈ ਡਰ ਹੀ ਨਾ ਹੋਵੇ ਤੇ ਲੋਕ ਇਸ ਨਿਡਰਤਾ ਦੀ ਤਾਰੀਫ਼ ਵੀ ਕਰਦੇ ਸਨ ਤੇ ਇਹ ਵੀ ਕਹਿੰਦੇ ਸਨ ਕਿ, "ਇਹ ਬਹਾਦਰ ਸਾਹਿਬਜ਼ਾਦੇ ਇਕ ਬਹਾਦਰ ਪਿਤਾ ਦੇ ਪੁੱਤਰ ਹਨ।" ਉਨ੍ਹਾਂ ਨੂੰ ਦੇਖਣ ਵਾਲਿਆਂ ਲੋਕਾਂ ਦੇ ਕਹੇ ਗਏ ਇਸ ਤਰ੍ਹਾਂ ਦੇ ਬਹਾਦਰੀ ਦੇ ਸ਼ਬਦ, ਸਿਪਾਹੀਆਂ ਨੂੰ ਭੈ-ਭੀਤ ਕਰ ਰਹੇ ਸਨ ਤੇ ਉਨ੍ਹਾਂ ਨੇ ਆਪਣਾ ਪੈਂਡਾ ਜਲਦੀ ਮੁਕਾਉਣ ਲਈ ਹੋਰ ਤੇਜ਼-ਤੇਜ਼ ਤੁਰਨਾ ਆਰੰਭ ਦਿੱਤਾ। ਗੱਡੇ ਨੂੰ ਹੱਕਣ ਵਾਲੇ ਨੇ ਬਲਦਾਂ ਨੂੰ ਚਾਬਕਾਂ ਮਾਰਨੀਆਂ ਆਰੰਭ ਕਰ ਦਿੱਤੀਆਂ ਤਾਂ ਕਿ ਉਹ ਤੇਜ਼ ਤੁਰਨ ਤੇ ਸਰਹਿੰਦ ਜਲਦੀ ਪਹੁੰਚ ਜਾਣ। ਸਰਹਿੰਦ ਪਹੁੰਚ ਕੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਬੁਰਜ ਦੇ ਇਕ ਠੰਢੇ ਕਮਰੇ 'ਚ ਰਾਤ ਭਰ ਲਈ ਰੱਖਿਆ ਗਿਆ। ਆਪਣੀ ਜਾਨ ਨੂੰ ਖ਼ਤਰੇ 'ਚ ਪਾ ਕੇ ਗੁਰੂ ਸਾਹਿਬ ਦੇ ਇਕ ਸ਼ਰਧਾਲੂ ਭਾਈ ਮੋਤੀ ਰਾਮ ਜੀ ਨੇ ਮਾਤਾ ਗੁਜਰੀ ਤੇ ਦੋਹਾਂ ਸਾਹਿਬਜ਼ਾਦਿਆਂ ਲਈ ਗਰਮ-ਗਰਮ ਦੁੱਧ ਪੀਣ ਲਈ ਭੇਜਿਆ। ਸਾਹਿਬਜ਼ਾਦਾ ਜੋਰਾਵਰ ਸਿੰਘ ਤੇ ਫਤਿਹ ਸਿੰਘ ਜੀ ਨੇ ਆਪਣੀ ਦਾਦੀ ਜੀ ਕੋਲੋਂ ਸਿੱਖ ਇਤਿਹਾਸ ਦੇ ਬਹਾਦਰ ਸਿੱਖ ਯੋਧਿਆਂ ਦੀਆਂ ਕਹਾਣੀਆਂ ਸੁਣੀਆਂ ਹੋਈਆਂ ਸਨ। ਉਨ੍ਹਾਂ ਨੇ ਗੁਰੂ ਸਾਹਿਬਾਨ ਵੱਲੋਂ ਧਰਮ ਦੀ ਖਾਤਰ ਨਿਭਾਏ ਗਏ ਆਦਰਸ਼ਾਂ ਬਾਰੇ ਵੀ ਚੰਗੀ ਤਰ੍ਹਾਂ ਸੁਣਿਆ ਹੋਇਆ ਸੀ ਤੇ ਦੋਵਾਂ ਸਾਹਿਬਜ਼ਾਦਿਆਂ ਨੇ ਮਾਤਾ ਗੁਜਰੀ ਜੀ ਨੂੰ ਇਹ ਦ੍ਰਿੜ੍ਹ ਵਿਸ਼ਵਾਸ ਕਰਵਾਇਆ ਕਿ ਉਹ ਸਿੱਖ ਪਰੰਪਰਾਵਾਂ ਤੇ ਆਪਣੇ ਧਰਮ ਦੇ ਵਿਸ਼ਵਾਸ ਨੂੰ ਲਾਜ ਨਹੀਂ ਲੱਗਣ ਦੇਣਗੇ ਤੇ ਆਪਣੇ ਪਿਤਾ ਜੀ ਦੇ ਪਾਏ ਹੋਏ ਪੂਰਨਿਆਂ 'ਤੇ ਪੂਰਾ ਉਤਰਨਗੇ। ਸਾਹਿਬਜ਼ਾਦਿਆਂ ਦਾ ਅਜਿਹੀ ਬਹਾਦਰੀ, ਨਿਡਰਤਾ ਤੇ ਆਪਣੇ ਧਰਮ 'ਚ ਦ੍ਰਿੜ੍ਹ ਵਿਸ਼ਵਾਸ ਰੱਖਣ ਦੇ ਕਥਨ ਸੁਣ ਕੇ ਮਾਤਾ ਜੀ ਨੇ ਸਾਹਿਬਜ਼ਾਦਿਆਂ ਦੀ ਤਾਰੀਫ਼ ਕੀਤੀ ਤੇ ਦੋਵਾਂ ਨੂੰ ਆਪਣੀ ਗਲਵੱਕੜੀ 'ਚ ਲੈ ਲਿਆ।

ਅਗਲੇ ਦਿਨ ਸਵੇਰ ਨੂੰ ਸਿਪਾਹੀ ਫਿਰ ਆਏ ਤੇ ਉਨ੍ਹਾਂ ਨੇ ਮਾਤਾ ਜੀ ਨੂੰ ਕਿਹਾ ਕਿ ਉਨ੍ਹਾਂ ਪਾਸ ਨਵਾਬ ਦੇ ਆਦੇਸ਼ ਹਨ ਕਿ ਦੋਵੇਂ ਲੜਕਿਆਂ ਨੂੰ ਉਸ ਦੀ ਕਚਹਿਰੀ 'ਚ ਹਾਜ਼ਰ ਕੀਤਾ ਜਾਵੇ। ਮਾਤਾ ਜੀ ਨੇ ਸਿਪਾਹੀਆਂ ਨੂੰ ਪੁੱਛਿਆ ਕਿ ਇਨ੍ਹਾਂ ਨੂੰ ਉਥੇ ਕਿਉਂ ਬੁਲਾਇਆ ਹੈ ਤਾਂ ਸਿਪਾਹੀਆਂ ਨੇ ਉੱਤਰ ਦਿੱਤਾ ਕਿ ਸਾਨੂੰ ਇਸ ਦਾ ਕਾਰਨ ਨਹੀਂ ਪਤਾ ਸਾਡੀ ਤਾਂ ਸਿਰਫ਼ ਇਹ ਡਿਊਟੀ ਹੈ ਕਿ ਉਸ ਦੇ ਹੁਕਮਾਂ ਦੀ ਤਾਮੀਲ ਕਰਾਉਣਾ। ਮਾਤਾ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਆਪਣੇ ਸੀਨੇ ਨਾਲ ਲਗਾਇਆ, ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ ਤੇ ਸਿੱਖ ਧਰਮ ਦੀਆਂ ਗੁਰੂ ਸਾਹਿਬਾਨ ਦੀਆਂ ਰਵਾਇਤਾਂ 'ਤੇ ਪੂਰਾ ਉਤਰਨ ਲਈ ਕਿਹਾ। ਦੋਵੇਂ ਸਾਹਿਬਜ਼ਾਦਿਆਂ ਨੇ ਮੁਸਕਰਾਉਂਦਿਆਂ ਹੋਇਆਂ ਹਾਂ 'ਚ ਉਤਰ ਦਿੱਤਾ ਤੇ ਉਹ ਸਿਪਾਹੀਆਂ ਦੇ ਨਾਲ ਚਲੇ ਗਏ। ਦੋਵੇਂ ਸਾਹਿਬਜ਼ਾਦੇ ਸਿਪਾਹੀਆਂ ਦੇ ਨਾਲ ਨਵਾਬ ਦੀ ਕਚਹਿਰੀ ਤੱਕ ਬੜੀ ਨਿਡਰਤਾ ਨਾਲ ਤੁਰਦੇ ਗਏ। ਜਿਉਂ ਹੀ ਉਹ ਕਚਹਿਰੀ ਦੇ ਦਰਵਾਜ਼ੇ 'ਤੇ ਗਏ ਤਾਂ ਉਨ੍ਹਾਂ ਨੇ ਦੇਖਿਆ ਕਿ ਵੱਡਾ ਦਰਵਾਜ਼ਾ ਬੰਦ ਹੈ ਤੇ ਸਿਰਫ਼ ਇਕ ਛੋਟੀ ਜਿਹੀ ਤਾਕੀ ਖੁੱਲ੍ਹੀ ਹੈ ਤੇ ਉਹ ਸਮਝ ਗਏ ਕਿ ਇਹ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਨੂੰ 'ਕੁਰਾਨ ਸ਼ਰੀਫ਼' ਅੱਗੇ ਤੇ ਨਵਾਬ ਅੱਗੇ ਝੁਕਣ ਲਈ ਇੰਝ ਕੀਤਾ ਗਿਆ ਹੈ ਕਿਉਂਕਿ ਇਸ ਛੋਟੀ ਤਾਕੀ ਤੋਂ ਅੱਗੇ ਕਾਜ਼ੀ ਆਪਣੇ ਹੱਥਾਂ 'ਚ 'ਕੁਰਾਨ ਸ਼ਰੀਫ਼ ਲੈ ਕੇ ਖੜ੍ਹਾ ਸੀ। ਸੂਝਵਾਨ ਸਾਹਿਬਜ਼ਾਦਿਆਂ ਨੇ ਇਸ ਸਾਰੀ ਖੇਡ ਨੂੰ ਚੰਗੀ ਤਰ੍ਹਾਂ ਸਮਝ ਲਿਆ। ਉਨ੍ਹਾਂ ਨੇ ਸਭ ਤੋਂ ਪਹਿਲਾਂ ਉਸ ਤਾਕੀ 'ਚ ਦੀ ਆਪਣੇ ਪੈਰ ਲੰਘਾਏ ਤੇ ਫਿਰ ਕੁੱਦ ਕੇ ਛਲਾਂਗ ਲਗਾਈ ਤੇ ਉਹ ਸਿਰ ਝੁਕਾਏ ਬਗੈਰ ਹੀ ਅੰਦਰ ਪ੍ਰਵੇਸ਼ ਕਰ ਗਏ।



ਨਵਾਬ ਦੀ ਕਚਹਿਰੀ ਲੱਗੀ ਹੋਈ ਸੀ। ਸਾਹਿਬਜ਼ਾਦਿਆਂ ਨੇ ਅੰਦਰ ਪ੍ਰਵੇਸ਼ ਕਰਦਿਆਂ ਹੀ ਸਭ ਦਰਬਾਰੀ ਕਰਮਚਾਰੀਆਂ ਨੂੰ ਸਿੱਖ ਖ਼ਾਲਸਾਈ ਫਤਿਹ ਬੁਲਾਈ- "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।" ਖ਼ਾਲਸੇ ਦੀ ਇਹ ਫਤਿਹ ਆਪਣੀ ਜਿੱਤ ਵੀ ਹੈ ਤੇ ਇਕ ਪ੍ਰਮਾਤਮਾ ਦੀ ਜਿੱਤ ਦਾ ਵੀ ਪ੍ਰਤੀਕ ਹੈ। ਉਨ੍ਹਾਂ ਦੀ ਫਤਿਹ ਨਾਲ ਸਾਰੀ ਕਚਹਿਰੀ ਗੂੰਜ ਉੱਠੀ। ਸਾਰੇ ਦਰਬਾਰੀ ਕਰਮਚਾਰੀਆਂ 'ਤੇ ਸਾਹਿਬਜ਼ਾਦਿਆਂ ਦੀ ਇਸ ਨਿਡਰਤਾ ਨਾਲ ਬੁਲਾਈ ਗਈ ਫਤਿਹ ਦਾ ਬਹੁਤ ਚੰਗਾ ਪ੍ਰਭਾਵ ਪਿਆ। ਸਾਹਿਬਜ਼ਾਦੇ ਕੇਸਰੀ ਰੰਗ ਦੇ ਬਾਣੇ ਤੇ ਦਸਤਾਰ 'ਚ ਬਹੁਤ ਪਿਆਰੇ ਦਿਖਾਈ ਦਿੰਦੇ ਸਨ। ਨਵਾਬ ਵਜ਼ੀਰ ਖਾਨ ਨੇ ਸਾਹਿਬਜ਼ਾਦਿਆਂ ਨਾਲ ਬੜੀ ਹਲੀਮੀ ਨਾਲ ਗੱਲ ਕੀਤੀ ਤੇ ਕਿਹਾ, "ਕਿੰਨੇ ਸੋਹਣੇ ਤੇ ਬਹਾਦਰ ਚਿਹਰੇ ਹਨ! ਇਸਲਾਮ ਤੁਹਾਨੂੰ ਆਪਣੀ ਗਲਵੱਕੜੀ 'ਚ ਲੈ ਕੇ ਬੜਾ ਫ਼ਖ਼ਰ ਮਹਿਸੂਸ ਕਰੇਗਾ। ਸਿਰਫ਼ ਕਲਮਾ ਹੀ ਤਾਂ ਪੜ੍ਹਨਾ ਹੈ। ਇਹ ਇਸਲਾਮ ਧਰਮ 'ਚ ਪ੍ਰਵੇਸ਼ ਕਰਨ ਲਈ ਸਿਰਫ਼ 'ਜੀ ਆਇਆਂ' ਹੈ ਤੇ ਉਸ ਤੋਂ ਬਾਅਦ ਤੁਸੀਂ ਸਾਡੇ ਵਿਚਕਾਰ ਹੋਵੋਗੇ। ਤੁਸੀਂ ਜੋ ਮੰਗੋਗੇ ਉਹ ਸਭ ਕੁਝ ਤੁਹਾਡੇ ਲਈ ਹਾਜ਼ਰ ਹੈ।

ਦੋਵੇਂ ਸਾਹਿਬਜ਼ਾਦਿਆਂ ਨੇ ਇਕੱਠੇ ਹੀ ਉੱਚੀ ਆਵਾਜ਼ 'ਚ ਕਿਹਾ ਕਿ, "ਸਾਨੂੰ ਸੰਸਾਰਕ ਮਾਇਆ ਦਾ ਕੋਈ ਲੋਭ ਨਹੀਂ ਹੈ ਤੇ ਨਾ ਹੀ ਅਸੀਂ ਕਿਸੇ ਵੀ ਕੀਮਤ 'ਤੇ ਆਪਣਾ ਧਰਮ ਛੱਡਾਂਗੇ।" ਨਵਾਬ ਸਾਹਿਬਜ਼ਾਦਿਆਂ ਦਾ ਉੱਤਰ ਸੁਣ ਕੇ ਅੰਦਰੋਂ-ਅੰਦਰੀ ਖਿੱਝ ਗਿਆ ਤੇ ਮੂੰਹੋਂ ਕੁਝ ਨਾ ਬੋਲਿਆ। ਨਵਾਬ ਨੇ ਕਾਜ਼ੀ ਨੂੰ ਸੰਬੋਧਨ ਹੁੰਦਿਆਂ ਕਿਹਾ, "ਕੀ ਤੁਸੀਂ ਗੁਸਤਾਖ਼ ਲੜਕਿਆਂ ਦੇ ਵਿਵਹਾਰ 'ਤੇ ਗੌਰ ਕੀਤਾ ਹੈ! ਇਨ੍ਹਾਂ ਨੂੰ ਭੋਲੇ-ਭਾਲੇ ਜਾਣ ਕੇ ਸਤਿਕਾਰ ਨਾ ਕਰੋ। ਇਹ ਇਕ ਵਿਦਰੋਹੀ ਦੇ, ਵਿਦਰੋਹ ਕਰਨ ਵਾਲੇ ਬੱਚੇ ਹਨ। ਇਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ। ਕਾਜ਼ੀ ਨੇ ਨਵਾਬ ਨੂੰ ਕਿਹਾ ਕਿ, "ਇਸਲਾਮੀ ਕਾਨੂੰਨ ਅਨੁਸਾਰ ਇਹ ਲੜਕੇ ਕਿਸੇ ਪਾਪ ਦੇ ਦੋਸ਼ੀ ਨਹੀਂ ਹਨ। ਇਨ੍ਹਾਂ ਨੂੰ ਆਪਣੇ ਬਾਪ ਦੇ ਵਿਦਰੋਹ ਬਦਲੇ ਕਸੂਰਵਾਰ ਨਹੀਂ ਕਿਹਾ ਜਾ ਸਕਦਾ।" ਨਵਾਬ ਨੇ ਕਿਹਾ ਕਿ, "ਭਾਵੇਂ ਇਹ ਠੀਕ ਹੈ, ਪਰ ਇਹ ਵੀ ਵਿਦਰੋਹੀ ਹਨ। ਤੁਸੀਂ ਇਨ੍ਹਾਂ ਦਾ ਗੁਸਤਾਖ਼ ਪੂਰਵਕ ਵਿਵਹਾਰ ਨਹੀਂ ਸੁਣਿਆ।" ਕਾਜ਼ੀ ਨੇ ਉੱਤਰ ਦਿੱਤਾ, "ਪ੍ਰੰਤੂ ਇਨ੍ਹਾਂ ਨੇ ਆਪਣਾ ਕੋਈ ਗੁਨਾਹ ਸਵੀਕਾਰ ਨਹੀਂ ਕੀਤਾ।" ਨਵਾਬ ਵਜ਼ੀਰ ਖਾਨ ਨੂੰ ਕਾਜ਼ੀ ਤੋਂ ਇਸ ਤਰ੍ਹਾਂ ਦੇ ਉੱਤਰ ਦੀ ਉਮੀਦ ਨਹੀਂ ਸੀ। ਨਵਾਬ ਵਜ਼ੀਰ ਖਾਨ ਨੇ ਫਿਰ ਆਪਦੇ ਪਹਿਲੇ ਸਵਾਲਾਂ ਵੱਲ ਮੁੜਦਿਆਂ, ਸਾਹਿਬਜ਼ਾਦਿਆਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਤੇ ਕਿਹਾ, "ਤੁਸੀਂ ਅਜੇ ਮਾਸੂਮ ਤੇ ਭੋਲੇ-ਭਾਲੇ ਹੋ। ਤੁਹਾਡੀ ਉਮਰ ਅਜੇ ਮੌਜ ਮਸਤੀ ਵਾਲੀ ਹੈ। ਜੇਕਰ ਤੁਸੀਂ ਸਾਡੀ ਸਲਾਹ ਧਿਆਨ ਨਾਲ ਸੁਣੋਗੇ, ਤੁਸੀਂ ਆਪਦੇ ਜੀਵਨ ਦਾ ਭਰਪੂਰ ਆਨੰਦ ਇਸ ਸੰਸਾਰ 'ਚ ਦਿਲੋਂ ਮਾਣੋਗੇ ਤੇ ਤੁਹਾਨੂੰ ਸਵਰਗ 'ਚੋਂ ਵੀ ਸ਼ਾਨਦਾਰ ਜੀਵਨ ਜਿਊਣ ਦਾ ਆਸ਼ੀਰਵਾਦ ਪ੍ਰਾਪਤ ਹੋ ਜਾਵੇਗਾ।"

ਸਾਹਿਬਜ਼ਾਦਾ ਜੋਰਾਵਰ ਸਿੰਘ ਨਿੱਡਰ ਹੋ ਕੇ ਬੋਲਿਆ, "ਅਸੀਂ ਜ਼ੁਲਮ ਤੇ ਬੇਇਨਸਾਫ਼ੀ ਦੀ ਲੜਾਈ ਲੜ ਰਹੇ ਹਾਂ। ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਾਂ, ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਹਾਂ ਤੇ ਗੁਰੂ ਅਰਜਨ ਦੇਵ ਜੀ ਦੇ ਵੰਸ਼ਜ ਹਾਂ। ਅਸੀਂ ਇਨ੍ਹਾਂ ਦੇ ਨਕਸ਼ੇ ਕਦਮਾਂ ਤੇ ਚੱਲਾਂਗੇ। ਅਸੀਂ ਆਪਣੇ ਧਰਮ ਦੀ ਰਾਖੀ ਲਈ ਤੇ ਇਸ 'ਚ ਦ੍ਰਿੜ੍ਹ ਵਿਸ਼ਵਾਸ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਹਾਂ। ਨਵਾਬ ਨੇ ਧੀਮੀ ਆਵਾਜ਼ 'ਚ ਕਿਹਾ, "ਇਨ੍ਹਾਂ ਨੂੰ ਆਪਣੇ ਧਰਮ 'ਚ ਕਿੰਨਾ ਵਿਸ਼ਵਾਸ ਹੈ।" ਮੁਗਲ ਸਰਕਾਰ ਦੇ ਇਕ ਕਰਮਚਾਰੀ ਜਿਸ ਦਾ ਨਾਮ ਦਿਵਾਨ ਸੁੱਚਾ ਨੰਦ ਸੀ, ਉਹ ਵੀ ਨਵਾਬ ਦੀ ਕਚਹਿਰੀ 'ਚ ਮੌਜੂਦ ਸੀ। ਉਹ ਸਾਹਿਬਜ਼ਾਦਿਆਂ ਪਾਸ ਆਇਆ ਤੇ ਕਿਹਾ ਕਿ, "ਜੇਕਰ ਤੁਹਾਨੂੰ ਰਿਹਾ ਕਰ ਦਿੱਤਾ ਜਾਵੇ ਤਾਂ ਤੁਸੀਂ ਕਿੱਥੇ ਜਾਓਗੇ? ਸਾਹਿਬਜ਼ਾਦਾ ਜੋਰਾਵਰ ਸਿੰਘ ਜੀ ਨੇ ਕਿਹਾ, "ਅਸੀਂ ਰਿਹਾ ਹੋ ਕੇ ਜੰਗਲਾਂ 'ਚ ਚਲੇ ਜਾਵਾਂਗੇ, ਆਪਣੇ ਸਿੱਖ ਸਾਥੀਆਂ ਨੂੰ ਫਿਰ ਇਕੱਠੇ ਕਰਾਂਗੇ, ਫਿਰ ਚੰਗੇ-ਚੰਗੇ ਘੋੜੇ ਲੈ ਕੇ ਵਾਪਸ ਆਵਾਂਗੇ ਤੇ ਤੁਹਾਡੀ ਫੌਜ ਨਾਲ ਲੜਾਈ ਦੇ ਮੈਦਾਨ 'ਚ ਡੱਟ ਕੇ ਮੁਕਾਬਲਾ ਕਰਾਂਗੇ।" ਇਹ ਸੁਣ ਕੇ ਦਿਵਾਨ ਸੁੱਚਾ ਨੰਦ ਨੇ ਭਾਂਪਦਿਆਂ ਹੋਇਆਂ ਕਿਹਾ, "ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਪਿਤਾ ਨੂੰ ਵੀ ਕਤਲ ਕਰ ਦਿੱਤਾ ਗਿਆ ਹੈ? ਦੋਵੇਂ ਸਾਹਿਬਜ਼ਾਦੇ ਭਰਾਵਾਂ ਨੇ ਬੜੇ ਗੁੱਸੇ 'ਚ ਉੱਤਰ ਦਿੱਤਾ, "ਸਾਡੇ ਸਤਿਕਾਰਯੋਗ ਪਿਤਾ ਨੂੰ ਕੋਈ ਮਾਰ ਨਹੀਂ ਸਕਦਾ। ਉਹ ਤੁਹਾਡੇ ਹੱਥ ਕਦੀ ਵੀ ਨਹੀਂ ਆਉਣਗੇ।" ਦੋਵੇਂ ਸਾਹਿਬਜ਼ਾਦੇ ਫਿਰ ਕੜਕਵੀਂ ਆਵਾਜ਼ 'ਚ ਬੋਲੇ, "ਸਾਨੂੰ ਤੁਹਾਡੇ ਕਿਸੇ ਵੀ ਉਪਦੇਸ਼ ਦੀ ਲੋੜ ਨਹੀਂ ਹੈ। ਇਸ ਨੂੰ ਧਿਆਨ ਨਾਲ ਸੁਣ ਲਓ। ਜਿੰਨਾ ਚਿਰ ਇਹ ਅੱਤਿਆਚਾਰੀ ਹਕੂਮਤ ਪੂਰੀ ਤਰ੍ਹਾਂ ਖਤਮ ਨਹੀਂ ਹੋ ਜਾਂਦੀ, ਉਨੀ ਦੇਰ ਤੱਕ ਅਸੀਂ ਇਸ ਦੇ ਖ਼ਿਲਾਫ਼ ਲੜਦੇ ਰਹਾਂਗੇ।

ਦਿਵਾਨ ਸੁੱਚਾ ਨੰਦ ਨੇ ਦੁਬਾਰਾ ਆਪਣੀ ਗੱਲ ਦੀ ਪਿੱਠ ਪੂਰਦਿਆਂ ਨਵਾਬ ਨੂੰ ਸੰਬੋਧਨ ਕਰਦਿਆਂ ਕਿਹਾ, "ਸੱਪ ਨੂੰ ਮਾਰਨਾ ਤੇ ਉਸ ਦੇ ਬੱਚਿਆਂ ਨੂੰ ਦੁੱਧ ਪਿਆਉਣਾ ਸਿਆਣਪਤ

(ਬਾਕੀ ਅਗਲੇ ਸਫੇ ਤੇ)

# 'ਬਹਾਦਰ ਬਾਪ ਕੇ ਬਹਾਦਰ ਬੇਟੇ'

ਨਹੀਂ ਹੋਵੇਗੀ। ਜਦੋਂ ਇਹ ਛੋਟੇ ਬੱਚੇ, ਵੱਡੇ ਹੋਣਗੇ ਤੇ ਇਹ ਸਰਕਾਰ ਦੇ ਖ਼ਿਲਾਫ਼ ਵਿਦਰੋਹ ਕਰਨਗੇ। ਇਨ੍ਹਾਂ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ ਤੇ ਕਿਸੇ ਵੀ ਕੀਮਤ 'ਤੇ ਛੱਡਣਾ ਨਹੀਂ ਚਾਹੀਦਾ। ਨਵਾਬ ਨੇ ਬੜੇ ਧਿਆਨ ਨਾਲ ਸੁਣਿਆ ਕਿ ਦਿਵਾਨ ਸੁੱਚਾ ਨੰਦ ਕੀ ਕਹਿ ਰਿਹਾ ਹੈ। ਦੋਵੇਂ ਸਾਹਿਬਜ਼ਾਦੇ ਬੜੇ ਖੁਸ਼ ਨਜ਼ਰ ਆਉਂਦੇ ਸਨ, ਉਹ ਆਪਸ ਵਿਚ ਨਿੱਡਰ ਹੋ ਕੇ ਗੱਲਾਂ ਕਰਦੇ ਸਨ ਤੇ ਸ਼ਾਂਤ ਰਹਿ ਕੇ ਬੜੀ ਬੇਫਿਕਰੀ ਨਾਲ ਜਦੋਂ ਨਵਾਬ, ਕਾਜ਼ੀ ਤੇ ਸੁੱਚਾ ਨੰਦ ਇਕ-ਦੂਸਰੇ ਨਾਲ ਸਲਾਹ ਮਸ਼ਵਰਾ ਕਰਦੇ, ਨੂੰ ਸੁਣਦੇ ਸਨ। ਕਚਹਿਰੀ 'ਚ ਹਾਜ਼ਰ ਕਰਮਚਾਰੀ ਤੇ ਦੂਸਰੇ ਲੋਕ ਬੜੇ ਹੈਰਾਨ ਸਨ ਤੇ ਉਨ੍ਹਾਂ ਨੂੰ ਡਰ ਵੀ ਸੀ ਜਾਂ ਉਨ੍ਹਾਂ ਦੇ ਚਿਹਰਿਆਂ 'ਤੇ ਚਿੰਤਾ ਸਾਫ ਨਜ਼ਰ ਆਉਂਦੀ ਸੀ ਕਿ ਇਹ ਸਾਹਿਬਜ਼ਾਦਿਆਂ ਦੀ ਜ਼ਿੰਦਗੀ ਤੇ ਮੌਤ ਦਾ ਸਵਾਲ ਹੈ। ਨਵਾਬ ਨੇ ਕਾਜ਼ੀ ਨੂੰ ਦੁਬਾਰਾ ਕਿਹਾ, "ਤੁਸੀਂ ਉਨ੍ਹਾਂ ਲੜਕਿਆਂ ਦੇ ਗੁਸਤਾਖ਼ ਉੱਤਰਾਂ ਨੂੰ ਸੁਣਿਆ ਹੈ, ਜਿਹੜੇ ਉਨ੍ਹਾਂ ਨੇ ਦਿਵਾਨ ਸੁੱਚਾ ਨੰਦ ਨੂੰ ਕਹੇ ਹਨ। ਇਨ੍ਹਾਂ ਨੂੰ ਰਿਹਾਅ ਕਰਨ 'ਚ ਬਚਾਓ ਨਹੀਂ ਹੋਵੇਗਾ। ਇਹ ਪੱਕੀ ਗੱਲ ਹੈ ਕਿ ਇਹ ਵੱਡੇ ਹੋ ਕੇ ਆਪਣੇ ਬਾਪ ਵਾਂਗ ਬਗਾਵਤ ਦਾ ਝੰਡਾ ਚੁੱਕਣਗੇ।

ਕਾਜ਼ੀ ਨੇ ਦਿਵਾਨ ਸੁੱਚਾ ਨੰਦ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਨਿਡਰ ਸਾਹਿਬਜ਼ਾਦਿਆਂ ਵਿਚਕਾਰ ਹੋਈ ਬਹਿਸ ਨੂੰ ਬੜੇ ਧਿਆਨ ਨਾਲ ਸੁਣਿਆ। ਥੋੜ੍ਹੇ ਵਿਚਾਰ-ਵਟਾਂਦਰੇ ਬਾਅਦ ਕਾਜ਼ੀ ਆਪਣਾ ਫੈਸਲਾ ਸੁਣਾਉਂਦੇ ਹੋਏ ਨੇ ਫ਼ਰਮਾਨ ਜਾਰੀ ਕੀਤਾ ਕਿ ਇਹਨਾਂ ਨੂੰ ਜਿਉਂਦਿਆਂ ਨੂੰ ਇੱਟਾਂ ਦੀ ਦੀਵਾਰ 'ਚ ਚਿਣ ਦਿੱਤਾ ਜਾਵੇ ਕਿਉਂਕਿ ਕੁਰਾਨ ਇਸ ਦੀ ਇਜਾਜ਼ਤ ਦਿੰਦਾ ਹੈ ਕਿਉਂਕਿ ਇਨ੍ਹਾਂ ਲੜਕਿਆਂ ਦੀਆਂ ਗਤੀਵਿਧੀਆਂ ਇਸਲਾਮ ਰਾਜ ਦੇ ਵਿਰੁੱਧ, ਵਿਦਰੋਹੀ ਹਨ। ਸਾਹਿਬਜ਼ਾਦਿਆਂ ਨੇ ਬਿਨਾਂ ਕਿਸੇ ਘਬਰਾਹਟ ਦੇ ਇਹ ਸਜ਼ਾ ਸੁਣੀ ਪਰ ਕਚਹਿਰੀ 'ਚ ਮੌਜੂਦ ਕਰਮਚਾਰੀ ਤੇ ਹੋਰ ਲੋਕ ਇਸ ਤਰ੍ਹਾਂ ਦੀ ਸਜ਼ਾ 'ਤੇ ਬੜੇ ਹੈਰਾਨ ਸਨ। ਕਾਜ਼ੀ ਨੇ ਫਿਰ ਨਵਾਬ ਨੂੰ ਸਲਾਹ ਦਿੱਤੀ ਕਿ ਇਹਨਾਂ ਲੜਕਿਆਂ ਨੂੰ ਨਵਾਬ ਮਲੇਰਕੋਟਲਾ ਦੇ ਹਵਾਲੇ ਕਰ ਦਿੱਤਾ ਜਾਵੇ ਕਿਉਂਕਿ ਉਨ੍ਹਾਂ ਦੇ ਭਰਾ ਦੀ ਮੌਤ ਲਈ ਗੁਰੂ ਗੋਬਿੰਦ ਸਿੰਘ ਜੀ ਜ਼ਿੰਮੇਵਾਰ ਸਨ। ਇਸ ਤਰ੍ਹਾਂ ਉਹ ਆਪਣੇ ਭਰਾ ਦੀ ਮੌਤ ਦਾ ਬਦਲਾ ਇਹਨਾਂ ਲੜਕਿਆਂ ਨੂੰ ਜਿੰਦਾ ਦਫ਼ਨ ਕਰਕੇ ਲੈ ਲਵੇਗਾ।

ਨਵਾਬ ਵਜ਼ੀਰ ਖਾਨ ਨੇ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਬੁਲਾਵਾ ਭੇਜਿਆ ਤੇ ਕਾਜ਼ੀ ਵੱਲੋਂ ਜਾਰੀ ਕੀਤੇ ਗਏ ਫ਼ਰਮਾਨ ਬਾਰੇ ਜਾਣਕਾਰੀ ਦੇਣ ਨੂੰ ਵੀ ਕਿਹਾ ਕਿ, "ਤੁਹਾਡੇ ਭਰਾ ਦੀ ਮੌਤ ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਹੋਈ ਹੈ। ਹੁਣ ਤੁਹਾਡੇ ਪਾਸ ਉਸ ਦਾ ਬਦਲਾ ਲੈਣ ਦਾ ਮੌਕਾ ਹੈ। ਕਾਜ਼ੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ ਕਿ ਇਨ੍ਹਾਂ ਨੂੰ ਜਿੰਦਾ ਇੱਟਾਂ ਦੀ ਦੀਵਾਰ 'ਚ ਚਿਣ ਕੇ ਖਤਮ ਕਰ ਦਿੱਤਾ ਜਾਵੇ। ਅਸੀਂ ਇਹ ਲੜਕੇ ਤੁਹਾਨੂੰ ਸੌਂਪ ਰਹੇ ਹਾਂ ਤਾਂ ਕਿ ਤੁਸੀਂ ਅਗਲੇਰੀ ਜ਼ਰੂਰੀ ਕਾਰਵਾਈ ਆਪ ਕਰੋ।" ਇਹ ਸੁਣ ਕੇ ਸ਼ੇਰ ਮੁਹੰਮਦ ਖਾਨ ਥੋੜ੍ਹੀ ਦੇਰ ਲਈ ਚੁੱਪ ਕਰ ਗਿਆ। ਥੋੜ੍ਹੇ ਵਕਫ਼ੇ ਬਾਅਦ ਉਹ ਨਵਾਬ ਵਜ਼ੀਰ ਖਾਨ ਨੂੰ ਗੁਸਤਾਖ਼ ਭਾਸ਼ਾ 'ਚ ਬੋਲਿਆ, 'ਇਹ ਬਹੁਤ ਵੱਡਾ ਜ਼ੁਲਮ ਹੈ! ਮੇਰਾ ਭਰਾ ਲੜਾਈ ਦੇ ਮੈਦਾਨ 'ਚ ਲੜਦਾ ਹੋਇਆ ਮਾਰਿਆ ਗਿਆ ਸੀ। ਇਹ ਭੋਲੇ-ਭਾਲੇ ਬੇਕਸੂਰ ਬੱਚੇ ਉਸ ਦੀ ਮੌਤ ਲਈ ਜ਼ਿੰਮੇਵਾਰ ਨਹੀਂ ਹਨ। ਅਗਰ ਅਸੀਂ ਆਪਣੇ ਭਰਾ ਦੀ ਮੌਤ ਦਾ ਬਦਲਾ ਲੈਣਾ ਹੈ ਤਾਂ ਉਹ ਇਹਨਾਂ ਦੇ ਬਾਪ ਤੋਂ ਲਵਾਂਗੇ। ਅੱਲਾਹ ਸਾਨੂੰ ਅਜਿਹੇ ਪਾਪ ਭਰੇ ਕੰਮ ਤੋਂ ਦੂਰ ਰੱਖੇ।" ਉਹ ਇਹ ਸ਼ਬਦ ਕਹਿੰਦਾ ਹੋਇਆ ਉੱਠ ਖੜ੍ਹਾ ਹੋਇਆ ਤੇ ਫਿਰ ਗਮਗੀਨ ਭਾਸ਼ਾ 'ਚ ਬੋਲਿਆ, "ਹੇ! ਖੁਦਾ, ਇਹ ਕਿੰਨਾ ਜ਼ੁਲਮ ਹੈ!"

ਇਸ ਉਪਰੰਤ ਨਵਾਬ ਨੇ ਆਦੇਸ਼ ਦਿੱਤਾ ਕਿ ਇਹਨਾਂ ਦੋਹਾਂ ਲੜਕਿਆਂ ਨੂੰ ਵਾਪਸ ਬੁਰਜ 'ਚ ਭੇਜ ਦਿੱਤਾ ਜਾਵੇ। ਇਸ ਤੋਂ ਬਾਅਦ ਉਸ ਨੇ ਆਪਣੇ ਦਫ਼ਤਰੀ ਅਮਲੇ ਨੂੰ ਜਲਾਦ ਦਾ ਪ੍ਰਬੰਧ ਕਰਨ ਲਈ ਕਿਹਾ ਕਿ ਜੋ ਇਨ੍ਹਾਂ ਲੜਕਿਆਂ ਨੂੰ ਇੱਟਾਂ ਦੀ ਦੀਵਾਰ 'ਚ ਚਿਣ ਦੇਵੇ, ਦੀਵਾਰ ਦੀ ਉਸਾਰੀ ਤੁਰੰਤ ਕੀਤੀ ਜਾਵੇ। ਸਾਹਿਬਜ਼ਾਦੇ ਬੁਰਜ 'ਚ ਪਹੁੰਚ ਗਏ ਤੇ ਉਨ੍ਹਾਂ ਨੇ ਦਿਨ ਭਰ ਦੀ ਅਦਾਲਤ ਦੀ ਸਾਰੀ ਕਾਰਵਾਈ ਆਪਣੀ ਦਾਦੀ ਜੀ ਨੂੰ ਸੁਣਾਈ। ਦਾਦੀ ਨੇ ਆਪਣੇ ਪੋਤਰਿਆਂ ਨੂੰ ਆਪਣੀ ਜੱਫੀ 'ਚ ਲਿਆ, ਉਨ੍ਹਾਂ ਦੀ ਨਿਡਰਤਾ ਤੇ ਬਹਾਦਰੀ ਲਈ ਪਿੱਠ ਥਪਥਪਾਈ ਤੇ ਕਿਹਾ, "ਤੁਸੀਂ ਠੀਕ ਕੀਤਾ ਹੈ ਤੇ ਆਪਣੇ ਦਾਦੇ ਜੀ ਦੀ ਸ਼ਾਨ ਵਧਾਈ ਹੈ ਤੇ ਉਨ੍ਹਾਂ ਦੀ ਪਾਈ ਹੋਈ ਪਿਰਤ ਦੀ ਲਾਜ ਰੱਖੀ ਹੈ ਤੇ ਤੁਹਾਡਾ ਬਹਾਦਰ ਪਿਤਾ ਤੇ ਉਹ ਵਾਹਿਗੁਰੂ! ਤੁਹਾਡੀ ਮਦਦ ਲਈ ਹਮੇਸ਼ਾ ਤੁਹਾਡੇ ਅੰਗ-ਸੰਗ ਹੈ।"

ਅਗਲੇ ਦਿਨ ਫਿਰ ਸਾਹਿਬਜ਼ਾਦਿਆਂ ਨੂੰ ਅਦਾਲਤ 'ਚ ਲਿਆਂਦਾ ਗਿਆ। ਨਵਾਬ ਨੇ ਉਨ੍ਹਾਂ ਨੂੰ ਦੁਬਾਰਾ ਪੁੱਛਿਆ ਕਿ, "ਮੈਨੂੰ ਪੂਰੀ ਉਮੀਦ ਹੈ ਕਿ ਤੁਸੀਂ ਆਪਣਾ ਮਨ ਇਸਲਾਮ ਧਰਮ ਅਪਣਾਉਣ ਲਈ ਬਣਾ ਲਿਆ ਹੋਵੇਗਾ, ਨਹੀਂ ਤਾਂ, ਤੁਸੀਂ ਜਾਣਦੇ ਹੀ ਹੋ ਕਿ, ਤੁਹਾਨੂੰ ਜਿੰਦਾ ਦੀਵਾਰ 'ਚ ਚਿਣ ਦਿੱਤਾ ਜਾਵੇਗਾ।" ਦੋਵੇਂ ਸਾਹਿਬਜ਼ਾਦਿਆਂ ਨੇ ਬੜੀ ਨਿਡਰਤਾ ਨਾਲ ਉੱਤਰ ਦਿੱਤਾ, "ਅਸੀਂ ਆਪਣਾ ਧਾਰਮਿਕ ਵਿਸ਼ਵਾਸ ਕਦੀ ਨਹੀਂ ਬਦਲਾਂਗੇ ਭਾਵੇਂ ਸਾਨੂੰ ਇਸ ਦੇ ਬਦਲੇ 'ਚ ਕੋਈ ਵੀ ਸਜ਼ਾ ਮਿਲੇ। ਮੌਤ ਸਾਡੇ ਲਈ ਕੋਈ ਮਾਇਨੇ ਨਹੀਂ ਰੱਖਦੀ।" ਨਵਾਬ ਸਧਾਰਨ ਤੌਰ 'ਤੇ ਉਨ੍ਹਾਂ ਦਾ ਦ੍ਰਿੜ੍ਹ ਉੱਤਰ ਸੁਣ ਕੇ ਹੈਰਾਨ ਹੋਇਆ। ਉਸ ਦੇ ਦਫ਼ਤਰ ਦਾ ਇਕ ਕਰਮਚਾਰੀ ਥੋੜ੍ਹਾ ਅੱਗੇ ਆਇਆ ਤੇ ਨਵਾਬ ਨੂੰ ਕਿਹਾ, "ਜਨਾਬ ਦਿੱਲੀ ਦੇ ਦੋ ਜਲਾਦ, ਸ਼ੀਸ਼ਲ ਵੇਗ ਤੇ ਵਿਸ਼ਾਲ ਵੇਗ ਆਪਣੇ ਮੁਕੱਦਮੇ ਦੀ ਸੁਣਵਾਈ ਲਈ ਅਦਾਲਤ 'ਚ ਹਾਜ਼ਰ ਹਨ। ਉਹ ਇਨ੍ਹਾਂ ਲੜਕਿਆਂ ਨੂੰ ਜਿੰਦਾ ਦੀਵਾਰ 'ਚ ਚਿਣਨ ਲਈ ਤਿਆਰ ਹੋ ਜਾਣਗੇ ਜੇਕਰ ਉਨ੍ਹਾਂ ਨੂੰ, ਉਨ੍ਹਾਂ ਦੇ ਕੇਸ 'ਚੋਂ ਮੁਆਫ਼ੀ 'ਤੇ ਛੱਡ ਦਿੱਤਾ ਜਾਵੇ।" ਨਵਾਬ ਨੇ ਉਨ੍ਹਾਂ ਜਲਾਦਾਂ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਤੁਹਾਨੂੰ ਬੇਨਤੀ ਦੇ ਆਧਾਰ 'ਤੇ ਮੁਆਫ਼ੀ ਦੇ ਕੇ ਛੱਡ ਦਿੱਤਾ ਜਾਵੇਗਾ ਜੇਕਰ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਨੂੰ ਜਿੰਦਾ ਦੀਵਾਰ 'ਚ ਚਿਣ ਦਿਓਗੇ ਤਾਂ।"

ਸਿਪਾਹੀ ਦੋਵਾਂ ਸਾਹਿਬਜ਼ਾਦਿਆਂ ਨੂੰ ਥੋੜ੍ਹਾ ਦੂਰ ਲੈ ਗਿਆ। ਅਦਾਲਤ ਦੇ ਬਾਹਰ ਬਹੁਤ ਭੀੜ ਇਕੱਤਰ ਇਸ ਕਰਕੇ ਹੋਈ-ਹੋਈ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਮਾਸੂਮ ਸਾਹਿਬਜ਼ਾਦਿਆਂ ਨੂੰ ਜਿੰਦਾ ਦਿਵਾਰ 'ਚ ਚਿਣਿਆ ਜਾਣਾ ਹੈ।

ਇਨ੍ਹਾਂ ਨੇ ਕੀ ਗੁਨਾਹ ਸਵੀਕਾਰ ਕੀਤਾ ਹੈ?" ਇਕ ਨੇ ਕਿਹਾ, "ਇਹ ਕਿੰਨਾ ਜ਼ੁਲਮ ਤੇ ਇਨਸਾਨੀਅਤ ਤੋਂ ਗਿਰਿਆ ਹੋਇਆ ਕੰਮ ਹੈ। ਹੇ ਪ੍ਰਮਾਤਮਾ! ਦੂਸਰੇ ਕਿਸੇ ਹੋਰ ਆਦਮੀ ਨੇ ਭੀੜ 'ਚੋਂ ਕਿਹਾ। "ਇਹ ਬੱਚੇ ਬਿਲਕੁਲ ਵੀ ਭੈ-ਭੀਤ ਨਹੀਂ ਹਨ।" ਇਹ ਬੋਲ ਭੀੜ 'ਚੋਂ ਉਨ੍ਹਾਂ ਦੇ ਕਿਸੇ ਦੂਸਰੇ ਸਾਥੀ ਨੇ ਕਹੇ।

ਜਿਹੜੇ ਸਿਪਾਹੀ ਸਾਹਿਬਜ਼ਾਦਿਆਂ ਦੇ ਕੋਲ ਖੜ੍ਹੇ ਸ ਨ, ਉਹ ਬਹੁਤ ਬੇਚੈਨ ਸਨ ਕਿਉਂਕਿ ਭੀੜ ਦੇ ਕਹੇ ਹੋਏ ਸ਼ਬਦ ਉਨ੍ਹਾਂ ਨੂੰ ਸਭ ਸੁਣ ਰਹੇ ਸਨ ਤੇ ਭੀੜ ਅੱਗੇ ਵਧਣ ਦਾ ਯਤਨ ਕਰ ਰਹੀ ਸੀ।

ਸਾਹਿਬਜ਼ਾਦਿਆਂ ਨੂੰ ਚਿਣੀ ਜਾ ਰਹੀ ਦਿਵਾਰ ਦੇ ਕੋਲ ਲਿਆਂਦਾ ਗਿਆ ਤੇ ਦੋਵਾਂ ਨੂੰ ਨਾਲ-ਨਾਲ ਖੜ੍ਹੇ ਕਰ ਦਿੱਤਾ ਗਿਆ। ਇੰਨੇ ਨੂੰ ਕਾਜ਼ੀ ਫਿਰ ਆਇਆ ਤੇ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਅਖਤਿਆਰ ਕਰ ਲੈਣ ਨੂੰ ਫਿਰ ਕਿਹਾ ਕਿ, "ਐਵੇਂ ਆਪਣੀ ਜਾਨ ਨਾ ਗਵਾਓ।" ਇੱਥੋਂ ਤੱਕ ਕਿ ਜੱਲਾਦਾਂ ਨੇ ਵੀ ਸਾਹਿਬਜ਼ਾਦਿਆਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਪਰ ਉਹ ਆਪਣੇ ਧਰਮ ਦੇ ਇੰਨੇ ਪੱਕੇ ਸਨ ਕਿ ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਤੇ ਵਿਸ਼ਵਾਸ ਨੂੰ ਕੋਈ ਵੀ ਤੋੜ ਨਾ ਸਕਿਆ ਤੇ ਉਨ੍ਹਾਂ ਨੇ ਜੱਲਾਦਾਂ ਨੂੰ ਕਿਹਾ ਕਿ, "ਦਿਵਾਰ ਜਲਦੀ-ਜਲਦੀ ਉਸਾਰੀ ਜਾਵੇ ਤਾਂ ਕਿ 'ਮੁਗਲ ਹਕੂਮਤ ਦਾ ਜਲਦੀ ਖਾਤਮਾ' ਹੋ ਜਾਏ, ਇਸ ਨੂੰ ਉਸਾਰਨ 'ਚ ਇਕ ਮਿੰਟ ਦੀ ਦੇਰੀ ਵੀ ਨਾ ਕੀਤੀ ਜਾਵੇ।" ਇਸ ਤੋਂ ਬਾਅਦ ਦੋਵਾਂ ਸਾਹਿਬਜ਼ਾਦਿਆਂ ਨੇ 'ਜਪੁਜੀ' ਸਾਹਿਬ ਦਾ ਪਾਠ ਜਪਣਾ ਸ਼ੁਰੂ ਕਰ ਦਿੱਤਾ ਤੇ ਦਿਵਾਰ ਵੀ ਇਕ-ਇਕ ਇੱਟ ਨਾਲ ਉੱਸਰ ਕੇ ਉੱਚੀ ਹੁੰਦੀ ਗਈ।

ਦਿਵਾਰ ਇਕ-ਇਕ ਕਰਕੇ ਚਿਣੀ ਇੱਟ ਨਾਲ ਸਾਹਿਬਜ਼ਾਦਿਆਂ ਦੇ ਸੀਨੇ ਤੱਕ ਉੱਸਰ ਗਈ। ਨਵਾਬ ਤੇ ਕਾਜ਼ੀ ਨੇ ਫਿਰ ਸਾਹਿਬਜ਼ਾਦਿਆਂ ਨੂੰ ਬੜੇ ਪ੍ਰੇਮ ਤੇ ਹਮਦਰਦੀ ਜਤਾਉਂਦਿਆਂ ਕਿਹਾ, "ਤੁਹਾਡੇ ਪਾਸ ਅਜੇ ਵੀ ਸਮਾਂ ਹੈ ਕਿ ਤੁਸੀਂ ਆਪਣੀ ਜਾਨ ਬਚਾਅ ਸਕਦੇ ਹੋ, ਸਿਰਫ਼ ਕਲਮਾ ਹੀ ਤਾਂ ਪੜ੍ਹਨਾ ਹੈ ਤੇ ਨਾਲ ਹੀ ਅਸੀਂ ਚਿਣੀ ਹੋਈ ਦਿਵਾਰ ਢਾਅ ਦੇਣੀ ਹੈ।" ਸਾਹਿਬਜ਼ਾਦਿਆਂ ਨੇ ਫਿਰ ਬੜੀ ਬੁਲੰਦ ਆਵਾਜ਼ 'ਚ ਉੱਤਰ ਦਿੱਤਾ, "ਅਸੀਂ ਆਪਣੇ ਧਰਮ 'ਚ, ਦੇ ਵਿਸ਼ਵਾਸ ਨੂੰ ਕਿਸੇ ਕੀਮਤ 'ਤੇ ਨਹੀਂ ਤੋੜਾਂਗੇ ਤੇ ਇਸ ਤਰ੍ਹਾਂ ਦੀ ਮੌਤ ਸਾਨੂੰ ਡਰਾ ਨਹੀਂ ਸਕਦੀ।" ਦੋਵੇਂ ਕਾਜ਼ੀ ਤੇ ਨਵਾਬ ਸਾਹਿਬਜ਼ਾਦਿਆਂ ਦੇ ਆਪਣੇ ਧਰਮ 'ਚ ਦ੍ਰਿੜ੍ਹ ਵਿਸ਼ਵਾਸ ਨੂੰ ਦੇਖ ਕੇ ਬਹੁਤ ਹੈਰਾਨ ਸਨ। ਬਾਹਰ ਦੇਖਣ ਵਾਲਿਆਂ ਦੀ ਜੁਟੀ ਭੀੜ ਦੀਆਂ ਅੱਖਾਂ 'ਚੋਂ ਹੰਝੂ ਵੱਗ ਰਹੇ ਸਨ ਤੇ ਉਹ ਕੁਰਲਾ-ਕੁਰਲਾ ਕੇ ਆਖ ਰਹੇ ਸਨ ਕਿ, "ਉਹ ਮਾਂ ਬਹੁਤ ਮਹਾਨ ਹੈ ਜਿਸ ਨੇ ਅਜਿਹੇ ਬਹਾਦਰ ਪੁੱਤਰਾਂ ਨੂੰ ਜਨਮ ਦਿੱਤਾ ਹੈ।

ਦਿਵਾਰ ਦੀ ਉਚਾਈ ਹੁਣ ਸਾਹਿਬਜ਼ਾਦਿਆਂ ਦੇ ਮੋਢਿਆਂ ਤੱਕ ਪਹੁੰਚ ਗਈ ਸੀ। ਸਾਹਿਬਜ਼ਾਦਾ ਜੋਰਾਵਰ ਸਿੰਘ ਨੇ ਆਪਣੇ ਛੋਟੇ ਵੀਰ ਨੂੰ ਕਿਹਾ ਕਿ, "ਇਹ ਸਾਡੀ ਪ੍ਰੀਖਿਆ ਲੈ ਰਹੇ ਹਨ। ਇਹ ਲੋਕ ਨਹੀਂ ਜਾਣਦੇ ਕਿ ਗੁਰੂ ਨਾਨਕ ਦੇਵ ਜੀ ਦੇ ਸਿੱਖ ਕਿੰਨੇ ਨਿਡਰ ਹਨ। ਸਾਡੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ 'ਤੇ ਬੈਠ ਕੇ, ਸ਼ਾਂਤ-ਚਿੱਤ ਰਹਿ ਕੇ ਸ਼ਹੀਦੀ ਦਿੱਤੀ ਸੀ। ਉਨ੍ਹਾਂ ਨੇ ਮਾਨਵਤਾ ਨੂੰ ਸੱਚ ਦੇ ਮਾਰਗ 'ਤੇ ਚੱਲਣ ਤੇ ਇਮਾਨਦਾਰੀ ਵਾਲਾ ਸੱਚਾ-ਸੁੱਚਾ ਜੀਵਨ ਜਿਊਣ ਦਾ ਸੰਦੇਸ਼ ਦਿੱਤਾ ਸੀ, ਉਨ੍ਹਾਂ ਨੇ ਮੌਤ ਨਾਲ ਤਕੜੇ ਹੋ ਕੇ ਲੜਨ ਤੇ ਪ੍ਰਮਾਤਮਾ 'ਚ ਦ੍ਰਿੜ੍ਹ ਵਿਸ਼ਵਾਸ ਰੱਖਣ ਦਾ ਸੰਦੇਸ਼ ਵੀ ਦਿੱਤਾ ਸੀ।" ਛੋਟੇ ਭਰਾ ਸਾਹਿਬਜ਼ਾਦਾ ਫਤਿਹ ਸਿੰਘ ਨੇ ਇਹ ਕਿਹਾ ਕਿ, "ਸਾਡੇ ਸਤਿਕਾਰਯੋਗ ਦਾਦਾ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵੀ ਬੇਜੋੜ ਹੈ, ਜਿਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦਿੱਤੀ ਹੈ। ਅਸੀਂ ਛੇਤੀ ਹੀ ਉਨ੍ਹਾਂ ਦੇ ਪਾਸ ਜਾਣ ਵਾਲੇ ਹਾਂ। ਉਹ ਸਾਡਾ ਇੰਤਜ਼ਾਰ ਕਰ ਰਹੇ ਹਨ।" ਥੋੜ੍ਹੀ ਹੀ ਦੇਰ ਬਾਅਦ ਦੋਵੇਂ ਸਾਹਿਬਜ਼ਾਦੇ ਬੇਹੋਸ਼ ਹੋ ਗਏ। ਜਲਾਦ ਭਾਵੁਕ ਹੋ ਗਏ ਤੇ ਉਹ ਪਾਸ ਖੜ੍ਹੇ ਸਰਕਾਰੀ ਕਰਮਚਾਰੀਆਂ ਨਾਲ ਸਲਾਹ-ਮਸ਼ਵਰਾ ਕਰਨ ਲੱਗ ਪਏ। "ਇਹ ਹੁਣ ਮੌਤ ਦੇ ਕਰੀਬ ਹੀ ਹਨ ਤੇ ਦਿਵਾਰ ਨੂੰ ਹੁਣ ਹੋਰ ਉੱਚਾ ਕਰਨ ਦੀ ਲੋੜ ਨਹੀਂ ਹੈ। ਇਨ੍ਹਾਂ ਦੀ ਮਾਨਸਿਕ ਪੀੜਾ ਨੂੰ ਹੁਣ ਹੋਰ ਨਾ ਵਧਾਇਆ ਜਾਵੇ ਕਿਉਂ ਨਾ ਇਨ੍ਹਾਂ ਦੇ ਸਿਰ ਧੜ ਨਾਲੋਂ ਅਲੱਗ ਕਰ ਦਿੱਤੇ ਜਾਣ? ਅੱਗੇ ਪਹਿਲਾਂ ਹੀ ਉਨ੍ਹਾਂ ਨੂੰ ਸ਼ਾਮ ਦਾ ਹਨੇਰਾ ਹੁੰਦਾ ਦਿੱਸਦਾ ਸੀ।" ਉੱਸਰੀ ਹੋਈ ਦਿਵਾਰ ਨੂੰ ਧੱਕਾ ਮਾਰ ਕੇ ਡੇਗ ਦਿੱਤਾ ਗਿਆ। ਦੋਵੇਂ ਸਾਹਿਬਜ਼ਾਦਿਆਂ ਨੂੰ ਬੇਹੋਸ਼ੀ ਦੀ ਹਾਲਤ 'ਚ ਮਲਬੇ ਤੋਂ ਬਾਹਰ ਪੱਧਰੀ ਜਗ੍ਹਾ 'ਤੇ ਲਿਆਂਦਾ ਗਿਆ ਤੇ ਜ਼ਮੀਨ ਤੇ ਸਿੱਧੇ ਲਿਟਾਅ ਦਿੱਤਾ ਗਿਆ ਤੇ ਤਤਕਾਲਿਤ ਇਕੋ ਤਲਵਾਰ ਦੇ ਝਟਕੇ ਨਾਲ ਉਨ੍ਹਾਂ ਦੀਆਂ ਗਰਦਨਾਂ ਧੜ ਨਾਲੋਂ ਅਲੱਗ ਕਰ ਕੇ ਸ਼ਹੀਦ ਕਰ ਦਿੱਤਾ। ਬਾਹਰ ਖੜ੍ਹੀ ਭੀੜ ਨੇ ਇਸ ਖ਼ੌਫਨਾਕ ਕਾਰੇ ਦਾ ਬੜਾ ਬੁਰਾ ਮਨਾਇਆ। ਉਨ੍ਹਾਂ ਨੇ ਕਿਹਾ ਕਿ ਇਹ ਦਿਲ ਨੂੰ ਦਹਿਲਾਉਣ ਵਾਲਾ, 'ਕਰੂਰਤਾ ਭਰਿਆ ਜ਼ੁਲਮ ਹੈ।'


ਜਦੋਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਜਾ ਰਿਹਾ ਸੀ ਤਾਂ ਮਾਤਾ ਗੁਜਰੀ ਜੀ ਉਸ ਸਮੇਂ ਬੁਰਜ 'ਚ ਸਮਾਧੀ ਅਵਸਥਾ 'ਚ ਬੈਠੇ ਭਗਤੀ ਕਰ ਰਹੇ ਸਨ ਤੇ ਉਨ੍ਹਾਂ ਨੇ ਸਮਾਧੀ 'ਚ ਹੀ ਆਪਣਾ ਆਖਰੀ ਸਾਹ ਲਿਆ ਤੇ ਆਪਣੇ ਪ੍ਰਾਣ ਤਿਆਗ ਦਿੱਤੇ। ਜਿਉਂ ਹੀ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਸੂਚਨਾ ਮਾਤਾ ਗੁਜਰੀ ਜੀ ਨੂੰ ਦੇਣ ਵਾਲਾ ਏਲਚੀ ਆਇਆ ਤਾਂ ਉਸ ਨੇ ਦੇਖਿਆ ਕਿ ਮਾਤਾ ਜੀ ਪਹਿਲਾਂ ਹੀ ਮੁਕਤੀ ਪਾ ਚੁੱਕੇ ਸਨ। ਇੱਥੇ ਕਈ ਇਤਿਹਾਸਕਾਰ ਮਾਤਾ ਗੁਜ਼ਰੀ ਜੀ ਦੀ ਮੌਤ ਬਾਰੇ ਇਸ ਤਰ੍ਹਾਂ ਵੀ ਲਿਖਦੇ ਹਨ ਕਿ ਜਦੋਂ ਸਾਹਿਬਜ਼ਾਦਿਆਂ ਦੀ ਮੌਤ ਦੀ ਖ਼ਬਰ ਬੁਰਜ 'ਚ ਸਿਪਾਹੀ ਦੱਸਣ ਲਈ ਆਏ ਤਾਂ ਉਨ੍ਹਾਂ ਨੇ ਠੰਢੇ ਬੁਰਜ 'ਚੋਂ ਮਾਤਾ ਗੁਜਰੀ ਜੀ ਨੂੰ ਨੀਚੇ ਜ਼ਮੀਨ 'ਤੇ ਧੱਕਾ ਦੇ ਕੇ ਸੁੱਟ ਦਿੱਤਾ ਤੇ ਡਿੱਗਦਿਆਂ ਸਾਰ ਹੀ ਉਨ੍ਹਾਂ ਦੀ ਮੌਤ ਹੋ ਗਈ। ਸਾਰੇ ਸਰਹਿੰਦ 'ਚ ਹਾਹਾਕਾਰ ਮੱਚ ਗਈ। ਹਰ ਆਦਮੀ ਇਸ ਅੱਤਿਆਚਾਰ 'ਤੇ ਬੜੇ ਗੁੱਸੇ 'ਚ ਆ ਗਿਆ। ਹਰ ਆਦਮੀ ਦਾ ਇਹੀ ਕਥਨ ਸੀ ਕਿ ਇਹ ਵਹਿਸ਼ੀਆਨਾ ਕਾਰਵਾਈ 'ਮੁਗਲ ਰਾਜ' ਦੇ ਖ਼ਾਤਮੇ ਦਾ ਐਲਾਨ ਹੈ। ਸਭ ਲੋਕ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਨਿਡਰਤਾ, ਬਹਾਦਰੀ ਤੇ ਧਰਮ ਦੀ ਰਾਖੀ ਲਈ ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਦੀ ਸਿਫ਼ਤ ਕਰ ਰਿਹਾ ਸੀ। ਇਸ ਛੋਟੀ ਉਮਰ 'ਚ ਉਨ੍ਹਾਂ ਦੇ ਇਰਾਦੇ ਕਿੰਨੇ ਮਜ਼ਬੂਤ ਸਨ! ਉਹ ਆਪਦੇ ਇਰਾਦਿਆਂ ਤੋਂ ਜ਼ਰਾ ਵੀ ਨਹੀਂ ਲੜਖੜਾਏ ਭਾਵੇਂ ਨਵਾਬ ਵਜ਼ੀਰ ਖਾਨ ਤੇ ਕਾਜ਼ੀ ਨੇ ਉਨ੍ਹਾਂ ਨੂੰ ਇਸਲਾਮ ਧਰਮ ਗ੍ਰਹਿਣ ਕਰਨ ਲਈ ਬੜਾ ਭਰਮਾਇਆ ਤੇ ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ।

ਉਸੇ ਸ਼ਾਮ ਦਿਵਾਨ ਟੋਡਰ ਮੱਲ, ਜਿਹੜਾ ਕਿ ਗਹਿਣਿਆਂ ਦਾ ਕੰਮ ਕਰਦਾ ਸੀ, ਨਵਾਬ ਵਜ਼ੀਰ ਖਾਨ ਦੀ ਅਦਾਲਤ 'ਚ ਪਹੁੰਚਿਆ ਕਿ ਉਸ ਨੂੰ ਦੋਵੇਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸੰਸਕਾਰ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਨਵਾਬ ਨੇ ਦਿਵਾਨ ਟੋਡਰ ਮੱਲ ਦੇ ਸਨਮੁਖ ਕੁਝ ਸ਼ਰਤਾਂ ਰੱਖੀਆਂ ਕਿ ਉਸ ਨੂੰ ਸੰਸਕਾਰ ਕਰਨ ਲਈ ਉਤਨੀ ਹੀ ਜ਼ਮੀਨ ਦਿੱਤੀ ਜਾਵੇਗੀ, ਜਿਤਨੀ ਜ਼ਮੀਨ 'ਤੇ ਉਹ ਸੋਨੇ ਦੀਆਂ ਮੋਹਰਾਂ (ਸਿੱਕੇ) ਵਿਛਾਅ ਦੇਵੇਗਾ ਤੇ ਉਸ ਜਗ੍ਹਾ 'ਤੇ ਹੀ ਉਹ ਤਿੰਨਾਂ ਦਾ ਸੰਸਕਾਰ ਕਰ ਸਕਦਾ ਹੈ। ਉਸ ਨੇ ਇੰਝ ਹੀ ਕੀਤਾ ਤੇ ਉਹ ਸੋਨੇ ਦੇ ਸਿੱਕਿਆਂ ਦਾ ਬੈਗ ਘਰੋਂ ਭਰ ਕੇ ਲੈ ਆਇਆ। ਜਿਹੜੀ ਜਗ੍ਹਾ, ਉਸ ਨੇ ਸੰਸਕਾਰ ਕਰਨ ਲਈ ਨਿਸ਼ਚਿਤ ਕੀਤੀ ਸੀ, ਉਨੀ ਜਗ੍ਹਾ 'ਤੇ ਉਸ ਨੇ ਨਿਸ਼ਾਨ ਲਗਾ ਕੇ ਸੋਨੇ ਦੇ ਸਿੱਕੇ ਵਿਛਾਅ ਦਿੱਤੇ ਤੇ ਜਗ੍ਹਾ ਪ੍ਰਾਪਤ ਕਰ ਲਈ। ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਸ਼ਹੀਦ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦਾ ਪੂਰੇ ਸਨਮਾਨਾਂ ਨਾਲ ਸੰਸਕਾਰ ਕਰ ਦਿੱਤਾ ਗਿਆ। ਮਾਨਵਤਾ ਦੇ ਇਤਿਹਾਸ 'ਚ ਸਾਨੂੰ ਕਿਤੇ ਵੀ ਇਸ ਦੇ ਸਮਾਨਅੰਤਰ ਮਾਸੂਮ ਬੱਚਿਆਂ ਨੂੰ ਸ਼ਹੀਦ ਕਰਨ ਦੀ ਤੇ ਮਾਨਵੀ ਬਰਾਬਰਤਾ ਦੀ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਤੇ ਮਾਸੂਮ ਜਿੰਦਾਂ ਨੇ ਵੀ ਖੁਸ਼ੀ-ਖੁਸ਼ੀ ਬੜੀ ਦ੍ਰਿੜ੍ਹਤਾ ਨਾਲ ਆਪਣੇ ਧਾਰਮਿਕ ਵਿਸ਼ਵਾਸ ਨੂੰ ਕਾਇਮ ਰੱਖਿਆ ਤੇ ਇਸ ਸ਼ਹੀਦੀ ਦੇ ਵੱਡੇ ਸਾਕੇ 'ਤੇ ਜ਼ਰਾ ਵੀ ਆਂਚ ਨਹੀਂ ਆਉਣ ਦਿੱਤੀ। ਸਾਹਿਬਜ਼ਾਦਾ ਫਤਿਹ ਸਿੰਘ ਜੀ ਦੀ ਉਮਰ ਛੇ ਸਾਲ (ਜਨਮ 1699) ਤੋਂ ਵੀ ਘੱਟ ਸੀ ਤੇ ਸਾਹਿਬਜ਼ਾਦਾ ਜੋਰਾਵਰ ਸਿੰਘ ਜੀ ਦੀ ਉਮਰ ਅੱਠ ਸਾਲ (ਜਨਮ 1696) ਤੋਂ ਥੋੜ੍ਹਾ ਹੀ ਉਪਰ ਸੀ। ਉਨ੍ਹਾਂ ਨੂੰ 12 ਦਸੰਬਰ, 1705 'ਚ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਨੂੰ ਜਿੰਦਾ ਦਿਵਾਰ 'ਚ ਚਿਣ ਦਿੱਤਾ ਗਿਆ ਤੇ ਬੇਹੋਸ਼ ਹੋ ਜਾਣ 'ਤੇ ਉਨ੍ਹਾਂ ਦੇ ਸਰੀਰ ਨੂੰ ਜ਼ਮੀਨ ਤੇ ਲਿਟਾਅ ਕੇ ਸਿਰਾਂ ਨੂੰ ਧੜ ਨਾਲੋਂ, ਤਲਵਾਰ ਦੇ ਇਕੋ ਝਟਕੇ ਨਾਲ ਅਲੱਗ ਕਰਕੇ ਸ਼ਹੀਦ ਕਰ ਦਿੱਤਾ ਗਿਆ ਪਰ ਉਹ ਮੁਗਲ ਸਰਕਾਰ ਦੇ ਜ਼ੁਲਮ ਅੱਗੇ ਝੁਕੇ ਨਹੀਂ। ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਦਿਨਾਂ 'ਚ ਮਾਛੀਵਾੜੇ ਦੇ ਜੰਗਲਾਂ 'ਚ ਸਨ ਤੇ ਜਦੋਂ ਉਨ੍ਹਾਂ ਨੂੰ ਆਪਣੇ ਛੋਟੇ ਪੁੱਤਰਾਂ ਦੀ ਸ਼ਹੀਦੀ ਦੀ ਖ਼ਬਰ ਪਹੁੰਚੀ। ਉਹਨਾਂ ਨੇ ਇਹ ਖ਼ਬਰ ਸੁਣਦਿਆਂ ਹੀ ਤੀਰ ਦੀ ਨੋਕ ਨਾਲ ਇਕ ਛੋਟਾ ਬੂਟਾ ਪੁੱਟਿਆ ਤੇ ਭਵਿੱਖਬਾਣੀ ਕੀਤੀ ਕਿ, "ਇਹ ਦੁਖਾਂਤ ਭਾਰਤ 'ਚੋਂ ਮੁਗਲ ਹਕੂਮਤ ਦੀਆਂ ਜੜ੍ਹਾਂ ਪੁੱਟ ਦਏਗਾ।' ਉਨ੍ਹਾਂ ਨੇ ਮੁਗਲ ਬਾਦਸ਼ਾਹ ਨੂੰ ਇਹ ਲਿਖਿਆ ਕਿ, 'ਇਹ ਕੋਈ ਵੱਡੀ ਗੱਲ ਨਹੀਂ ਹੈ ਜੇਕਰ ਇਕ ਗਿੱਦੜ ਚਲਾਕੀ ਤੇ ਧੋਖੇ ਨਾਲ ਸ਼ੇਰ ਦੇ ਦੋ ਬੱਚਿਆਂ ਨੂੰ ਮਾਰ ਵੀ ਦਿੰਦਾ ਹੈ, ਤਾਂ ਸ਼ੇਰ ਖੁਦ ਜਿੰਦਾ ਹੈ ਤੇ ਉਹ ਕਦੀ ਵੀ ਤੁਹਾਡੇ ਤੋਂ ਬਦਲਾ ਲੈ ਸਕਦਾ ਹੈ।"

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਇਸ ਤਰ੍ਹਾਂ ਸੰਬੋਧਨ ਕੀਤਾ: 'ਮੇਰੇ ਚਾਰੋ ਪੁੱਤਰਾਂ ਨੇ ਆਪਣੀ ਕੁਰਬਾਨੀ, ਮੇਰੇ ਹਜ਼ਾਰਾਂ ਪੁੱਤਰਾਂ ਦੀ ਜਾਨ ਬਚਾਉਣ ਲਈ ਦਿੱਤੀ ਹੈ ਜਿਹੜੇ ਕਿ ਅਜੇ ਵੀ ਜਿੰਦਾ ਹਨ। ਸਾਰੇ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਤੇ ਧੀਆਂ ਹਨ।" ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਨਾਲ ਸਾਰੇ ਭਾਰਤ 'ਚ ਸੋਗ ਦੀ ਖ਼ਬਰ ਫੈਲ ਗਈ। ਇਸ ਤੋਂ ਥੋੜ੍ਹਾ ਸਮਾਂ ਬਾਅਦ ਬੰਦਾ ਬੈਰਾਗੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਪਰਕ ਵਿਚ ਆਇਆ। ਉਹ ਖਾਲਸਾ ਸੱਜ ਕੇ 'ਬੰਦਾ ਸਿੰਘ ਬਹਾਦਰ' ਬਣਿਆ ਤੇ ਉਸ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਨਵਾਬ ਵਜ਼ੀਰ ਖਾਨ ਨੂੰ ਮਾਰ ਕੇ ਲਿਆ ਤੇ ਸਰਹਿੰਦ ਦੀ ਇੱਟ ਨਾਲ ਇੱਟ ਵਜਾਅ ਦਿੱਤੀ ਤੇ ਪੰਜਾਬ 'ਚੋਂ ਮੁਗਲ ਰਾਜ ਦਾ ਅੰਤ ਕਰ ਦਿੱਤਾ।

ਹਿੰਦੀ ਸਾਹਿਤ ਦਾ ਮਹਾਨ ਕਵੀ, ਮੈਥਲੀ ਸਰਨ ਗੁਪਤਾ ਆਪਣੀ ਪੁਸਤਕ 'ਭਾਰਤ-ਭਾਰਤੀ' 'ਚ ਲਿਖਦਾ ਹੈ, "ਭਾਵੇਂ ਉਨ੍ਹਾਂ ਦੀ ਉਸ ਸਮੇਂ ਦੇ ਵਰਤਮਾਨ 'ਚ ਕਿਸੇ ਤਰ੍ਹਾਂ ਦੀ ਵੀ ਹਾਲਤ ਹੋਵੇ, ਉਨ੍ਹਾਂ ਦੀ ਕੌਮ ਦਾ ਭਵਿੱਖ, ਜਿਸ ਦੇ ਪੁੱਤਰਾਂ ਨੇ ਆਪਣੇ ਧਰਮ ਦੇ ਦ੍ਰਿੜ੍ਹ ਵਿਸ਼ਵਾਸ ਦੀ ਖਾਤਰ ਜਾਨ ਵਾਰ ਦਿੱਤੀ ਹੈ, ਉਨ੍ਹਾਂ ਦਾ ਭਵਿੱਖ ਬੜਾ ਸ਼ਾਨਦਾਰ ਤੇ ਮਹਾਨ ਹੈ।"

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

**(15ਵੀ ਕਿਸਤ)**

## ਹਿਮਾਲਾ ਪਰਬਤ ਕਿਵੇਂ ਹੋਂਦ ਵਿਚ ਆਇਆ?

ਜਦੋਂ ਤੁਸੀਂ ਪਹਾੜਾਂ ਦੀ ਯਾਤਰਾ 'ਤੇ ਜਾਂਦੇ ਹੋ ਤਾਂ ਤੁਹਾਨੂੰ ਵੱਡੇ ਵੱਡੇ ਪੱਥਰ ਦਿਖਾਈ ਦਿੰਦੇ ਹਨ ਜਿਹੜੇ ਤੁਹਾਡੇ ਜਗਿਆਸੂ ਮਨ ਨੂੰ ਘੁੰਮਣ ਘੇਰੀਆਂ ਵਿੱਚ ਪਾ ਦਿੰਦੇ ਹਨ ਅਤੇ ਤੁਸੀਂ ਸੋਚਦੇ ਹੋ ਕਿ ਇਹ ਐਡਾ ਵੱਡਾ ਪੱਥਰ ਇਸ ਸਥਾਨ 'ਤੇ ਕਿਵੇਂ ਆਇਆ ਹੈ? ਇਸ ਤਰਖ਼ਾਂ ਜਦੋਂ ਤੁਸੀਂ ਛੋਟੇ ਛੋਟੇ ਪੱਥਰਾਂ ਨੂੰ ਮਿੱਟੀ ਵਿੱਚ ਜੜਿਆ ਵੇਖਦੇ ਹੋ ਤਾਂ ਤੁਹਾਡੇ ਮਨ ਦੀ ਜਗਿਆਸਾ ਹੋਰ ਤੀਬਰ ਹੋ ਜਾਂਦੀ ਹੈ। ਇਹ ਮਿੱਟੀ ਵਿੱਚ ਜੜੇ ਗੋਲ ਪੱਥਰ ਇਸ ਗੱਲ ਦਾ ਸਬੂਤ ਹਨ ਕਿ ਅੱਜ ਜਿੱਥੇ ਤੁਸੀਂ ਹਿਮਾਲਾ ਪਰਬਤ ਵੇਖ ਰਹੇ ਹੋ ਇਸ ਸਥਾਨ ਤੇ ਪੰਜ ਕਰੋੜ ਵਰਖ਼ੇ ਪਹਿਲਾਂ ਟਾਈਥਸ ਨਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਧਰਤੀ ਦੀ ਤਹਿ ਅੰਦਰ ਪਲੇਟਾਂ ਖਿਸਕਣ ਕਾਰਨ ਹਜ਼ਾਰਾਂ ਜਵਾਲਾਮੁਖੀ ਫਟੇ ਸਨ ਤੇ ਵਿਸ਼ਾਲ ਹਿਮਾਲਾ 16 ਕੁ ਹਜ਼ਾਰ ਫੁੱਟ ਦੀ ਔਸਤ ਉਚਾਈ ਪ੍ਰਾਪਤ ਕਰ ਗਿਆ ਸੀ। ਇਸ ਸਮੇਂ ਹੀ ਸਾਰੀ ਦੁਨੀਆ ਵਿੱਚ ਕਈ ਥਾਂਵੀਂ ਨਵੇਂ ਪਹਾੜ ਹੋਂਦ ਵਿਚ ਆਏ ਸਨ। ਭਾਰਤ ਦੀ ਦੱਖਣ ਦੀ ਪਠਾਰ ਤੇ ਐਲਪਸ ਪਹਾੜੀਆਂ ਵੀ ਉਸ ਸਮੇਂ ਦੀ ਹੀ ਪੈਦਾਇਸ਼ ਹਨ। ਅੱਜ ਤੋਂ ਕੋਈ ਡੇਢ ਕੁ ਕਰੋੜ ਸਾਲ ਪਹਿਲਾਂ ਫਿਰ ਹਿਮਾਲਾ ਨੇ ਕਰਵਟ ਲਈ ਅਤੇ ਇਸ ਨਾਲ ਲੱਗਦੀਆਂ ਤਲਹੱਟੀ ਚਟਾਨਾਂ ਉਤਾਂਹ ਉਠੀਆਂ। ਇਸ ਲਈ ਨਿਮਨ ਹਿਮਾਲਾ ਉਸ ਸਮੇਂ ਹੋਂਦ ਵਿੱਚ ਆਇਆ। ਵੱਡੇ ਹਿਮਾਲਾ ਪਰਬਤ ਦੀਆਂ ਚਟਾਨਾਂ ਦੇ ਬਹੁਤ ਸਾਰੇ ਟੁਕੜੇ ਟੁੱਟ ਕੇ ਉਸ ਸਮੇਂ ਵਿੱਚ ਨਿਮਨ ਹਿਮਾਲਾ ਵਿੱਚ ਹੀ ਆ ਡਿੱਗੇ ਸਨ। ਅੱਜ ਤੋਂ ਕੋਈ ਤੀਹ ਕੁ ਲੱਖ ਸਾਲ ਪਹਿਲਾਂ ਸ਼ਿਵਾਲਿਕ ਦੀਆਂ ਪਹਾੜੀਆਂ ਹੋਂਦ ਵਿੱਚ ਆਈਆਂ। ਇਹਨਾਂ ਪਹਾੜਾਂ ਵਿੱਚੋਂ ਮਿਲਣ ਵਾਲੀਆਂ ਚਟਾਨਾਂ ਤੇ ਪਥਰਾਟ ਉਪਰੋਕਤ ਢੰਗਾਂ ਨਾਲ ਪੈਦਾ ਹੋਏ ਹਿਮਾਲਾ ਦੇ ਵੱਖ-ਵੱਖ ਭਾਗਾਂ ਦੀ ਪੁਸ਼ਟੀ ਕਰਦੀਆਂ ਹਨ।

ਪਿਛਲੇ ਲੱਖਾਂ ਸਾਲਾਂ ਵਿੱਚ ਧਰਤੀ ਤੇ ਵੱਡੇ-ਵੱਡੇ ਬਰਫਾਨੀ ਯੁੱਗ ਵੀ ਆਉਂਦੇ ਰਹੇ ਹਨ। ਪਿਛਲੇ ਵੀਹ ਲੱਖ ਸਾਲਾਂ ਵਿੱਚ ਚਾਰ ਵੱਡੇ-ਵੱਡੇ ਅਜਿਹੇ ਯੁੱਗ ਆਏ ਹਨ। ਪਹਿਲਾ ਬਰਫਾਨੀ ਯੁੱਗ 2 ਲੱਖ ਸਾਲ ਧਰਤੀ ਤੇ ਕਾਇਮ ਰਿਹਾ। ਇਸ ਬਰਫਾਨੀ ਯੁਗ ਤੋਂ ਬਾਅਦ ਆਏ ਗਰਮ ਮੌਸਮ ਵਿੱਚ ਬਰਫ ਦੇ ਵੱਡੇ ਵੱਡੇ ਤੋਦਿਆਂ ਨੇ ਹੇਠਾਂ ਵੱਲ ਖਿਸਕਣਾ ਸ਼ੁਰੂ ਕਰ ਦਿੱਤਾ। ਇਸ ਢੰਗ ਨਾਲ ਲੱਖਾਂ ਹੀ ਚਟਾਨਾਂ ਟੁੱਟ ਗਈਆਂ ਅਤੇ ਇਹਨਾਂ ਦੇ ਕਰੋੜਾਂ ਟੁਕੜੇ ਦੂਰ ਦੂਰ ਜਾ ਡਿੱਗੇ। ਅੱਜ ਜੇ ਤੁਹਾਨੂੰ ਕਿਸੇ ਮੈਦਾਨੀ ਇਲਾਕੇ ਵਿੱਚੋਂ ਵੀ ਹਜ਼ਾਰਾਂ ਮਣ ਭਾਰਾ ਪੱਥਰ ਦਾ ਟੁੱਕੜਾ ਮਿਲ ਜਾਂਦਾ ਹੈ ਤਾਂ ਇਸ ਵਿਚ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ ਜ਼ਰੂਰ ਹੀ ਇਹ ਕਿਸੇ ਗਲੇਸ਼ੀਅਰ ਦੀ ਕਰਾਮਾਤ ਹੋਵੇਗੀ। ਦੂਜਾ ਬਰਫਾਨੀ ਯੁੱਗ ਅੱਜ ਤੋਂ ਕੋਈ 15 ਲੱਖ ਸਾਲ ਪਹਿਲਾਂ ਆਇਆ ਸੀ ਅਤੇ ਲਗਾਤਾਰ 5 ਲੱਖ ਸਾਲ ਧਰਤੀ ਤੇ ਬਰਫ ਹੀ ਬਰਫ ਪੈਂਦੀ ਰਹੀ ਇਸ ਤੋਂ ਤਿੰਨ ਲੱਖ ਸਾਲ ਲਗਾਤਾਰ ਗਰਮ ਰੁੱਤ ਵਿੱਚ ਫਿਰ ਬਰਫ ਦੇ ਤੋਦਿਆਂ ਦੇ ਟੁੱਟਣ ਦਾ ਸਿਲਸਿਲਾ ਚਲਦਾ ਰਿਹਾ। ਇਸ ਤਰਖ਼ਾਂ ਹੀ ਪੰਜ ਲੱਖ ਸਾਲ ਪਹਿਲਾਂ ਤੀਜਾ ਬਰਫਾਨੀ ਯੁੱਗ ਸ਼ੁਰੂ ਹੋ ਗਿਆ। ਇਸ ਤੋਂ ਬਾਅਦ ਦੋ ਲੱਖ ਸਾਲ ਦਾ ਸਮਾਂ ਅਜਿਹਾ ਸੀ ਜਿਸ ਵਿੱਚ ਗਰਮੀ ਸਰਦੀ ਦੋਵੇ ਹੀ ਕੁਝ ਨਾ ਕੁਝ ਸਮੇਂ ਲਈ ਪੈਂਦੇ ਰਹੇ ਹਨ। ਅੰਤਲਾ ਬਰਫਾਨੀ ਯੁੱਗ ਲਗਭਗ ਇਕ ਲੱਖ ਸਾਲ ਪਹਿਲਾਂ ਸ਼ੁਰੂ ਹੋਇਆ ਸੀ ਜੋ ਅੱਜ ਵੀ ਜਾਰੀ ਹੈ।

ਇਸ ਤਰਖ਼ਾਂ ਅਸੀਂ ਵੇਖਿਆ ਹੈ ਕਿ ਕਿਵੇਂ ਸਾਡੇ ਪਹਾੜ ਹੋਂਦ ਵਿੱਚ ਆਉਂਦੇ ਰਹੇ ਹਨ ਤੇ ਬਰਫ ਦੇ ਤੋਦੇ ਵੱਡੇ-ਵੱਡੇ ਪੱਥਰਾਂ ਨੂੰ ਤੋੜ ਕੇ ਨੀਵੇਂ ਥਾਵਾਂ ਤੇ ਲੈ ਆਉਂਦੇਠੋਹੇ ਹਨ।

## ਮਹਾਂਦੀਪ ਹੋਂਦ ਵਿੱਚ ਕਿਵੇਂ ਆਏ?

ਇਤਿਹਾਸਕਾਰਾਂ ਨੇ ਦੁਨੀਆਂ ਨੂੰ ਸੱਤ ਮਹਾਂਦੀਪਾਂ ਵਿੱਚ ਵੰਡਿਆ ਹੋਇਆ ਹੈ। ਇਹਨਾਂ ਵਿੱਚ ਯੂਰਪ, ਏਸ਼ੀਆ ਤੇ ਅਫਰੀਕਾ ਤਾਂ ਲੱਗਭਗ ਇੱਕ ਦੂਜੇ ਨਾਲ ਜੁੜੇ ਹੋਏ ਹਨ ਪਰ ਆਸਟਰੇਲੀਆ, ਉੱਤਰੀ ਅਮਰੀਕਾ ਤੇ ਦੱਖਣੀ ਅਮਰੀਕਾ ਇਹਨਾਂ ਤੋਂ ਹਜ਼ਾਰਾਂ ਕਿ-ਲੋਮੀਟਰਾਂ ਦੀ ਵਿੱਥ ਤੇ ਹਨ। ਜੇ ਤੁਸੀਂ ਇਹਨਾਂ ਮਹਾਂਦੀਪਾਂ ਦੇ ਕਿਨਾਰਿਆਂ ਨੂੰ ਧਿਆਨ ਨਾਲ ਵੇਖੋ ਤਾਂ ਤੁਹਾਡੇ ਸਾਹਮਣੇ ਇੱਕ ਅਜੀਬ ਤੱਥ ਆ ਜਾਵੇਗਾ। ਦੱਖਣੀ ਅਫਰੀਕਾ ਦਾ ਖੱਬਾ ਕਿਨਾਰਾ ਪੂਰਬੀ ਅਫਰੀਕਾ ਦੇ ਸੱਜੇ ਕਿਨਾਰੇ ਵਿੱਚ ਤਰਤੀਬ ਨਾਲ ਫਿੱਟ ਜਾ ਬੈਠਦਾ ਹੈ। ਇੱਕ ਵਾਰ ਫਿੱਟ ਹੋਇਆ ਇਹ ਦਿਉ ਕੱਦ ਮਹਾਂਦੀਪ ਉੱਤਰੀ ਅਮਰੀਕਾ ਦੇ ਥੱਲੇ ਨਾਲ ਪੂਰਾ ਫਿੱਟ ਕੀਤਾ ਜਾ ਸਕਦਾ ਹੈ। ਆਸਟ੍ਰੇਲੀਆ ਤੇ ਐਟਰਾਟਿਕਾ ਵੀ ਇਸੇ ਢੰਗ ਨਾਲ ਜੋੜੇ ਜਾ ਸਕਦੇ ਹਨ। ਇਸ ਤਰਖ਼ਾਂ ਇਹ ਧਰਤੀ ਦਾ ਇੱਕ ਹੀ ਟੁਕੜਾ ਬਣ ਜਾਵੇਗਾ ਜਿਸਦੇ ਆਲੇ-ਦੁਆਲੇ ਚਾਰੇ ਪਾਸੇ ਪਾਣੀ ਹੀ ਪਾਣੀ ਸੀ।

(ਚਲਦਾ)

# ਨਵੇਂ ਸਮੀਕਰਣਾਂ ਦੀ ਆਸ : ਦਲਿਤ-ਮੁਸਲਿਮ ਗਠਜੋੜ



ਦਰਸ਼ਨ ਸਿੰਘ ਬਾਜਵਾ
98783-83053

ਜਿਉਂ ਜਿਉਂ ਬ੍ਰਾਹਮਣਵਾਦ ਦੇ ਖ਼ਿਲਾਫ਼ ਲੋਕਾਂ ਵਿੱਚ ਚੇਤਨਾ ਆ ਰਹੀ ਹੈ ਤਿਉਂ ਤਿਉਂ ਇਸ ਤਰ੍ਹਾਂ ਦੇ ਅੱਤਿਆਚਾਰਾਂ ਵਿੱਚ ਵੀ ਭਾਰੀ ਵਾਧਾ ਹੁੰਦਾ ਜਾ ਰਿਹਾ ਹੈ। ਮੋਦੀ ਦੀ ਸਰਕਾਰ ਆਉਣ ਪਿੱਛੋਂ ਜ਼ਿਆਦਾ ਸੰਗਠਤ ਹੋਏ ਭੂਤਰੇ ਹਿੰਦੂ ਬੁਰਛਾਗਰਦ ਇਹਨੀਂ ਦਿਨੀਂ ਗਊ ਰੱਖਿਆ ਦੇ ਨਾਂਅ 'ਤੇ ਬਹੁਤ ਜ਼ਿਆਦਾ ਖਰੂਦ ਮਚਾਉਂਦੇ ਦਿਖਾਈ ਦੇ ਰਹੇ ਹਨ। ਇਹਨਾਂ ਵੱਲੋਂ ਧਾਰਮਿਕ ਘੱਟ ਗਿਣਤੀ ਮੁਸਲਮਾਨਾਂ ਅਤੇ ਸਦੀਆਂ ਤੋਂ ਹਾਸ਼ੀਏ 'ਤੇ ਧੱਕੇ ਹੋਏ ਦਲਿਤਾਂ ਦੀ ਬੁਰੀ ਗਤ ਕੀਤੀ ਜਾ ਰਹੀ ਹੈ। ਗੁਜਰਾਤ ਦਾ ਊਨਾ ਕਾਂਡ ਤਾਂ ਦਲਿਤਾਂ ਵੱਲੋਂ ਸੰਗਠਤ ਰੂਪ ਵਿੱਚ ਮੋੜਵੇਂ ਜਵਾਬ ਕਾਰਨ ਉੱਭਰ ਕੇ ਸਾਹਮਣੇ ਆ ਗਿਆ। ਅਸਲ ਵਿੱਚ ਦਲਿਤਾਂ ਉੱਪਰ ਉਸਤੋਂ ਵੀ ਭਿਆਨਕ ਅੱਤਿਆਚਾਰ ਹੋ ਰਹੇ ਹਨ। ਨਾ ਤਾਂ ਦਲਿਤਾਂ ਦਾ ਮਾਣ-ਸਨਮਾਨ ਸੁਰੱਖਿਅਤ ਰਿਹਾ ਹੈ ਤੇ ਨਾ ਉਹਨਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਹੀ ਸੁਰੱਖਿਅਤ ਹੈ। ਵਿੱਦਿਆ, ਰੁਜ਼ਗਾਰ, ਤਰੱਕੀ ਆਦਿ ਦੀ ਸੁਰੱਖਿਆ ਦੀ ਤਾਂ ਗੱਲ ਹੀ ਛੱਡੋ। ਬ੍ਰਾਹਮਣਵਾਦ ਦੇ ਖ਼ਿਲਾਫ਼ ਆਵਾਜ਼ ਉਠਾਉਣ ਵਾਲ਼ੇ ਲਿਖਾਰੀ ਵੀ ਖ਼ੁਦ ਨੂੰ ਬਹੁਤ ਜ਼ਿਆਦਾ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਇਸੇ ਤਰ੍ਹਾਂ ਦੀ ਹੀ ਹਾਲਤ ਧਾਰਮਿਕ ਘੱਟ ਗਿਣਤੀ ਮੁਸਲਿਮ ਵਰਗ ਦੀ ਹੈ। ਜੇ 2002 ਵਿੱਚ ਗੁਜਰਾਤ ਵਿੱਚ ਸਰਕਾਰੀ ਸ਼ਹਿ 'ਤੇ ਕਰਵਾਏ ਗਏ ਕਤਲੇਆਮ ਦੌਰਾਨ ਮੁਸਲਮਾਨਾਂ ਦਾ ਘਾਣ ਕੀਤਾ ਗਿਆ ਸੀ ਤੇ ਸਰਕਾਰੇ ਦਰਬਾਰੇ ਕੋਈ ਸੁਣਵਾਈ ਨਹੀਂ ਹੋਈ ਸੀ ਤਾਂ ਅੱਜ ਵੀ ਇਹੀ ਕੁੱਝ ਹੋ ਰਿਹਾ ਹੈ। ਸਗੋਂ ਇਸ ਦੀ ਰਫ਼ਤਾਰ ਪਹਿਲਾਂ ਨਾਲ਼ੋਂ ਤੇਜ਼ ਹੋ ਗਈ ਹੈ। ਇਸ ਵਿੱਚ ਇੱਕ ਗੱਲ ਗੰਭੀਰਤਾ ਨਾਲ਼ ਸੋਚਣ ਵਾਲ਼ੀ ਹੈ ਕਿ ਆਮ ਮੁਸਲਮਾਨ ਨੂੰ ਬਹੁਤਾ ਨਿਸ਼ਾਨੇ 'ਤੇ ਨਹੀਂ ਲਿਆ ਜਾਂਦਾ ਬਲਕਿ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਮੁਸਲਿਮ ਨੌਜਵਾਨ ਬੱਚੇ ਹੀ ਅਖੌਤੀ ਰਾਸ਼ਟਰਵਾਦੀਆਂ ਦੇ ਬਹੁਤੇ ਨਿਸ਼ਾਨੇ 'ਤੇ ਹਨ। ਝੂਠੇ ਮੁਕੱਦਮਿਆਂ ਵਿੱਚ ਜੇਲ੍ਹਾਂ ਵਿੱਚ ਤੁੰਨੇ ਅਨੇਕਾਂ ਮੁਸਲਿਮ ਨੌਜਵਾਨਾਂ ਨੂੰ 20-20 ਸਾਲ ਬਾਅਦ ਅਦਾਲਤਾਂ ਨੇ ਬਾਇੱਜ਼ਤ ਬਰੀ ਕੀਤਾ ਤਾਂ ਸਮਝ ਪਈ ਕਿ ਪੁਲਿਸ ਨੇ ਸਰਕਾਰਾਂ ਦੇ ਇਸ਼ਾਰੇ 'ਤੇ ਝੂਠੇ ਮੁਕੱਦਮੇ ਬਣਾਏ ਅਤੇ ਆਖ਼ਰ ਅਦਾਲਤਾਂ ਨੇ ਬੇਦੋਸ਼ੇ ਸਾਬਤ ਕਰ ਕੇ ਇਹਨਾਂ ਨੂੰ ਰਿਹਾਅ ਕਰ ਦਿੱਤਾ। ਪਰ ਜੇਲ੍ਹਾਂ ਵਿੱਚ ਬੀਤ ਚੁੱਕੇ ਇਹਨਾਂ ਦੀ ਜਵਾਨੀ ਦੇ ਰੰਗਲੇ ਸਾਲ ਉਹਨਾਂ ਨੂੰ ਕੌਣ ਵਾਪਸ ਕਰੇਗਾ? ਡਾਕਟਰ, ਇੰਜਨੀਅਰ, ਵਕੀਲ, ਪ੍ਰੋਫੈਸਰ ਆਦਿ ਬਣ ਕੇ ਦੇਸ਼, ਸਮਾਜ ਦੀ ਸੇਵਾ ਕਰਨ ਅਤੇ ਪਰਿਵਾਰ ਦੀ ਉੱਨਤੀ ਵਿੱਚ ਹਿੱਸਾ ਪਾਉਣ ਦੇ ਸੰਜੋਏ ਸੁਪਨੇ ਇਹਨਾਂ ਨੌਜਵਾਨਾਂ ਨੂੰ ਕੌਣ ਵਾਪਸ ਕਰੇਗਾ? ਇਹਨਾਂ ਮਾਮਲਿਆਂ ਵਿੱਚ ਝੂਠੇ ਮੁਕੱਦਮੇ ਦਰਜ ਕਰਨ ਵਾਲ਼ੀ ਪੁਲਿਸ ਨੂੰ ਦੋਸ਼ੀ ਠਹਿਰਾਇਆ ਜਾਏ ਜਾਂ ਉਹਨਾਂ ਅਦਾਲਤਾਂ ਨੂੰ ਦੋਸ਼ੀ ਠਹਿਰਾਇਆ ਜਾਏ ਜਿੰਨ੍ਹਾਂ ਨੇ ਸੱਚ ਝੂਠ ਦਾ ਨਿਤਾਰਾ ਕਰਨ ਲਈ ਦਹਾਕੇ ਲਗਾ ਦਿੱਤੇ? ਜੇਕਰ ਉਹ ਦੋਸ਼ੀ ਸਨ ਤਾਂ ਰਿਹਾਅ ਕਿਵੇਂ ਹੋਏ? ਜੇਕਰ ਉਹ ਨਿਰਦੋਸ਼ ਸਨ ਤਾਂ ਲੰਬਾ ਸਮਾਂ ਜੇਲ੍ਹਾਂ ਵਿੱਚ ਬੰਦ ਕਿਉਂ ਰੱਖੇ ਗਏ? ਕੋਈ ਤਾਂ ਦੋਸ਼ੀ ਹੈ ਜਿਸਨੇ ਇਹਨਾਂ ਦੀ ਜ਼ਿੰਦਗੀ ਨੂੰ ਤਬਾਹ ਕਰ ਕੇ ਰੱਖ ਦਿੱਤਾ ਹੈ।

ਚਲੋ ਇੰਨਾਂ ਵੀ ਠੀਕ ਹੈ ਕਿ ਇਹ ਨੌਜਵਾਨ ਆਪਣੇ ਘਰ ਵਾਪਸ ਆ ਗਏ ਭਾਵੇਂ ਉਹਨਾਂ ਦਾ ਸੁਨਹਿਰਾ ਭਵਿੱਖ ਮਨੂੰਵਾਦੀ ਸਾਜ਼ਿਸ਼ਾਂ ਦੀ ਭੇਟ ਚੜ੍ਹ ਗਿਆ। ਪਿਛਲੇ ਸਮੇਂ ਵਿੱਚ ਪੰਜਾਬ ਵਿੱਚ ਚੱਲੇ ਕਤਲੋਗਾਰਤ ਦੇ ਦੌਰ ਵਾਂਗ ਹੀ ਹੁਣ ਪੁਲਿਸ ਵੱਲੋਂ ਮੁਸਲਮਾਨਾਂ ਨੂੰ ਅਦਾਲਤੀ ਫ਼ੈਸਲਿਆਂ ਤੋਂ ਪਹਿਲਾਂ ਹੀ ਦੋਸ਼ੀ ਗਰਦਾਨ ਕੇ ਸਜਾਵਾਂ ਦਿੱਤੇ ਜਾਣ ਦੀਆਂ ਕਹਾਣੀਆਂ ਤੁਰ ਪਈਆਂ ਹਨ। ਜੇ.ਐਨ.ਯੂ. ਵਿੱਚ ਪੜ੍ਹਾਈ ਕਰ ਰਿਹਾ ਹਿੰਦੂਵਾਦ ਦਾ ਸਰਗਰਮ ਵਿਰੋਧ ਕਰਨ ਵਾਲ਼ਾ ਉਤਸ਼ਾਹੀ ਮੁਸਲਿਮ ਨੌਜਵਾਨ ਨਜੀਬ ਕਾਫ਼ੀ ਦਿਨਾਂ ਤੋਂ ਲਾਪਤਾ ਹੈ। ਉਸਦੀ ਕੋਈ ਉੱਘ-ਸੁੱਘ ਨਹੀਂ ਨਿੱਕਲ਼ ਰਹੀ। ਉਸਨੂੰ ਗ਼ਾਇਬ ਕਰਨ ਵਿੱਚ ਏ.ਬੀ.ਵੀ.ਪੀ. ਦਾ ਹੱਥ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਮੱਧ ਪ੍ਰਦੇਸ਼ 'ਚ ਸ਼ਿਵਰਾਜ ਸਿੰਘ ਚੌਹਾਨ ਦੀ ਪੁਲਿਸ ਨੇ ਅਤਿ ਦੀ ਸੁਰੱਖਿਆ ਵਾਲ਼ੀ ਮੰਨੀ ਗਈ ਖੰਡਵਾ ਜੇਲ੍ਹ ਵਿੱਚ ਬੰਦੀ ਰਹੇ 8 ਮੁਸਲਿਮ ਨੌਜਵਾਨਾਂ ਨੂੰ 31 ਅਕਤੂਬਰ ਨੂੰ ਮਾਰ ਮੁਕਾਇਆ ਹੈ। ਪੁਲਿਸ ਵੱਲੋਂ ਬਣਾਈ ਕਹਾਣੀ ਕਿ ਖ਼ੂੰਖਾਰ ਐਲਾਨੇ ਗਏ ਇਹ ਅੱਠ ਵਿਅਕਤੀ ਰਾਤ ਨੂੰ 2 ਵਜੇ ਦੇ ਕਰੀਬ ਸੁਰੱਖਿਆ ਗਾਰਡ ਦਾ ਕਤਲ ਕਰਕੇ ਜੇਲ੍ਹ ਦੀ 20 ਫੁੱਟ ਤੋਂ ਉੱਚੀ ਦੀਵਾਰ ਟੱਪ ਕੇ ਭੱਜ ਗਏ ਸਨ ਕਿਸੇ ਦੇ ਗਲ਼ੇ ਹੇਠੋਂ ਨਹੀਂ ਉੱਤਰਦੀ। ਹੁਣ ਇੱਕ ਪਿੰਡ ਵਾਸੀ ਵੱਲੋਂ ਬਣਾਈ ਗਈ ਝੂਠੇ ਪੁਲਿਸ ਮੁਕਾਬਲੇ ਦੀ ਵੀਡੀਓ ਸਾਹਮਣੇ ਆ ਗਈ ਹੈ ਜਿਸ ਵਿੱਚ ਪੁਲਿਸ ਮੁਲਾਜ਼ਮ ਇਹਨਾਂ ਨੌਜਵਾਨਾਂ 'ਤੇ ਬਿਲਕੁਲ ਨੇੜਿਉਂ ਗੋਲ਼ੀਆਂ ਦਾਗ ਰਹੇ ਹਨ। ਇਸ ਵਿੱਚ ਅਵਾਜ਼ਾਂ ਵੀ ਸੁਣਾਈ ਦੇ ਰਹੀਆਂ ਹਨ ਜਿਸ ਵਿੱਚ ਇੱਕ ਵਿਅਕਤੀ ਕਹਿ ਰਿਹਾ ਹੈ ਕਿ 'ਅਜੇ ਸਾਹ ਲੈ ਰਿਹਾ ਹੈ ਗੋਲ਼ੀ ਮਾਰ'। ਅਨੇਕਾਂ ਹੀ ਸਵਾਲ ਹੋਰ ਵੀ ਹਨ ਪਰ ਉਹਨਾਂ ਨੂੰ ਸੁਣੇਗਾ ਕੌਣ?

ਖ਼ੈਰ ਇਹ ਗੱਲਾਂ ਤਾਂ ਉਹਨਾਂ ਹਾਕਮਾਂ ਨੂੰ ਸੁਣਾਈ ਦੇਣਗੀਆਂ ਜਿੰਨ੍ਹਾਂ ਨੇ ਕਿਸੇ ਦੂਸਰੇ ਦਾ ਦਰਦ ਸੁਣਨਾ ਹੋਵੇ। ਜਿਹੜੇ ਲੋਕ ਰਾਜ ਸਤਾ ਦੇ ਨਸ਼ੇ ਵਿੱਚ ਦੂਜਿਆਂ ਦੇ ਅਧਿਕਾਰਾਂ ਵੱਲੋਂ ਜਾਣ-ਬੁੱਝ ਕੇ ਪੂਰੀ ਤਰ੍ਹਾਂ ਬੇਧਿਆਨੇ ਹੋ ਗਏ ਹੋਣ, ਉਹਨਾਂ ਸੰਵੇਦਨਹੀਣ ਲੋਕਾਂ ਨੂੰ ਇਹ ਗੱਲਾਂ ਸੁਣਾਈ ਨਹੀਂ ਦੇ ਸਕਦੀਆਂ। ਲੋਕਤੰਤਰ ਦਾ ਚੌਥਾ ਥੰਮ੍ਹ ਹੋਣ ਦੇ ਦਾਅਵੇ ਕਰਨ ਵਾਲ਼ਾ ਸਮੁੱਚਾ ਹਿੰਦੂ ਮੀਡੀਆ ਵੀ ਪੂਰੇ ਜ਼ੋਰ-ਸ਼ੋਰ ਨਾਲ਼ ਚੀਕ-ਚੀਕ ਕੇ ਸੱਤਾ ਦੇ ਗਲਿਆਰਿਆਂ 'ਚ ਬੈਠੇ ਲੋਕਾਂ ਦੀ ਸੁਰ ਵਿੱਚ ਤਾਲ ਮਿਲਾ ਰਿਹਾ ਹੈ। ਕਿਹਾ ਜਾ ਸਕਦਾ ਹੈ ਕਿ ਕੁੱਤੀ ਚੋਰਾਂ ਨਾਲ਼ ਰਲ਼ ਗਈ ਹੈ। ਹਾਲਾਤ ਇਹ ਹੋ ਗਏ ਹਨ ਕਿ ਕਿਸੇ ਵੀ ਰਾਹ ਜਾਂਦੇ ਦਲਿਤ ਜਾਂ ਮੁਸਲਿਮ ਦਾ ਸ਼ਰੇ ਬਜ਼ਾਰ ਕਤਲ ਹੋ ਰਿਹਾ ਹੋਵੇ ਤਾਂ ਉੱਥੇ ਖੜ੍ਹੇ ਚਸ਼ਮਦੀਦ ਲੋਕਾਂ ਲਈ ਇਹ ਕੋਈ ਅਚੰਭਾ ਨਹੀਂ ਰਿਹਾ। ਸਭ ਖੁਸ਼ ਹੁੰਦੇ ਹਨ ਜਾਂ ਮੂਕ ਦਰਸ਼ਕ ਬਣੇ ਤਮਾਸ਼ਾ ਦੇਖਣ ਵਿੱਚ ਲੱਗੇ ਰਹਿੰਦੇ ਹਨ। ਮੀਡੀਆ ਨੂੰ ਵੀ ਇਹ ਦਿਖਾਈ ਨਹੀਂ ਦਿੰਦਾ।

ਸੱਤਾ ਦੇ ਸਹਾਰੇ ਜ਼ੁਲਮ ਅੱਤਿਆਚਾਰ ਕਰਨ ਵਾਲ਼ਾ ਹਰ ਵਿਅਕਤੀ ਹਮੇਸ਼ਾਂ ਇਹ ਸੋਚਦਾ ਹੈ ਕਿ ਉਸ ਦੇ ਜ਼ੁਲਮਾਂ ਦੀ ਦਹਿਸ਼ਤ ਨਾਲ਼ ਪੀੜਤ ਲੋਕ ਦੁਬਕ ਜਾਣਗੇ। ਭਾਰਤ ਵਿੱਚ ਹੋਇਆ ਵੀ ਇਸ ਤਰ੍ਹਾਂ ਹੀ ਹੈ। 1947 ਤੋਂ ਫੌਰਨ ਪਿੱਛੋਂ ਤੋਂ ਮੁਸਲਮਾਨਾਂ ਨੂੰ ਮਾਰ ਖਾਂਦਿਆਂ ਦੇਖ ਰਹੇ ਹਾਂ। ਹੁਣ ਇਹ ਮਾਰ ਵਧ ਗਈ ਹੈ। ਜਿੱਥੇ ਮੁਸਲਮਾਨ ਨਹੀਂ ਹੁੰਦੇ ਉੱਥੇ ਹਿੰਦੂਆਂ ਦਾ ਗੁੱਸਾ ਦਲਿਤਾਂ 'ਤੇ ਨਿੱਕਲ਼ਦਾ ਹੈ। ਦਲਿਤ ਲੋਕ ਜਿਹੜੇ ਪਹਿਲਾਂ ਤੋਂ ਹੀ ਮਾਰ ਝੱਲਦੇ ਰਹੇ ਹੋਣ ਕਰਕੇ ਮਾਰ ਖਾਂਦਿਆਂ ਵੀ ਜਿਵੇਂ ਕਿਵੇਂ ਦਿਨ ਕਟੀ ਕਰ ਰਹੇ ਸਨ ਉਹਨਾਂ ਦੇ ਨਾਲ਼ ਹੀ ਮੁਸਲਮਾਨ ਭਾਈਚਾਰਾ ਵੀ ਲਾਚਾਰਗੀ ਵਿੱਚ ਪੂਰੀ ਤਰ੍ਹਾਂ ਦੁਬਕਿਆ ਬੈਠਾ ਸੀ। ਜਦੋਂ ਗੁਜਰਾਤ ਵਿੱਚ ਊਨਾ ਕਾਂਡ ਹੋਇਆ ਤਾਂ ਜਿੱਥੇ ਦਲਿਤ ਭਾਈਚਾਰਾ ਅੱਤਿਆਚਾਰਾਂ ਦੇ ਖ਼ਿਲਾਫ਼ ਇਕਜੁੱਟ ਹੋਇਆ ਉੱਥੇ ਹੀ ਮੁਸਲਿਮ ਭਾਈਚਾਰਾ ਵੀ ਆਪਣੇ ਭਰਾਵਾਂ ਦੇ ਦੁੱਖ ਵਿੱਚ ਪਹਿਲੀ ਵਾਰ ਉੱਭਰ ਕੇ ਸਾਹਮਣੇ ਆਇਆ। ਇਸ ਦੇ ਫੌਰਨ ਪਿੱਛੋਂ ਪੰਜਾਬ ਦੇ ਫਗਵਾੜਾ ਵਿਖੇ ਮੁਸਲਮਾਨਾਂ ਨੂੰ ਸਬਕ ਸਿਖਾਉਣ ਆਏ ਹਿੰਦੂ ਸ਼ਿਵ ਸੈਨਿਕਾਂ ਨੂੰ ਦਲਿਤਾਂ ਅਤੇ ਮੂਲਵਾਸੀ ਸਿੱਖਾਂ ਨੇ ਭਜਾ ਭਜਾ ਕੇ ਕੁੱਟਿਆ ਕਿ ਉਹਨਾਂ ਨੂੰ ਭੱਜਦਿਆਂ ਨੂੰ ਰਾਹ ਨਹੀਂ ਲੱਭਿਆ।

ਹਾਲੀਆ ਘਟਨਾਵਾਂ ਕਾਰਨ ਭਾਵੇਂ ਪਹਿਲੀ ਵਾਰੀ ਮਹਿਸੂਸ ਹੋ ਰਿਹਾ ਹੈ ਕਿ ਮੁਸਲਮਾਨ ਆਪਣੇ ਦਲਿਤ ਭਰਾਵਾਂ ਦੇ ਨਾਲ਼ ਆਏ ਹਨ। ਪਰ ਇਹ ਇਤਿਹਾਸ ਦੀ ਕੋਈ ਪਹਿਲੀ ਘਟਨਾ ਨਹੀਂ ਹੈ। ਮੁਸਲਮਾਨਾਂ ਨੇ ਭਾਵੇਂ ਹਿੰਦੂਵਾਦੀਆਂ ਦੇ ਵਿਰੋਧ ਵਜੋਂ ਹੀ ਸਹੀ ਕਈ ਵਾਰ ਦਲਿਤਾਂ ਵੱਲ ਸਹਿਯੋਗ ਦਾ ਹੱਥ ਵਧਾਇਆ ਹੈ। ਜਦੋਂ ਮੁਸਲਿਮ ਸ਼ਾਸਕਾਂ ਦਾ ਰਾਜ ਆਇਆ ਸੀ ਤਾਂ ਮੌਰੀਆ ਸਾਮਰਾਜ ਪਿੱਛੋਂ ਪਹਿਲੀ ਵਾਰੀ ਦਲਿਤ ਪਛੜਿਆਂ ਨੂੰ ਮੁਸਲਮਾਨਾਂ ਦੁਆਰਾ ਖੋਲ੍ਹੇ ਮਦਰੱਸਿਆਂ ਰਾਹੀਂ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਮਿਲਿਆ ਸੀ। ਭਗਤੀ ਲਹਿਰ ਕਹੀ ਜਾਣ ਵਾਲ਼ੀ ਸਮਾਜਿਕ ਪ੍ਰਵਰਤਨ ਦੀ ਲਹਿਰ ਦੇ ਪਿੱਛੇ ਮੁਸਲਿਮ ਸ਼ਾਸਕਾਂ ਦਾ ਵੀ ਯੋਗਦਾਨ ਰਿਹਾ ਹੈ। ਅੰਗਰੇਜ਼ਾਂ ਦੁਆਰਾ ਭਾਰਤ ਨੂੰ ਛੱਡ ਕੇ ਜਾਣ ਦੀ ਤਿਆਰੀ ਵੇਲ਼ੇ ਬਾਬਾ ਸਾਹਿਬ ਅੰਬੇਡਕਰ ਨੂੰ ਸੰਵਿਧਾਨ ਦੇ ਨਿਰਮਾਣ ਲਈ ਵਿਧਾਨ ਘਾੜਨੀ ਸਭਾ ਵਿੱਚ ਜਾਣ ਤੋਂ ਕਾਂਗਰਸ ਦੁਆਰਾ ਸਾਜਿਸ਼ ਕਰਕੇ ਰੋਕ ਦੇਣ ਪਿੱਛੋਂ ਮੁਸਲਿਮ ਲੀਗ ਦੀ ਮੱਦਦ ਨਾਲ਼ ਬਾਬਾ ਸਾਹਿਬ ਦਾ ਬੰਗਾਲ ਤੋਂ ਭਾਰੀ ਬਹੁਮਤ ਨਾਲ਼ ਜਿੱਤ ਕੇ ਆਉਣਾ ਇਸ ਦਾ ਵੱਡਾ ਸਬੂਤ ਹੈ।

ਬਾਹਰੋਂ ਆਏ ਮੁਸਲਮਾਨਾਂ ਨੇ ਆਪਣੀ ਪੁਰਾਣੀ ਪਛਾਣ ਖਤਮ ਨਹੀਂ ਕੀਤੀ ਅਤੇ ਖ਼ੁਦ ਨੂੰ ਹਿੰਦੂ ਧਰਮ ਵਿੱਚ ਜਜ਼ਬ ਨਹੀਂ ਕੀਤਾ। ਇਸ ਦੇ ਨਾਲ਼ ਹੀ ਪ੍ਰਵਰਤਤ ਮੁਸਲਮਾਨਾਂ ਨੇ ਵੀ ਆਪਣੀ ਹੋਂਦ ਵੱਖਰੀ ਬਣਾ ਲਈ। ਇਸ ਕਾਰਨ ਉਹਨਾਂ ਦੀ ਹੋਂਦ ਵੱਖਰੀ ਬਣ ਗਈ ਜਦਕਿ ਦਲਿਤ ਅਜੇ ਤੱਕ ਹਿੰਦੂ ਧਰਮ ਵਿੱਚ ਘੁਸੜੇ ਬੈਠੇ ਹਨ। ਵੱਖਰੇ ਧਰਮ ਕਾਰਨ ਹਿੰਦੂਵਾਦੀ ਪ੍ਰਚਾਰਕਾਂ ਨੇ ਉਹਨਾਂ ਨੂੰ ਵਿਦੇਸ਼ੀ ਕਹਿ ਕੇ ਖ਼ੂਬ ਪ੍ਰਚਾਰਿਆ। ਧਰਮ ਪ੍ਰਵਰਤਤ ਮੁਸਲਮਾਨਾਂ ਨੇ ਖ਼ੁਦ ਵੀ ਧਰਮ ਨੂੰ ਜ਼ਿਆਦਾ ਮਹੱਤਤਾ ਦਿੰਦਿਆਂ ਆਪਣਾ ਪਿੱਛਾ ਵਿਦੇਸ਼ੀ ਮੂਲ ਦੇ ਹਮਲਾਵਰਾਂ ਨਾਲ਼ ਜੋੜਨਾ ਸ਼ੁਰੂ ਕਰ ਦਿੱਤਾ। ਜਦਕਿ ਅਸਲੀਅਤ ਇਹ ਹੈ ਕਿ ਭਾਰਤ, ਪਾਕਿਸਤਾਨ ਤੇ ਬੰਗਲਾਦੇਸ਼ ਵਿੱਚ ਰਹਿਣ ਵਾਲ਼ੇ 90-95 ਪ੍ਰਤੀਸ਼ਤ ਮੁਸਲਮਾਨ ਸ਼ੁੱਧ ਭਾਰਤੀ ਮੂਲ ਦੇ ਹਨ। ਇਸ ਲਈ ਮੁਸਲਮਾਨਾਂ ਦਾ ਦਲਿਤਾਂ ਨਾਲ਼ ਪ੍ਰੇਮ ਹੋਣਾ ਅਤੇ ਇੱਕ ਦੂਜੇ ਦੇ ਦੁੱਖ ਵਿੱਚ ਭਰਾਵਾਂ ਵਾਂਗ ਸ਼ਰੀਕ ਹੋਣਾ ਅਚਾਨਕ ਨਹੀਂ ਹੋ ਗਿਆ ਬਲਕਿ ਮੁਸਲਮਾਨ ਜਾਣਦੇ ਹਨ ਕਿ ਉਹ ਆਪਸ ਵਿੱਚ ਭਰਾ ਭਰਾ ਹਨ ਅਤੇ ਮੁਸਲਮਾਨਾਂ ਦੇ ਪੁਰਖਿਆਂ ਨੇ ਕਿਸੇ ਸਮੇਂ ਇਸਲਾਮ ਕਬੂਲ ਕੀਤਾ ਸੀ।

ਆਪਸ ਵਿੱਚ ਖ਼ੂਨ ਦੀ ਸਾਂਝ ਦਾ ਤਾਂ ਪਤਾ ਸੀ ਪਰ ਦਲਿਤ ਕਿਉਂਕਿ ਹਿੰਦੂ ਬਣ-ਬਣ ਕੇ ਬੈਠਦੇ ਸਨ ਇਸ ਲਈ ਮੁਸਲਮਾਨਾਂ ਦਾ ਉਹਨਾਂ ਨਾਲ਼ੋਂ ਅਕਸਰ ਵਖਰੇਵਾਂ ਰਿਹਾ। ਹੁਣ ਜਦੋਂ ਦਲਿਤਾਂ ਨੇ ਖੁੱਲ੍ਹ ਕੇ ਮਨੂੰਵਾਦ ਵਿਰੁੱਧ ਜਿਹਾਦ ਛੇੜਿਆ ਹੈ ਅਤੇ ਇਸਦਾ ਪਸਾਰਾ ਲਗਾਤਾਰ ਵਧਦਾ ਜਾ ਰਿਹਾ ਹੈ ਤਾਂ ਮੁਸਲਮਾਨਾਂ ਦੇ ਅੰਦਰਲੀ ਖ਼ੂਨ ਦੀ ਸਾਂਝ ਬੋਲ ਪਈ ਹੈ। ਭਰਾ ਨੂੰ ਅੱਖਾਂ ਸਾਹਮਣੇ ਮਰਦਿਆਂ ਕੋਈ ਨਹੀਂ ਦੇਖ ਸਕਦਾ। ਇਸ ਲਈ ਕੁੱਝ ਸਮਾਂ ਪਹਿਲਾਂ ਦਲਿਤਾਂ ਨੇ ਮੁਸਲਮਾਨਾਂ ਪ੍ਰਤੀ ਹਾਅ ਦਾ ਨਾਅਰਾ ਮਾਰਿਆ ਅਤੇ ਹੁਣ ਮੁਸਲਮਾਨਾਂ ਨੇ ਦਲਿਤਾਂ ਵੱਲ ਦੋਸਤੀ ਦਾ ਹੱਥ ਵਧਾਇਆ ਹੈ। ਸਿੱਟਾ ਇਹ ਨਿੱਕਲ਼ ਰਿਹਾ ਹੈ ਕਿ ਅਸਦੁੱਦੀਨ ਓਵੈਸੀ ਵਰਗੇ ਕੱਟੜ ਮੰਨੇ ਜਾਣ ਵਾਲ਼ੇ ਮੁਸਲਿਮ ਨੇਤਾ ਨੇ ਪਾਰਲੀਮੈਂਟ ਦੇ ਅੰਦਰ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਨੂੰ ਭਾਰਤ ਦੇ ਹੁਣ ਤੱਕ ਦੇ ਸਾਰੇ ਨੇਤਾਵਾਂ ਤੋਂ ਜ਼ਿਆਦਾ ਵੱਡੇ ਕੱਦ ਵਾਲ਼ਾ ਮੰਨਿਆ ਹੈ। ਕਦੇ ਖ਼ੁਦ ਨੂੰ ਵਿਦੇਸ਼ੀਆਂ ਨਾਲ਼ ਜੋੜਨ ਵਾਲ਼ੇ ਮੁਸਲਮਾਨ ਹੁਣ ਸਮਝਣ ਹੀ ਨਹੀਂ ਲੱਗੇ ਬਲਕਿ ਬੋਲਣ ਵੀ ਲੱਗੇ ਹਨ ਕਿ ਉਹ ਭਾਰਤ ਦੇ ਮੂਲ ਨਿਵਾਸੀ ਹਨ। ਆਪਣੇ ਆਪ ਨੂੰ ਰਾਸ਼ਟਰਵਾਦੀ ਕਹਿਣ ਵਾਲ਼ਿਆਂ ਨੇ ਭਾਰਤ ਦੇ ਕੌਮੀ ਝੰਡੇ ਨੂੰ ਸਨਮਾਨ ਨਹੀਂ ਦਿੱਤਾ। ਪਰ ਹੁਣ ਮੁਸਲਮਾਨ ਆਪਣੇ ਮਦਰੱਸਿਆਂ ਵਿੱਚ ਕੌਮੀ ਝੰਡੇ ਦਾ ਸਤਿਕਾਰ ਕਰਕੇ ਖ਼ੁਦ ਨੂੰ ਉਹਨਾਂ ਤੋਂ ਜ਼ਿਆਦਾ ਰਾਸ਼ਟਰ ਪ੍ਰੇਮੀ ਦਰਸਾਉਣ ਲੱਗੇ ਹਨ।

ਹੁਣ ਦੇ ਬਣੇ ਹਾਲਾਤਾਂ ਮੁਤਾਬਕ ਦਲਿਤ-ਮੁਸਲਿਮ ਗਠਜੋੜ ਭਾਰਤ ਦੇ ਰਾਜਨੀਤੀ ਦੇ ਨਕਸ਼ੇ 'ਤੇ ਵੀ ਉੱਭਰ ਕੇ ਸਾਹਮਣੇ ਆਉਂਦਾ ਦਿਖਾਈ ਦੇ ਰਿਹਾ ਹੈ। ਉੱਤਰ ਪ੍ਰਦੇਸ਼ ਵਿੱਚ ਇਸ ਵਾਰ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਦਲਿਤ-ਮੁਸਲਿਮ ਗਠਜੋੜ ਬਣਨ ਦੇ ਪੂਰੇ ਅਸਾਰ ਬਣ ਰਹੇ ਹਨ। ਜਾਣੀ ਉੱਤਰ ਪ੍ਰਦੇਸ਼ ਵਿੱਚ ਤਾਂ ਸ਼ੁਰੂਆਤ ਹੋ ਰਹੀ ਲੱਗਦੀ ਹੈ। ਬਾਜ਼ੀ ਪਲਟਣੀ ਸ਼ੁਰੂ ਹੋ ਰਹੀ ਹੈ।

ਪੂਰੇ ਦੇਸ਼ ਵਿੱਚ ਵੀ ਇਸ ਤਰ੍ਹਾਂ ਦੇ ਹਾਲਾਤ ਬਣ ਸਕਦੇ ਹਨ। ਫਿਰ ਬਹੁਤ ਛੇਤੀ ਮਨੂੰਵਾਦ ਨੂੰ ਧੂੜ ਚਟਾਈ ਜਾ ਸਕਦੀ ਹੈ। ਅਜਿਹਾ ਅੰਬੇਡਕਰਵਾਦ ਦੇ ਫੈਲਣ ਨਾਲ਼ ਸੰਭਵ ਹੋ ਸਕਿਆ ਹੈ। ਆਪਣੇ ਸੰਘਰਸ਼ਾਂ ਦੌਰਾਨ ਨੌਜਵਾਨਾਂ ਦੁਆਰਾ ਲਗਾਇਆ ਨਾਅਰਾ ਸੱਚ ਸਾਬਤ ਹੋ ਰਿਹਾ ਹੈ : 'ਜਬ ਜਬ ਜ਼ੁਲਮੀ ਜ਼ੁਲਮ ਕਰੇਗਾ ਸੱਤਾ ਕੇ ਗਲਿਆਰੋਂ ਸੇ, ਚੱਪਾ ਚੱਪਾ ਗੂੰਜ ਉਠੇਗਾ ਜੈ ਭੀਮ ਕੇ ਨਾਅਰੋਂ ਸੇ।'

# ਨੋਟਬੰਦੀ ਕਾਲ਼ੇ ਧਨ ਲਈ ਜਾਂ ਚੋਣਾਂ ਜਿੱਤਣ ਲਈ?

ਦਰਸ਼ਨ ਸਿੰਘ ਬਾਜਵਾ

ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ 8 ਨਵੰਬਰ ਨੂੰ ਸ਼ਾਮ 9 ਵਜੇ ਦੇ ਕਰੀਬ 500 ਅਤੇ 1000 ਦੇ ਨੋਟਾਂ ਨੂੰ ਬੰਦ ਕੀਤੇ ਜਾਣ ਦੇ ਕੀਤੇ ਐਲਾਨ ਤੋਂ ਬਾਅਦ ਪੂਰੇ ਦੇਸ਼ ਵਿੱਚ ਘਸਮਾਣ ਮੱਚ ਗਿਆ ਹੈ। ਭਾਜਪਾਈ ਇਸ ਮੁੱਦੇ 'ਤੇ ਪ੍ਰਧਾਨ ਮੰਤਰੀ ਦੀ ਪਿੱਠ ਪੂਰਦੇ ਦਿਖਾਈ ਦਿੱਤੇ ਜਦਕਿ ਵਿਰੋਧੀ ਧਿਰ ਵੱਲੋਂ ਸਰਕਾਰ ਨੂੰ ਘੇਰਿਆ ਗਿਆ। ਆਮ ਸਧਾਰਨ ਲੋਕ ਇਸ ਐਲਾਨ ਤੋਂ ਕਾਫ਼ੀ ਘਬਰਾਏ। ਇਸ ਲਈ ਵੱਡੀ ਗਿਣਤੀ ਵਿੱਚ ਲੋਕ ਆਪੋ-ਆਪਣੇ ਕੰਮਾਂ-ਧੰਦਿਆਂ ਨੂੰ ਛੱਡ ਕੇ ਥੋੜ੍ਹੇ ਜਾਂ ਬਹੁਤੇ ਨੋਟ ਲੈ ਕੇ ਜਮ੍ਹਾਂ ਕਰਵਾਉਣ ਜਾਂ ਬਦਲਾ ਕੇ ਨਵੇਂ ਨੋਟ ਲੈਣ ਲਈ ਬੈਂਕਾਂ ਵਿੱਚ ਪਹੁੰਚ ਗਏ। ਬੈਂਕਾਂ ਅੱਗੇ ਵੱਡੀਆਂ ਭੀੜਾਂ ਲੱਗ ਗਈਆਂ। ਸ਼ੁਰੂਆਤੀ ਦਿਨਾਂ ਵਿੱਚ ਬੈਂਕਾਂ ਅੱਗੇ ਲਾਈਨਾਂ ਲਗਾ ਕੇ ਖੜ੍ਹੇ ਲੋਕਾਂ ਵਿੱਚ ਬਹੁਤੇ ਆਮ ਕਾਰੋਬਾਰੀ, ਮੁਲਾਜ਼ਮ ਜਾਂ ਦਿਹਾੜੀਦਾਰ ਗਰੀਬ ਲੋਕ ਸਨ। ਇਹਨਾਂ ਲਈ ਆਪਣੇ ਕੰਮ-ਧੰਦੇ ਛੱਡ ਕੇ ਵੱਡੇ ਨੋਟ ਜਮ੍ਹਾਂ ਕਰਵਾਉਣ ਲਈ ਜਾਂ ਆਪਣੇ ਹੀ ਦਸਾਂ ਨਹੁੰਆਂ ਦੀ ਕਮਾਈ ਦੇ ਪੈਸੇ ਲੈਣ ਲਈ ਇਉਂ ਲਾਈਨਾਂ ਬਣਾ ਕੇ ਘੰਟਿਆਂ ਬੱਧੀ ਖੜ੍ਹੇ ਰਹਿਣਾ ਮੁਸ਼ਕਲ ਭਾਵੇਂ ਸੀ ਪਰ ਮਜ਼ਬੂਰਨ ਉਹਨਾਂ ਨੂੰ ਖੜ੍ਹਨਾ ਪਿਆ। ਕੁੱਝ ਬਿਰਧ ਵਿਅਕਤੀਆਂ ਦੀ ਲਾਈਨਾਂ ਵਿੱਚ ਖੜ੍ਹਿਆਂ ਦੀ ਹੀ ਮੌਤ ਹੋਣ ਦੀਆਂ ਖਬਰਾਂ ਵੀ ਆਈਆਂ। ਇੱਕ ਬਜ਼ੁਰਗ ਔਰਤ ਤਾਂ ਨੋਟ ਬੰਦ ਹੋਣ ਦੀ ਖਬਰ ਸੁਣਕੇ ਬੈਂਕ ਅੱਗੇ ਹੀ ਦੌਰਾ ਪੈ ਜਾਣ ਕਾਰਨ ਇਸ ਦੁਨੀਆਂ ਤੋਂ ਕੂਚ ਕਰ ਗਈ। ਇੱਕ ਕਿਸਾਨ ਦੁਆਰਾ ਆਪਣੀ ਜ਼ਮੀਨ ਵੇਚ ਕੇ ਲਏ ਲੱਖਾਂ ਰੁਪਿਆਂ ਦੇ ਰੱਦੀ ਕਾਗਜ਼ ਬਣ ਜਾਣ ਬਾਰੇ ਸੁਣ ਕੇ ਆਤਮ ਹੱਤਿਆ ਕਰਨ ਦੀ ਖ਼ਬਰ ਆਈ। ਨੋਟਬੰਦੀ ਕਾਰਨ ਹੁਣ ਤੱਕ 40 ਵਿਅਕਤੀਆਂ ਦੀ ਮੌਤ ਹੋਣ ਦਾ ਸਮਾਚਾਰ ਹੈ। ਇਹ ਸਭ ਇੰਨਾ ਅਚਾਨਕ ਹੋਇਆ ਕਿ ਲੋਕਾਂ ਨੂੰ ਸੰਭਲਣ ਦਾ ਮੌਕਾ ਵੀ ਨਹੀਂ ਮਿਲ਼ਿਆ। ਬਜ਼ਾਰ ਵਿੱਚ ਸਭ ਦੁਕਾਨਦਾਰਾਂ ਨੇ 500 ਤੇ 1000 ਦੇ ਨੋਟ ਲੈਣੇ ਬੰਦ ਕਰ ਦਿੱਤੇ। ਰੋਜ਼ਾਨਾ ਵਰਤੋਂ ਲਈ ਪੈਸਿਆਂ ਦੀ ਕਿੱਲ੍ਹਤ ਹੋ ਜਾਣ ਕਾਰਨ ਤਰਾਹੀ ਤਰਾਹੀ ਮੱਚ ਗਈ। ਜਿੰਨ੍ਹਾਂ ਕੋਲ਼ ਏ.ਟੀ.ਐਮ. ਕਾਰਡ ਸਨ ਉਹ ਵੀ ਬੇਕਾਰ ਸਨ ਕਿਉਂਕਿ ਏ.ਟੀ.ਐਮ. ਵਿਵਸਥਾ ਠੱਪ ਰਹੀ। ਪੁਰਾਣੇ 100 ਦੇ ਨੋਟਾਂ ਦੀ ਘਾਟ ਹੋ ਗਈ। ਨਵੇਂ ਨੋਟਾਂ ਦਾ ਡਿਜ਼ਾਇਨ ਛੋਟਾ ਸੀ ਜਿਸ ਕਰਕੇ ਉਹ ਏ.ਟੀ.ਐਮ. ਮਸ਼ੀਨਾਂ ਵਿੱਚ ਫਿੱਟ ਨਹੀਂ ਆ ਸਕੇ। ਉਹਨਾਂ ਦੀ ਫਿਟਿੰਗ ਲਈ ਕੁੱਝ ਸਮਾਂ ਚਾਹੀਦਾ ਸੀ। ਇਸ ਲਈ ਸਭ ਲੋਕਾਂ ਨੂੰ ਬੈਂਕਾਂ ਦਾ ਰੁਖ ਕਰਨਾ ਪਿਆ। ਲਾਈਨਾਂ ਵਿੱਚ ਖੜ੍ਹੇ ਲੋਕਾਂ ਦੀ ਜਾਂ ਤਾਂ ਆਪਸ ਵਿੱਚ ਹੀ ਮਾਰ-ਕੁਟਾਈ ਹੋਈ ਜਾਂ ਫਿਰ ਪੁਲਿਸ ਵਾਲ਼ਿਆਂ ਨੇ ਉਹਨਾਂ ਦੀ ਡੰਡਿਆਂ ਨਾਲ਼ ਵਧੀਆ ਸੇਵਾ ਕੀਤੀ।

ਨੋਟਾਂ ਦੀ ਘਾਟ ਦਾ ਫ਼ਾਇਦਾ ਕੁੱਝ ਚਲਾਕ ਵਿਅਕਤੀਆਂ ਨੇ ਖ਼ੂਬ ਉਠਾਇਆ। ਉਹਨਾਂ ਨੇ 500 ਰੁਪਏ ਦਾ ਨੋਟ ਲੈ ਕੇ 350 ਤੋਂ ਲੈ ਕੇ 400 ਰੁਪਏ ਤੱਕ ਦੇ ਨੋਟ ਦਿੱਤੇ। ਮਜ਼ਬੂਰਨ ਲੋਕਾਂ ਨੂੰ ਇਹ ਸੌਦਾ ਕਰਨਾ ਪਿਆ। ਵਿਦੇਸ਼ੀ ਯਾਤਰੀਆਂ ਲਈ ਤਾਂ ਇਹ ਕਦਮ ਮਾਨਸਿਕ ਸਦਮੇ ਵਰਗਾ ਸੀ। ਪੁਸ਼ਕਰ ਦੇ ਮੇਲੇ ਵਿੱਚ ਆਈਆਂ ਵਿਦੇਸ਼ੀ ਲੜਕੀਆਂ ਨੂੰ ਨੋਟ ਬਦਲਣ ਬਦਲੇ ਕੁੱਝ ਵਿਅਕਤੀਆਂ ਨੇ ਜਿਸਮ ਦਾ ਸੌਦਾ ਕਰਨ ਲਈ ਕਿਹਾ। ਕੁੱਝ ਵਿਦੇਸ਼ੀ ਯਾਤਰੀਆਂ ਨੇ ਸਹੁੰ ਖਾਧੀ ਕਿ ਉਹ ਅੱਗੇ ਤੋਂ ਕਦੇ ਭਾਰਤ ਵਿੱਚ ਘੁੰਮਣ ਨਹੀਂ ਆਉਣਗੇ।

ਸਰਕਾਰ ਵੱਲੋਂ ਦਲੀਲ ਦਿੱਤੀ ਗਈ ਕਿ ਕੁੱਝ ਬੰਦਿਆਂ ਕੋਲ਼ ਵੱਡੀ ਮਾਤਰਾ ਵਿੱਚ ਕਾਲ਼ਾ ਧਨ ਜਮ੍ਹਾਂ ਹੈ ਜਿਸ ਨੂੰ ਬਾਹਰ ਕਢਵਾਉਣ ਲਈ ਇਹ ਸਰਜੀਕਲ ਸਟਰਾਈਕ ਕੀਤੀ ਗਈ ਹੈ। ਇਸ ਦੇ ਨਾਲ਼ ਹੀ ਇਹ ਵੀ ਕਿਹਾ ਗਿਆ ਕਿ ਗੁਆਂਢੀ ਮੁਲਕ ਵੱਲੋਂ ਸਾਡੇ ਦੇਸ਼ ਦੀ ਆਰਥਿਕਤਾ ਨੂੰ ਢਾਹ ਲਾਉਣ ਲਈ ਅਤੇ ਅੱਤਵਾਦ ਨੂੰ ਫੈਲਾਉਣ ਲਈ ਜ਼ਾਅਲੀ ਭਾਰਤੀ ਕਰੰਸੀ ਤਿਆਰ ਕਰਕੇ ਚਲਾਈ ਜਾਂਦੀ ਹੈ। ਪ੍ਰਧਾਨ ਮੰਤਰੀ ਨੇ ਮੀਡੀਆ ਰਾਹੀਂ ਜਨਤਾ ਨੂੰ ਆਪਣੇ ਦੇਸ਼ ਦੇ ਭਲੇ ਲਈ 50 ਦਿਨ ਤੱਕ ਮੁਸ਼ਕਲ ਝੱਲਣ ਦੀ ਅਪੀਲ ਕੀਤੀ। ਉਹਨਾਂ ਭਾਵਕ ਹੁੰਦਿਆਂ ਕਿਹਾ ਕਿ ਜੇਕਰ ਮੈਂ 50 ਦਿਨਾਂ 'ਚ ਦੇਸ਼ ਦੇ ਹਾਲਾਤ ਸੁਧਾਰ ਨਾ ਸਕਿਆ ਤਾਂ ਜੋ ਚਾਹੋ ਸਜਾ ਦੇ ਦੇਣਾ। ਜਿੱਥੋਂ ਤੱਕ ਕਾਲ਼ਾ ਬਜ਼ਾਰੀਆਂ, ਭ੍ਰਿਸ਼ਟ ਨੌਕਰਸ਼ਾਹਾਂ, ਉਦਯੋਗਕ ਘਰਾਣਿਆਂ ਜਾਂ ਬੇਈਮਾਨ ਨੇਤਾਵਾਂ ਕੋਲ਼ ਛੁਪਾ ਕੇ ਰੱਖਿਆ ਕਾਲ਼ਾ ਧਨ ਬਾਹਰ ਕਢਵਾਉਣ ਦੀ ਗੱਲ ਹੈ ਇਸ ਬਾਰੇ ਬਹੁਤੇ ਲੋਕ ਸਹਿਮਤ ਹਨ ਕਿ ਉਸਨੂੰ ਬਾਹਰ ਲਿਆਂਦਾ ਜਾਣਾ ਚਾਹੀਦਾ ਹੈ ਅਤੇ ਅਜਿਹਾ ਕਰਨ ਵਾਲ਼ਿਆਂ ਨੂੰ ਸਜ਼ਾਵਾਂ ਵੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਅਗਾਂਹ ਤੋਂ ਅਜਿਹਾ ਪ੍ਰਬੰਧ ਵੀ ਕੀਤਾ ਜਾਣਾ ਚਾਹੀਦਾ ਹੈ ਕਿ ਕੋਈ ਵਿਅਕਤੀ ਜ਼ਿਆਦਾ ਧਨ ਆਪਣੇ ਪਾਸ ਰੱਖੇ ਹੀ ਨਾ।

ਸਰਕਾਰ ਦੀ ਗੱਲ ਠੀਕ ਹੈ ਕਿ ਕੁੱਝ ਵਿਅਕਤੀਆਂ ਕੋਲ਼ ਅਥਾਹ ਕਾਲ਼ਾ ਧਨ ਜਮ੍ਹਾਂ ਹੈ। ਇਹ ਗੱਲ ਵੀ ਠੀਕ ਹੋ ਸਕਦੀ ਹੈ ਕਿ ਗੁਆਂਢੀ ਮੁਲਕ ਵੱਲੋਂ ਜ਼ਾਅਲੀ ਕਰੰਸੀ ਤਿਆਰ ਕੀਤੀ ਜਾਂਦੀ ਹੈ। ਇਸ 'ਤੇ ਨਕੇਲ ਕਸਣੀ ਜ਼ਰੂਰੀ ਵੀ ਹੈ। ਪਰ ਸਰਕਾਰ ਦੇ ਕਿਸੇ ਵੀ ਕਦਮ ਨਾਲ਼ ਆਮ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਹੋਵੇ ਇਸ ਦਾ ਸਰਕਾਰ ਵੱਲੋਂ ਪਹਿਲਾਂ ਹੀ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਲੋਕਤੰਤਰੀ ਢਾਂਚੇ ਵਿੱਚ ਸਰਕਾਰ ਲੋਕਾਂ ਦੀ ਭਲਾਈ ਲਈ ਹੁੰਦੀ ਹੈ ਜੋ ਲੋਕਾਂ ਦੁਆਰਾ ਹੀ ਸੰਚਾਲਤ ਹੁੰਦੀ ਹੈ। ਜੇਕਰ ਲੋਕਤੰਤਰੀ ਢਾਂਚੇ ਵਿੱਚ ਸਰਕਾਰ ਦੇ ਉਠਾਏ ਕਿਸੇ ਕਦਮ ਨਾਲ਼ ਆਮ ਬੇਗੁਨਾਹ ਲੋਕ ਹੀ ਪਿਸ ਜਾਣ ਤਾਂ ਇਹ ਕੇਹਾ ਲੋਕਤੰਤਰ ਹੋਇਆ? ਹੁਣੇ ਹੀ ਭਾਰਤੀ ਜਨਤਾ ਪਾਰਟੀ ਦੇ ਇੱਕ ਨੇਤਾ ਜੀ. ਜਨਾਰਧਨ ਰੈਡੀ ਦੀ ਬੇਟੀ ਬ੍ਰਹਿਮਨੀ ਦੀ ਸ਼ਾਦੀ ਦੀ ਖ਼ਬਰ ਆ ਰਹੀ ਹੈ। ਲੜਕੀ ਦੁਆਰਾ ਆਪਣੀ ਸ਼ਾਦੀ ਸਮੇਂ 17 ਕਰੋੜ ਦੀ ਸਾੜ੍ਹੀ ਅਤੇ 90 ਕਰੋੜ ਦੇ ਗਹਿਣੇ ਪਹਿਨੇ ਜਾਣ ਦੀ ਵੀ ਖ਼ਬਰ ਹੈ। ਕਹਿੰਦੇ ਹਨ ਕਿ ਵਿਆਹ ਵਿੱਚ 50,000 ਵੀ.ਆਈ.ਪੀ. ਮਹਿਮਾਨਾਂ ਦੇ ਪਹੁੰਚਣ ਦੀ ਸੰਭਾਵਨਾ ਹੈ। ਇਸ ਵਿਆਹ 'ਤੇ 500 ਕਰੋੜ ਰੁਪਏ ਖ਼ਰਚ ਹੋਣ ਦਾ ਅਨੁਮਾਨ ਹੈ। ਵਿਆਹ 'ਤੇ ਪੁਰਾਣੇ ਨੋਟ ਤਾਂ ਚੱਲਣਗੇ ਨਹੀਂ ਇਸ ਲਈ ਕਹਿੰਦੇ ਹਨ ਕਿ ਖਰਚੇ ਲਈ ਚੈੱਕਾਂ ਨਾਲ਼ ਹੀ ਲੈਣ-ਦੇਣ ਕੀਤਾ ਜਾਵੇਗਾ। ਭਾਵੇਂ ਲੈਣ-ਦੇਣ ਬੈਂਕਾਂ ਰਾਹੀਂ ਹੋਵੇਗਾ ਪਰ ਕੀ ਵਿਆਹ 'ਤੇ ਖਰਚ ਹੋਣ ਵਾਲ਼ਾ ਪੈਸਾ ਕਾਲ਼ਾ ਧਨ ਨਹੀਂ ਹੈ?

ਭਾਰਤ ਦੀ ਅਰਥ ਵਿਵਸਥਾ ਨੂੰ ਕੰਟਰੋਲ ਕਰਨ ਵਾਲ਼ਿਆਂ ਦਾ ਪੂਰਾ ਰਿਕਾਰਡ ਫਰੋਲਿਆ ਜਾਵੇ ਤਾਂ ਇਹ ਤੱਥ ਸਾਹਮਣੇ ਆਉਣਗੇ ਕਿ ਦੇਸ਼ ਦਾ 53% ਸਰਮਾਇਆ ਸਿਰਫ਼ 1% ਲੋਕਾਂ ਕੋਲ਼ ਹੈ। ਬਾਕੀ 99% ਲੋਕ ਸਿਰਫ਼ 47% ਧਨ ਨਾਲ਼ ਕੰਮ ਚਲਾ ਰਹੇ ਹਨ। ਸਿਰਫ਼ 57 ਬੰਦੇ ਹੀ ਬੈਂਕਾਂ ਦਾ 85 ਹਜ਼ਾਰ ਕਰੋੜ ਰੁਪਿਆ ਦੱਬੀ ਬੈਠੇ ਹਨ। ਐਸ.ਬੀ.ਆਈ. ਨੇ ਹੁਣੇ ਹੀ 63 ਡਿਫਾਲਟਰਾਂ ਵੱਲ ਬਕਾਇਆ 7 ਹਜ਼ਾਰ ਕਰੋੜ ਰੁਪਏ ਨੂੰ ਬੱਟੇ ਖਾਤੇ ਦੀ ਸੂਚੀ ਵਿੱਚ ਪਾਇਆ ਹੈ। ਮਤਲਬ ਇਹਨਾਂ ਤੋਂ ਪੈਸਾ ਵਾਪਸ ਮੁੜਨ ਦੀ ਕੋਈ ਸੰਭਾਵਨਾ ਨਹੀਂ ਬਚੀ। ਇਸ ਸੂਚੀ ਵਿੱਚ ਵਿਜੇ ਮਾਲੀਆ ਦਾ ਨਾਂਅ ਵੀ ਆਉਂਦਾ। ਸੁਪਰੀਮ ਕੋਰਟ ਨੇ ਇਹਨਾਂ ਡਿਫਾਲਟਰ ਲੋਕਾਂ ਦੀ ਸੂਚੀ ਜਨਤਕ ਨਾ ਕੀਤੇ ਜਾਣ ਦਾ ਕਾਰਨ ਪੁੱਛਿਆ ਤਾਂ ਸਰਕਾਰ ਨੇ ਇਹ ਕਹਿੰਦਿਆਂ ਸੂਚੀ ਜਨਤਕ ਕੀਤੇ ਜਾਣ ਤੋਂ ਅਸਮਰੱਥਾ ਜਤਾਈ ਕਿ ਅਜਿਹਾ ਕਰਨ ਨਾਲ਼ ਉਦਯੋਗਕ ਘਰਾਣੇ ਪ੍ਰਭਾਵਤ ਹੋਣਗੇ ਤੇ ਦੇਸ਼ ਦੀ ਅਰਥ ਵਿਵਸਥਾ ਲੜਖੜਾ ਸਕਦੀ ਹੈ।

ਆਮ ਲੋਕਾਂ ਨੂੰ ਥੋੜ੍ਹੀ-ਬਹੁਤੀ ਪ੍ਰੇਸ਼ਾਨੀ ਹੋਣ ਨਾਲ਼ ਜੇਕਰ ਦੇਸ਼ ਦੇ ਪ੍ਰਬੰਧ ਵਿੱਚ ਸੁਧਾਰ ਆਉਣ ਦੀ ਸੰਭਾਵਨਾ ਹੋਵੇ ਤਾਂ ਲੋਕ ਅਸਾਨੀ ਨਾਲ਼ ਮੁਸ਼ਕਲਾਂ ਹੱਸ ਕੇ ਸਹਿ ਸਕਦੇ ਹਨ। ਪਰ ਭਾਜਪਾ ਅਤੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਵਾਅਦਿਆਂ 'ਤੇ ਭਰੋਸਾ ਕਰਨਾ ਮੁਸ਼ਕਲ ਹੈ। ਜਦੋਂ 2014 ਦੀਆਂ ਆਮ ਚੋਣਾਂ ਦੌਰਾਨ ਸ੍ਰੀ ਨਰੇਂਦਰ ਮੋਦੀ ਬੋਲਿਆ ਕਰਦੇ ਸਨ ਤਾਂ ਵਾਅਦਾ ਕਰਦਿਆਂ 'ਅੱਛੇ ਦਿਨ ਆਨੇ ਵਾਲੇ ਹੈਂ" ਦਾ ਨਾਅਰਾ ਲਾਇਆ ਕਰਦੇ ਸਨ। ਵਿਦੇਸ਼ਾਂ ਵਿੱਚ ਰੱਖੇ ਕਾਲ਼ੇ ਧਨ ਬਾਰੇ ਉਹ ਕਿਹਾ ਕਰਦੇ ਸਨ ਕਿ ਇਸ ਧਨ ਨੂੰ ਮੈਂ ਵਾਪਸ ਲੈ ਕੇ ਆਵਾਂਗਾ। ਉਹ ਇਸ ਹੱਦ ਤੱਕ ਚਲੇ ਜਾਂਦੇ ਸਨ ਕਿ ਕਹਿੰਦੇ ਸਨ ਕਿ ਜੇਕਰ 100 ਦਿਨਾਂ ਵਿੱਚ ਕਾਲ਼ਾ ਧਨ ਵਾਪਸ ਨਾ ਲਿਆ ਸਕਿਆ ਤਾਂ ਮੈਨੂੰ ਫਾਂਸੀ ਦੇ ਦੇਣਾ। ਉਹ ਕਿਹਾ ਕਰਦੇ ਸਨ ਕਿ ਵਿਦੇਸ਼ਾਂ ਵਿੱਚ ਭਾਰਤੀਆਂ ਦਾ ਇੰਨਾ ਕਾਲ਼ਾ ਧਨ ਪਿਆ ਹੈ ਕਿ ਉਸਦੇ ਵਾਪਸ ਆਉਣ ਨਾਲ਼ ਇੱਕ-ਇੱਕ ਵਿਅਕਤੀ ਦੇ ਖਾਤੇ ਵਿੱਚ 15-15 ਲੱਖ ਰੁਪਿਆ ਜਮ੍ਹਾਂ ਹੋ ਜਾਵੇਗਾ। ਜਦੋਂ ਕਾਫ਼ੀ ਸਮਾਂ ਲੰਘਣ 'ਤੇ ਵੀ ਕੁੱਝ ਨਹੀਂ ਹੋਇਆ ਤਾਂ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਨੇ ਕਹਿ ਦਿੱਤਾ ਕਿ 15 ਲੱਖ ਦਾ ਵਾਅਦਾ ਤਾਂ ਚੁਣਾਵੀ ਜੁਮਲਾ ਸੀ।

ਜੇਕਰ ਸਰਕਾਰ ਦੀ ਮਨਸਾ ਹੋਵੇ ਤਾਂ ਕਾਲ਼ੇ ਧਨ 'ਤੇ ਅਸਾਨੀ ਨਾਲ਼ ਹੀ ਕਾਬੂ ਪਾਇਆ ਜਾ ਸਕਦਾ ਹੈ। ਪਰ ਬਹੁਤੀਆਂ ਸਿਆਸੀ ਪਾਰਟੀਆਂ ਹੀ ਅਜਿਹਾ ਨਹੀਂ ਚਾਹੁੰਦੀਆਂ ਕਿਉਂਕਿ ਇਸ ਕਾਲ਼ੇ ਧਨ ਦੀ ਚਮਕ ਨਾਲ਼ ਹੀ ਬਹੁਜਨ ਸਮਾਜ ਦੇ ਲੋਕਾਂ ਨੂੰ ਮੂਰਖ ਬਣਾ ਕੇ ਉਹਨਾਂ ਨੇ ਚੋਣਾਂ ਲੜ ਕੇ ਸੱਤਾ ਵਿੱਚ ਆਉਣਾ ਹੁੰਦਾ ਹੈ। ਫਿਰ ਸੱਤਾ ਵਿੱਚ ਆ ਕੇ ਧਨ ਦੇਣ ਵਾਲ਼ੇ ਸਰਮਾਏਦਾਰਾਂ ਨੂੰ ਹੋਰ ਕਾਲ਼ਾ ਧਨ ਜਮ੍ਹਾਂ ਕਰਨ ਦੀ ਖੁੱਲ੍ਹ ਦੇਣੀ ਹੁੰਦੀ ਹੈ ਤੇ ਆਪਣੀਆਂ ਅਗਲੀਆਂ ਪੀੜ੍ਹੀਆਂ ਲਈ ਵੀ ਪੈਸਾ ਜੋੜਨਾ ਹੁੰਦਾ ਹੈ। ਜੇਕਰ ਕੋਈ ਇੱਕ-ਅੱਧਾ ਲੀਡਰ ਪੈਸਾ ਇਕੱਠਾ ਨਹੀਂ ਵੀ ਕਰਦਾ ਤਾਂ ਵੀ ਉਹ ਅਗਲੀਆਂ ਚੋਣਾਂ ਜਿੱਤਣ ਲਈ ਉਦਯੋਗਪਤੀਆਂ ਦੇ ਕਾਲ਼ੇ ਧਨ ਦਾ ਸਹਾਰਾ ਲੈਂਦਾ ਹੈ। ਬਾਅਦ ਵਿੱਚ ਉਹਨਾਂ ਨੂੰ ਪੈਸਾ ਇਕੱਠਾ ਕਰਨ ਦੀ ਛੋਟ ਵੀ ਦਿੰਦਾ ਹੈ। ਕਾਲ਼ਾ ਧਨ ਇਕੱਤਰ ਕਰਨ ਦਾ ਇਹ ਮਾਮਲਾ ਅੱਜ ਹੀ ਸ਼ੁਰੂ ਨਹੀਂ ਹੋਇਆ ਬਲਕਿ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਸਮੇਂ ਤੋਂ ਹੀ ਅਜਿਹਾ ਹੋਣਾ ਸ਼ੁਰੂ ਹੋ ਗਿਆ ਸੀ। ਕਹਿੰਦੇ ਹਨ ਕਿ ਇੱਕ ਵਾਰੀ ਨਹਿਰੂ ਜੀ ਨੂੰ ਸ਼ਿਕਾਇਤ ਕੀਤੀ ਗਈ ਕਿ ਕੁੱਝ ਲੋਕ ਵਾਧੂ ਪੈਸਾ ਇਕੱਠਾ ਕਰ

(ਬਾਕੀ ਅਗਲੇ ਸਫੇ ਤੇ)

# ਵਰਤਮਾਨ ਦੇ ਮਸਲਿਆਂ ਦੇ ਸਨਮੁੱਖ-ਆਤੂ ਖੋਜੀ



ਸੁਰਿੰਦਰ ਸੋਹਲ
surindersohal@hotmail.com


ਕੋਈ ਅਠਾਰਾਂ ਵਰ੍ਹੇ ਪਹਿਲਾਂ ਮੈਨੂੰ ਖ਼ਿਆਲ ਆਇਆ ਸੀ ਕਿ ਕੋਈ ਅਜਿਹੀ ਕਹਾਣੀ ਲਿਖੀ ਜਾਵੇ, ਜਿਸ ਦਾ ਮੁੱਖ ਪਾਤਰ 'ਖੋਜੀ' ਹੋਵੇ। ਮੇਰੇ ਮਨ ਵਿਚ ਇਹ ਉਤਸੁਕਤਾ ਸੀ ਕਿ ਖੋਜੀ ਪੈੜ ਨੱਪਦੇ ਕਿਵੇਂ ਨੇ? ਪੈੜ ਪਛਾਣਦੇ ਕਿਵੇਂ ਨੇ? ਉਹਨਾਂ ਵਿਚ ਏਨਾ ਆਤਮ ਵਿਸ਼ਵਾਸ ਕਿਥੋਂ ਆ ਜਾਂਦਾ ਹੈ ਕਿ ਉਹਨਾਂ ਨੇ ਸਹੀ ਮੁਜਰਮ ਨੂੰ ਹੱਥ ਪਾਇਆ ਹੈ? ਉਹਨਾਂ ਦੀ ਅੱਖ ਵਿਚ ਅਜਿਹੀ ਕਿਹੜੀ ਲੋਅ ਹੈ, ਜਿਸ ਨਾਲ ਉਹ ਪੈਰਾਂ ਦੀ ਵੱਖਰਤਾ ਨੂੰ ਭਾਂਪ ਲੈਂਦੇ ਨੇ? ਮੈਂ ਆਪਣੇ ਹਮਜਮਾਤੀ ਕਮਲਜੀਤ ਸਿੰਘ ਥਿੰਦ ਨਾਲ ਗੱਲ ਕੀਤੀ। ਉਸ ਨੇ ਦੱਸਿਆ ਕਿ ਉਸਦਾ ਇਕ ਖੋਜੀ ਵਾਕਿਫ਼ ਸੀ। ਖੋਜੀ ਕਮਲਜੀਤ ਨੂੰ ਟੱਕਰਿਆ ਨਾ। ਸਾਡਾ ਕਾਲਜ ਦਾ ਸਮਾਂ ਪੂਰਾ ਹੋ ਗਿਆ ਤੇ ਸਾਰਾ ਕੁਝ ਸਮੇਂ ਦੇ ਵਹਾ ਵਿਚ ਕਿਧਰੇ ਰੁੜ ਪੁੜ ਗਿਆ।

ਜਦੋਂ ਗੁਰਮੀਤ ਕੜਿਆਲਵੀ ਦੇ ਕਹਾਣੀ ਸੰਗ੍ਰਹਿ 'ਆਤੂ ਖੋਜੀ' ਛਪਣ ਦੀ ਕੰਨਸੋਅ ਫੈਲੀ ਤਾਂ ਮੈਨੂੰ ਲੱਗਿਆ, ਜਿਵੇਂ ਮੇਰਾ ਆਪਣਾ ਸੁਪਨਾ ਪੂਰਾ ਹੋ ਗਿਆ ਹੋਵੇ। ਇਹ ਸੰਗ੍ਰਹਿ ਮੈਨੂੰ ਆਪਣਾ ਆਪਣਾ ਲੱਗਣ ਲੱਗ ਪਿਆ ਸੀ। ਗੁਰਮੀਤ ਨਾਲ ਮੇਰੀ ਕੋਈ ਨਿੱਜੀ ਸਾਂਝ ਨਹੀਂ ਹੈ। ਇਕ ਵਾਰ ਮੈਂ ਉਸਨੂੰ ਕਹਾਣੀਕਾਰ ਦੇਸ ਰਾਜ ਕਾਲੀ ਦੇ ਘਰ (ਪਿੰਡ ਮਿੱਠਾਪੁਰ) ਵਿਚ ਮਿਲਿਆ ਸਾਂ। ਦੂਜੀ ਵਾਰ ਕਰਤਾਰਪੁਰ ਇਕ ਪੁਸਤਕ ਮੇਲੇ ਵਿਚ। ਉਸਨੇ ਕਿਤਾਬਾਂ ਦਾ ਸਟਾਲ ਲਾਇਆ ਹੋਇਆ ਸੀ। ਹੱਥ ਮਿਲਾ ਕੇ 'ਹਾਲ-ਚਾਲ' ਪੁੱਛ ਕੇ ਅਸੀਂ ਵੱਖ ਹੋ ਗਏ ਸਾਂ। ਇਹ ਆਖਰੀ ਮੁਲਾਕਾਤ ਨੂੰ ਵੀ ਹੁਣ ਤੱਕ ਪੂਰੇ ਵੀਹ ਸਾਲ ਹੋ ਗਏ ਹਨ। ਇਸ ਤੋਂ ਵੱਧ ਉਸ ਨਾਲ ਮੇਰੀ ਕੋਈ ਜਾਣ-ਪਛਾਣ ਨਹੀਂ। ਉਦੋਂ ਮੈਨੂੰ ਗੁਰਮੀਤ ਕੜਿਆਵਲੀ ਤੇ ਗੁਰਮੀਤ ਕੱਲਰਮਾਜਰੀ ਦਾ ਏਨਾਂ ਹੀ ਭੁਲੇਖਾ ਪੈਂਦਾ ਹੁੰਦਾ ਸੀ, ਜਿਵੇਂ ਨਾਵਲਕਾਰ ਗੁਰਦਿਆਲ ਸਿੰਘ ਤੇ ਨਾਟਕਕਾਰ ਗੁਰਦਿਆਲ ਸਿੰਘ ਫੁੱਲ ਦਾ ਆਮ ਲੋਕੀ ਭੁਲੇਖਾ ਖਾ ਜਾਂਦੇ ਹਨ।

ਇਕ ਵਾਰ (ਸੰਨ 2007) ਡਾ. ਬਲਦੇਵ ਸਿੰਘ ਧਾਲੀਵਾਲ ਅਮਰੀਕਾ ਫੇਰੀ ਵੇਲੇ ਮੇਰੇ ਕੋਲ ਦਸ ਕੁ ਦਿਨ ਠਹਿਰੇ ਸਨ। ਮੇਰੇ ਇਹ ਦਿਨ ਇੰਝ ਲੰਘੇ ਸਨ, ਜਿਵੇਂ ਮੈਂ ਸਾਹਿਤ ਦੀਆਂ ਕਲਾਸਾਂ ਲਗਾ ਰਿਹਾ ਹੋਵਾਂ। ਗੱਲਾਂ ਗੱਲਾਂ ਵਿਚ ਉਹਨਾਂ ਨੇ 'ਆਤੂ ਖੋਜੀ' ਕਹਾਣੀ ਦਾ ਜ਼ਿਕਰ ਬੜੇ ਉਚੇਚ ਅਤੇ ਬੜੀ ਦਿਲਚਸਪੀ ਨਾਲ ਕੀਤਾ ਸੀ।

ਮੈਂ ਗੁਰਮੀਤ ਦੀ ਕਹਾਣੀ 'ਰੂੜੀ' ਪਹਿਲਾਂ ਪੜ੍ਹੀ ਹੋਈ ਸੀ ਤੇ ਇਸ ਤੋਂ ਬੇਹੱਦ ਮੁਤਾਸਿਰ ਹੋਇਆ ਸਾਂ। ਪਿੰਡ ਦੀ ਰੂੜੀ ਸੁੱਟਣ ਵਾਲੀ ਥਾਂ 'ਤੇ ਕਬਜ਼ਾ ਕਰਕੇ ਉਸ ਥਾਂ ਨੂੰ ਲੱਖਾਂ ਵਿਚ ਵੇਚਣ ਦੀ ਲਾਲਸਾ ਨੂੰ ਲੈ ਕੇ ਪਿੰਡ ਦੀ ਰਾਜਨੀਤੀ ਨੂੰ ਬਹੁਤ ਬਾਰੀਕਬੀਨੀ ਨਾਲ ਪੇਸ਼ ਕੀਤਾ ਗਿਆ ਸੀ। ਉਦੋਂ ਮੈਨੂੰ ਇਸ ਕਹਾਣੀ ਦੇ ਅਰਥ ਫੈਲਦੇ ਮਹਿਸੂਸ ਹੋਏ ਸਨ। ਪਿੰਡ ਨਿਰਾ ਪਿੰਡ ਨਹੀਂ ਸੀ, ਪਿੰਡ ਦੀ ਰਾਜਨੀਤੀ ਸ਼ਹਿਰ ਤੇ ਏਥੋਂ ਤੱਕ ਕਿ ਮੁਲਕ ਦੀ ਗੰਦੀ ਰਾਜਨੀਤੀ ਦਾ ਪ੍ਰਤੀਕ ਬਣ ਕੇ ਉਭਰ ਰਹੀ ਸੀ।

ਖ਼ੈਰ! ਇਕ ਦਿਨ 'ਆਤੂ ਖੋਜੀ' ਕਹਾਣੀ ਸੰਗ੍ਰਹਿ ਮੇਰੇ ਤੱਕ ਪਹੁੰਚ ਗਿਆ। ਮੈਂ ਸਭ ਤੋਂ ਪਹਿਲਾਂ ਕਹਾਣੀ 'ਆਤੂ ਖੋਜੀ' ਪੜ੍ਹੀ। ਆਪਣੇ ਕੰਮ ਨੂੰ ਹੀ ਧਰਮ ਸਮਝਣ ਵਾਲੇ ਅਤੇ ਕੰਮ ਨੂੰ ਸਿਰਫ਼ ਨੋਟ ਕਮਾਉਣ ਦਾ ਸਾਧਨ ਸਮਝਣ ਵਾਲੇ ਲੋਕਾਂ ਦੇ ਹਾਲਾਤ, ਉਹਨਾਂ ਦੀ ਮਾਨਸਿਕਤਾ, ਉਹਨਾਂ ਦਾ ਜ਼ਿੰਦਗੀ ਪ੍ਰਤੀ ਆਪੋ ਆਪਣਾ ਰਵੱਈਆ, ਆਪੋ ਆਪਣਾ 'ਸੱਚ' ਲੇਖਕ ਨੇ ਏਨੇ






ਪ੍ਰਭਾਵਸ਼ਾਲੀ ਢੰਗ ਨਾਲ ਬਿਆਨਿਆ ਸੀ ਕਿ ਉਸਨੂੰ ਪੜ੍ਹ ਕੇ ਹੀ ਅਨੁਭਵ ਕੀਤਾ ਜਾ ਸਕਦਾ ਸੀ। ਆਤੂ ਖੋਜੀ ਦਾ ਪਿਛੋਕੜ, ਉਸਦੀ ਕੰਮ ਪ੍ਰਤੀ ਸੁਹਿਰਦਤਾ, ਸਮੱਰਪਣ ਦੀ ਭਾਵਨਾ ਪਾਠਕ ਦੀ ਸੋਚ ਨੂੰ ਝੰਜੋੜਦੀ ਹੈ।

ਆਤੂ ਖੋਜੀ ਜਦੋਂ ਚੋਰ ਦੀ ਪੈੜ ਨੱਪਦਾ ਨੱਪਦਾ ਤੁਰਿਆ ਜਾਂਦਾ ਸੀ, ਮੈਂ ਜਿਵੇਂ ਉਸਦੇ ਨਾਲ ਨਾਲ ਤੁਰਿਆ ਜਾ ਰਿਹਾ ਸਾਂ।

ਫਿਰ ਮੈਂ ਕਹਾਣੀਆਂ ਵਾਰੀ ਸਿਰ ਪੜ੍ਹੀਆਂ-'ਤਾਰਾ ਚਿੱਬ ਕੱਢ', 'ਟਾਪੂ', 'ਦਲਦਲ', 'ਅੰਨ੍ਹੀ ਗਲੀ', 'ਡੋਬਾ', 'ਕਾਰਗੁਜ਼ਾਰੀ', 'ਦਰਅਸਲ', 'ਨਦੀ ਦੇ ਆਰ-ਪਾਰ'। 'ਰੂੜੀ' ਨੂੰ ਮੈਂ ਪੜ੍ਹੀ ਹੋਣ ਕਰਕੇ ਛੱਡ ਗਿਆ ਸਾਂ ਤੇ ਅੰਤ ਵਿਚ ਪੜ੍ਹਿਆ। 'ਦਲਦਲ' ਕਹਾਣੀ ਪੰਜਾਬ ਵਿਚ ਫੈਲੇ ਡੇਰਿਆਂ ਦੀ ਅੰਦਰਲੀ ਜ਼ਿੰਦਗੀ ਦੀ ਝਾਤ ਪੁਆਉਂਦੀ ਹੈ। ਔਰਤ ਦੇ ਮਾਨਸਿਕ ਤੇ ਸਰੀਰਕ ਸ਼ੋਸ਼ਣ ਦੀ ਬਾਤ ਪਾਉਂਦੀ ਹੋਈ ਜਿਵੇਂ ਹਾਅ ਦਾ ਨਾਅਰਾ ਮਾਰਦੀ ਹੈ ਕਿ ਅਸੀਂ ਇਸ ਦਲਦਲ ਵਿਚੋਂ ਆਖਰ ਕਦੋਂ ਨਿਕਲਾਂਗੇ। ਧਰਮ ਦੇ ਪਰਦੇ ਹੇਠ ਪਨਪਦੇ ਕੁਕਰਮ ਜਦੋਂ ਪਰਗਟ ਹੁੰਦੇ ਹਨ ਤਾਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ।

'ਅੰਨ੍ਹੀ ਗਲੀ' ਭਾਰਤੀ ਲੋਕਤੰਤਰ ਦੀ ਵੋਟ-ਪ੍ਰਣਾਲੀ ਦੇ ਖੋਖਲੇਪਨ ਨੂੰ ਰੂਪਮਾਨ ਕਰਦੀ ਹੈ। ਜਿਹੜੇ ਲੋਕ ਸੱਚੇ ਦਿਲੋਂ ਕੁਝ ਕਰ ਗੁਜ਼ਰਨਾ ਚਾਹੁੰਦੇ ਹਨ, ਉਹਨਾਂ ਦੀ ਹਾਰ 'ਤੇ ਹੰਝੂ ਕੇਰਦੀ ਹੈ ਤੇ ਵੋਟਾਂ ਲੈਣ ਲਈ ਅਪਰਾਧਿਕ ਅਨਸਰਾਂ ਵਲੋਂ ਵਰਤੇ ਜਾਂਦੇ ਹਰਬਿਆਂ ਦੇ ਪਰਦੇ ਚਾਕ ਕਰਦੀ ਹੈ।

'ਨਦੀ ਦੇ ਆਰ-ਪਾਰ' ਕਹਾਣੀ ਵਿਚ ਲੇਖਕ ਨੇ ਅਤਿ ਸੂਖਮ ਵਿਸ਼ੇ ਨੂੰ ਬੇਹੱਦ ਕਲਾਤਮਕ ਅੰਦਾਜ਼ ਵਿਚ ਬੜੀ ਸਫਲਤਾ ਨਾਲ ਪੇਸ਼ ਕੀਤਾ ਹੈ। 'ਸਹੁਰੇ ਦਾ ਸੀਮਨ' ਲੈ ਕੇ 'ਨੂੰਹ ਦੀ ਕੁੱਖ ਵਿਚ ਇੰਜੈਕਟ' ਕੀਤਾ ਜਾਂਦਾ ਹੈ। ਉਸ ਤੋਂ ਬਾਅਦ ਰਿਸ਼ਤਿਆਂ ਦੀਆਂ ਬਦਲਦੀਆਂ ਸਮੀਕਰਣਾਂ ਨੂੰ ਮਨੋਵਿਗਿਆਨਕ ਅੰਦਾਜ਼ ਵਿਚ ਲੇਖਕ ਨੇ ਏਨੀ ਸੂਖਮਤਾ ਨਾਲ ਪੇਸ਼ ਕੀਤਾ ਹੈ ਕਿ ਪਾਠਕ ਕੰਬ ਹੀ ਜਾਂਦਾ ਹੈ ਕਿ ਵਿ-ਗਆਨਕ ਤਰੱਕੀ ਮਨੁੱਖ ਲਈ ਵਰ ਸਾਬਿਤ ਹੋ ਰਹੀ ਹੈ ਕਿ ਸਰਾਪ। ਵਿਗਿਆਨਕ ਤਰੱਕੀ ਨਾਲ ਸਮਾਜ ਵਿਗਿਆਨ ਅਜਿਹੇ ਰਿਸ਼ਤਿਆਂ ਨੂੰ ਕੀ ਨਾਂ ਦੇਵੇ, ਜਿਹੜੇ ਰਾਤੋ-ਰਾਤ ਬਦਲਦੇ ਜਾ ਰਹੇ ਹਨ।

'ਰੂੜੀ' ਕਹਾਣੀ ਮੈਂ ਸਭ ਤੋਂ ਅਖੀਰ ਵਿਚ ਪੜ੍ਹੀ ਸੀ। ਇਸ ਦਾ ਪਾਠ ਦੂਜੀ ਵਾਰ ਹੋਇਆ ਸੀ। ਇਸ ਦੇ ਅਰਥ ਪਹਿਲਾਂ ਨਾਲੋਂ ਵੀ ਵਧੇਰੇ ਫੈਲਦੇ ਜਾਪੇ।

ਅੱਜ ਜਦੋਂ ਹਿੰਦੋਸਤਾਨ ਵਿਚ ਵੀ ਕਿਸਾਨਾਂ ਦੀ ਜ਼ਮੀਨ ਨੂੰ ਸਰਕਾਰ ਆਪਣੇ ਦਮਨ ਨਾਲ ਕਬਜ਼ੇ ਹੇਠ ਲੈਣ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਕਹਾਣੀ ਦੀ ਸਾਰਥਕਤਾ ਵਧੇਰੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਉਭਰਦੀ ਹੈ।

'ਆਤੂ ਖੋਜੀ' ਸੰਗ੍ਰਹਿ ਦੀਆਂ ਕਹਾਣੀਆਂ ਦਾ ਸਰੋਕਾਰ ਵਰਤਮਾਨ ਜ਼ਿੰਦਗੀ ਨਾਲ ਹੈ। ਲੇਖਕ ਅੱਜ ਦੀਆਂ ਸਮੱਸਿਆਵਾਂ ਨਾਲ ਦੋ ਦੋ ਹੱਥ ਹੁੰਦਾ ਹੈ। ਬਿਜਲਈ ਸਾਧਨਾ, ਸਰਕਾਰੀ ਇਸ਼ਤਿਹਾਰਾਂ ਰਾਹੀਂ ਹਿੰਦੋਸਤਾਨ ਦੀ ਪ੍ਰਗਤੀ ਦਰ, ਖੁਸ਼ਹਾਲੀ ਦੀ ਦਰ ਦਾ ਨਿੱਤ ਪਰਚਾਰ ਕੀਤਾ ਜਾਂਦਾ ਹੈ, ਪਰ ਗੁਰਮੀਤ ਕੜਿਆਲਵੀ ਨੇ ਉਥੋਂ ਦੀ ਸਹੀ ਤਸਵੀਰ ਪੇਸ਼ ਕੀਤੀ ਹੈ। ਮੁਕਦੀ ਗੱਲ ਗੁਰਮੀਤ ਨੂੰ ਕਹਾਣੀ ਕਹਿਣੀ ਆਉਂਦੀ ਹੈ। ਇਹ ਕਿਤਾਬ ਪੜ੍ਹ ਕੇ ਹੁਣ ਮੈਂ ਕਦੇ ਗੁਰਮੀਤ ਕੜਿਆਲਵੀ ਦੇ ਨਾਂ ਬਾਰੇ ਵੀ ਭੁਲੇਖਾ ਨਹੀਂ ਖਾਵਾਂਗਾ।

**ਉੱਡਦੀ ਉੱਡਦੀ ਗੱਲ...**

ਪੰਜਾਬੀ ਸ਼ਾਇਰ ਗੁਰਚਰਨ ਰਾਮਪੁਰੀ ਕੰਜੂਸੀ ਕਰਕੇ ਮਸ਼ਹੂਰ ਹੈ। ਇਕ ਵਾਰ ਉਹ ਯਾਰਾਂ ਵਿਚ ਬੈਠਾ ਸੀ। ਸਭ ਨੇ ਸਲਾਹ ਕੀਤੀ, ਥੋੜ੍ਹੇ ਥੋੜ੍ਹੇ ਪੈਸੇ ਪਾ ਕੇ ਬੋਤਲ ਮੰਗਵਾਈ ਜਾਵੇ। ਜ਼ਰਾ ਜਸ਼ਨ ਹੋ ਜਾਵੇ। ਰਾਮਪੁਰੀ ਨੇ ਦੋਵੇਂ ਹੱਥ ਪਿਛਾਂਹ ਕਰ ਲਏ ਅਤੇ ਅਗਾਂਹ ਹੋ ਕੇ ਕਿਹਾ,'ਯਾਰ ਆਪਣੀ ਜੇਬ ਵਿਚੋਂ ਪੈਸੇ ਕੱਢਣ ਦਾ ਮੇਰਾ ਹੌਸਲਾ ਨਈਂ ਪੈਂਦਾ। ਤੁਸੀਂ ਆਪੇ ਮੇਰੀ ਕਮੀਜ਼ ਦੀ ਜੇਬ ਵਿਚੋਂ ਪੈਸੇ ਕੱਢ ਲਓ।'

ਸੁਰਜੀਤ ਪਾਤਰ ਨੂੰ ਪਿਛਲੇ ਦਿਨੀਂ ਕਿਸੇ ਨੇ ਪੁੱਛਿਆ,'ਹੋਰ ਪਾਤਰ ਸਾਹਿਬ ਅੱਜ ਕੱਲ੍ਹ ਕੀ ਲਿਖ ਰਹੇ ਹੋ?'

ਪਾਤਰ ਨੇ ਜਵਾਬ ਦਿੱਤਾ,'ਨਵਾਂ ਤਾਂ ਕੁਝ ਨਹੀਂ ਲਿਖਿਆ। ਹਾਂ, ਇਕ ਪੁਰਾਣੀ ਗ਼ਜ਼ਲ ਦੀ ਨਵੀਂ ਤਰਜ਼ ਬਣਾਈ ਐ।'

# ਨੋਟਬੰਦੀ ਕਾਲ਼ੇ ਧਨ ਲਈ ਜਾਂ ਚੋਣਾਂ ਜਿੱਤਣ ਲਈ?

ਰਹੇ ਹਨ। ਤਾਂ ਨਹਿਰੂ ਜੀ ਨੇ ਹੱਸਦਿਆਂ ਹੋਇਆਂ ਉਹਨਾਂ ਨੂੰ ਹੀ ਸਵਾਲ ਕਰ ਦਿੱਤਾ ਸੀ ਕਿ ਇਹ ਪੈਸਾ ਰਹੇਗਾ ਤਾਂ ਦੇਸ਼ ਵਿੱਚ ਹੀ। ਜੇਕਰ ਸਾਡਾ ਧਨ ਬਾਹਰ ਜਾ ਰਿਹਾ ਹੋਵੇ ਤਾਂ ਹੀ ਸਾਨੂੰ ਇਸਦੀ ਚਿੰਤਾ ਕਰਨੀ ਚਾਹੀਦੀ ਹੈ। ਮਾਮਲਾ ਠੱਪ ਹੋ ਗਿਆ ਅਤੇ ਭ੍ਰਿਸ਼ਟ ਅਧਿਕਾਰੀਆਂ, ਉਦਯੋਗਪਤੀਆਂ ਅਤੇ ਨੇਤਾਵਾਂ ਕੋਲ਼ ਪੈਸਾ ਇਕੱਠਾ ਹੁੰਦਾ ਰਿਹਾ।

ਪਹਿਲਾਂ ਪਹਿਲਾਂ ਕਾਲ਼ੇ ਧਨ ਦੀ ਬਹੁਤਾਤ ਨਹੀਂ ਸੀ। ਪਰ ਹੌਲ਼ੀ ਹੌਲ਼ੀ ਇਸਦਾ ਅੰਕੜਾ ਵਧਦਾ ਗਿਆ। ਉਦਾਰੀਕਰਣ ਨੇ ਇਸ ਦੀਆਂ ਹੱਦਾਂ ਟਪਾ ਦਿੱਤੀਆਂ। ਨੇਤਾਵਾਂ ਦੀਆਂ ਜਾਇਦਾਦਾਂ ਹਰ ਪੰਜ ਸਾਲ ਬਾਅਦ ਸੈਂਕੜੇ ਗੁਣਾਂ ਵਧ ਜਾਂਦੀਆਂ ਹਨ। ਇਸੇ ਤਰ੍ਹਾਂ ਅਫਸਰਸ਼ਾਹ ਅਤੇ ਉਦਯੋਗਪਤੀ ਵੀ ਕਾਫ਼ੀ ਅੱਗੇ ਨਿੱਕਲ਼ ਗਏ। ਨਰਸਿਸਮਹਾ ਰਾਓ ਦੀ ਸਰਕਾਰ ਸਮੇਂ ਕੇਂਦਰੀ ਮੰਤਰੀ ਸੁਖਰਾਮ ਦੀ ਰਿਹਾਇਸ਼ 'ਚੋਂ ਕਈ ਬੋਰੇ ਰੁਪਿਆਂ ਦੇ ਨਿੱਕਲ਼ੇ ਸਨ। ਸੁਖਰਾਮ ਨੇ ਇਸ ਨੂੰ ਪਾਰਟੀ ਫੰਡ ਦੱਸਿਆ ਸੀ ਪਰ ਪਾਰਟੀ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ। ਕਈ ਬਿਉਰੋਕਰੇਟਾਂ ਦੇ ਘਰੋਂ ਅਰਬਾਂ ਰੁਪਇਆਂ ਦੀ ਨਕਦੀ, ਸੋਨਾ ਅਤੇ ਬੇਨਾਮੀ ਜਾਇਦਾਦ ਦੇ ਸਬੂਤ ਮਿਲ਼ੇ ਹਨ। ਇਸੇ ਤਰ੍ਹਾਂ ਉਦਯੋਗਪਤੀ ਜਿਹੜੇ ਅਜ਼ਾਦੀ ਤੋਂ ਪਹਿਲਾਂ ਲੱਖਪਤੀ ਹੁੰਦੇ ਹਨ ਅੱਜ ਅਰਬਾਂ ਖਰਬਾਂ ਤੋਂ ਵੀ ਕਿਤੇ ਜ਼ਿਆਦਾ ਅੱਗੇ ਨਿੱਕਲ਼ ਗਏ ਹਨ। ਮੁਕੇਸ਼ ਅੰਬਾਨੀ ਨੇ ਤਾਂ ਆਪਣੇ ਰਹਿਣ ਲਈ ਮਕਾਨ ਬਣਾਉਣ 'ਤੇ ਹੀ 450 ਕਰੋੜ ਰੁਪਿਆ ਖਰਚ ਦਿੱਤਾ ਹੈ। ਦੁਨੀਆਂ ਦੇ ਅਮੀਰਾਂ ਦੀ ਲਿਸਟ ਵਿੱਚ ਭਾਰਤੀ ਲੋਕਾਂ ਦਾ ਨਾਂਅ ਸ਼ਾਮਲ ਹੋਣ ਲੱਗ ਪਿਆ ਹੈ। ਸਮੇਂ ਦੀ ਮੰਗ ਅਨੁਸਾਰ ਸਰਕਾਰੀ ਅਦਾਰਿਆਂ ਵਿੱਚ ਹੁੰਦੀਆਂ ਬੇਨਿਯਮੀਆਂ ਨੂੰ ਰੋਕਣ ਲਈ ਸਰਕਾਰ ਨੇ ਜਾਣਕਾਰੀ ਦਾ ਕਾਨੂੰਨ ਬਣਾ ਕੇ ਦੇਸ਼ ਦੀ ਸੁਰੱਖਿਆ ਨਾਲ਼ ਸੰਬੰਧਤ ਕੁੱਝ ਖ਼ਾਸ ਵਿਭਾਗਾਂ ਨੂੰ ਛੱਡ ਕੇ ਸਿਰਫ਼ 10 ਰੁਪਏ ਦੀ ਫੀਸ ਭਰ ਕੇ ਜਾਣਕਾਰੀ ਲੈਣ ਦਾ ਅਧਿਕਾਰ ਹਰ ਨਾਗਰਿਕ ਨੂੰ ਦਿੱਤਾ ਹੈ। ਪਰ ਇਹ ਕਾਨੂੰਨ ਸਿਆਸੀ ਪਾਰਟੀਆਂ 'ਤੇ ਲਾਗੂ ਨਹੀਂ ਹੁੰਦਾ। ਪਾਰਟੀਆਂ ਨੇ ਖ਼ੁਦ ਨੂੰ ਇਸ ਕਾਨੂੰਨ ਦੇ ਦਾਇਰੇ ਤੋਂ ਬਾਹਰ ਰੱਖਿਆ ਹੈ। ਕਿਸੇ ਪਾਰਟੀ ਕੋਲ਼ ਫੰਡ ਦੇ ਨਾਂਅ 'ਤੇ ਜਮ੍ਹਾਂ ਪੈਸੇ ਦੇ ਸਰੋਤ ਕੀ ਹਨ ਇਸ ਬਾਰੇ ਕੋਈ ਪਾਰਟੀ ਵੀ ਦੱਸਣ ਲਈ ਤਿਆਰ ਨਹੀਂ ਹੈ।

ਨੋਟਬੰਦੀ ਕਰਕੇ ਕਾਲ਼ਾ ਧਨ ਬਾਹਰ ਕਢਵਾਉਣ ਲਈ ਜਨਤਾ ਪਾਰਟੀ ਦੀ ਸਰਕਾਰ ਨੇ 1978 ਵਿੱਚ ਅਜਿਹਾ ਕਦਮ ਉਠਾਇਆ ਸੀ। ਪਰ ਅਰਥ ਵਿਵਸਥਾ ਨੂੰ ਇਸ ਦਾ ਕੋਈ ਵੀ ਲਾਹਾ ਨਹੀਂ ਮਿਲਿਆ। ਹੁਣ ਵੀ ਇਸਦਾ ਕੋਈ ਫ਼ਾਇਦਾ ਨਹੀਂ ਹੋਣ ਵਾਲ਼ਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਕਾਲ਼ਾ ਧਨ ਬਾਹਰ ਆਉਣਾ ਹੀ ਨਹੀਂ ਤਾਂ ਫਿਰ ਇਹ ਡਰਾਮਾ ਕਿਉਂ ਕੀਤਾ ਜਾ ਰਿਹਾ ਹੈ? ਇਸ ਬਾਰੇ ਜਾਣਨ ਲਈ ਥੋੜ੍ਹਾ ਗੰਭੀਰ ਹੋਣਾ ਪਵੇਗਾ। ਮੋਦੀ ਸਰਕਾਰ ਬਣਨ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਲੋਕਾਂ ਨਾਲ਼ ਕਾਫ਼ੀ ਵਾਅਦੇ ਕੀਤੇ ਸਨ। ਜਿਵੇਂ ਵਿਦੇਸ਼ਾਂ 'ਚ ਪਿਆ ਕਾਲ਼ਾ ਧਨ ਵਾਪਸ ਮੰਗਵਾਉਣਾ, ਹਰ ਇੱਕ ਵਿਅਕਤੀ ਦੇ ਖਾਤੇ ਵਿੱਚ 15-15 ਲੱਖ ਜਮ੍ਹਾਂ ਕਰਵਾਉਣਾ, ਪਾਕਿਸਤਾਨ ਨੂੰ 56 ਇੰਚ ਦਾ ਸੀਨਾ ਦਿਖਾ ਕੇ ਕਾਬੂ ਕਰਨਾ, ਹਰ ਸਾਲ ਕਰੋੜਾਂ ਨੌਜਵਾਨਾਂ ਨੂੰ ਨੌਕਰੀਆਂ ਦੇਣਾ, ਸਭ ਕਾ ਸਾਥ ਤੇ ਸਭ ਕਾ ਵਿਕਾਸ ਆਦਿ। ਇਹਨਾਂ ਵਾਅਦਿਆਂ ਵਿੱਚੋਂ ਕੋਈ ਵੀ ਪੂਰਾ ਨਹੀਂ ਹੋਇਆ। ਨਾ ਤਾਂ ਵਿਦੇਸ਼ਾਂ 'ਚੋਂ ਕਾਲ਼ਾ ਧਨ ਆਇਆ, ਨਾ ਕਿਸੇ ਦੇ ਖਾਤੇ 'ਚ ਕੋਈ ਪੈਸਾ ਆਇਆ, ਨਾ ਪਾਕਿਸਤਾਨ ਨੂੰ 56 ਇੰਚ ਦਾ ਸੀਨਾ ਦਿਖਾਇਆ ਸਗੋਂ ਪਾਕਿਸਤਾਨੀ ਅੱਤਵਾਦੀਆਂ ਨੇ ਸਾਡੇ ਦੇਸ਼ ਵਿੱਚ ਘੁਸ ਕੇ ਸਾਡੇ 20 ਫੌਜੀਆਂ ਨੂੰ ਮਾਰਨ ਸਮੇਤ ਅਨੇਕਾਂ ਹਮਲੇ ਕਰਕੇ ਸਾਨੂੰ ਨੀਵਾਂ ਦਿਖਾਇਆ। ਬੇਰੁਜ਼ਗਾਰਾਂ ਨੂੰ ਰੁਜ਼ਗਾਰ ਨਹੀਂ ਮਿਲ਼ ਸਕਿਆ। ਨਾ ਸਭ ਦਾ ਸਾਥ ਲਿਆ ਗਿਆ ਤੇ ਨਾ ਦਿੱਤਾ ਗਿਆ ਅਤੇ ਕੋਈ ਵਿਕਾਸ ਵੀ ਨਹੀਂ ਹੋ ਸਕਿਆ। ਵਿਰੋਧੀ ਵਿਚਾਰਾਂ ਵਾਲ਼ਿਆਂ ਨੂੰ ਦਬਕਾਉਣ ਦੀ ਕੋਸ਼ਿਸ਼ ਕੀਤੀ ਗਈ। ਮੁਸਲਮਾਨਾਂ ਤੇ ਦਲਿਤਾਂ ਨਾਲ਼ ਮਾਰ-ਕੁਟਾਈ ਦੀਆਂ ਦੇਸ਼ ਭਰ ਵਿੱਚ ਅਨੇਕਾਂ ਘਟਨਾਵਾਂ ਵਾਪਰੀਆਂ ਹਨ। ਇਹਨਾਂ ਨਾਕਾਮੀਆਂ ਨੂੰ ਛੁਪਾਇਆ ਨਹੀਂ ਜਾ ਸਕਦਾ। ਕੁੱਝ ਸਮਾਂ ਤਾਂ ਲੋਕਾਂ ਨੇ ਇੰਤਜ਼ਾਰ ਕੀਤਾ। ਇਸ ਕਰਕੇ ਕਈ ਸੂਬਿਆਂ ਵਿੱਚ ਭਾਜਪਾ ਆਪਣੀਆਂ ਸਰਕਾਰਾਂ ਬਣਾ ਗਈ। ਪਰ ਹੁਣ ਜਨਤਾ ਸਮਝ ਗਈ ਹੈ। ਅੱਗੇ 2017 ਦੀਆਂ ਚੋਣਾਂ ਸਿਰ 'ਤੇ ਹਨ। ਇਹਨਾਂ ਚੋਣਾਂ ਵਿੱਚ ਕੁੱਝ ਦਿਖਾਵਾ ਕਰਨ ਲਈ ਕਿਸੇ ਨਵੇਂ ਸ਼ੋਸ਼ੇ ਦੀ ਜ਼ਰੂਰਤ ਸੀ। ਸੋ ਇਹ ਨਵਾਂ ਸ਼ੋਸ਼ਾ ਨੋਟਬੰਦੀ ਦੇ ਰੂਪ ਵਿੱਚ ਸਾਹਮਣੇ ਲੈ ਆਂਦਾ ਗਿਆ ਹੈ। ਇਸ ਨਾਲ਼ ਭਾਰਤੀ ਜਨਤਾ ਪਾਰਟੀ ਨੂੰ ਕਈ ਫ਼ਾਇਦੇ ਹੋ ਸਕਦੇ ਹਨ। ਪਹਿਲਾ ਫ਼ਾਇਦਾ ਹੈ ਕਾਲ਼ੇ ਧਨ ਵਿੱਚ ਉਲ਼ਝਾ ਕੇ ਆਮ ਜਨਤਾ ਨੂੰ ਮੂਰਖ ਬਣਾਉਣਾ, ਦੂਜਾ ਫ਼ਾਇਦਾ ਹੈ ਆਪਣੇ ਹਮਾਇਤੀ ਉਦਯੋਗਪਤੀਆਂ ਨੂੰ ਫ਼ਾਇਦਾ ਪਹੁੰਚਾਉਣਾ ਅਤੇ ਤੀਸਰਾ ਫ਼ਾਇਦਾ ਹੈ ਵਿਰੋਧੀ ਪਾਰਟੀਆਂ ਕੋਲ਼ ਰੱਖੇ ਕਾਲ਼ੇ ਧਨ ਨੂੰ ਰੱਦੀ ਕਾਗਜ਼ ਵਿੱਚ ਬਦਲ ਕੇ ਪੂਰੀ ਤਰ੍ਹਾਂ ਉਲ਼ਝਾ ਦੇਣਾ ਤੇ ਪੈਸੇ ਦੀ ਅਣਹੋਂਦ ਵਿੱਚ ਮੈਦਾਨ ਤੋਂ ਬਾਹਰ ਕਰਨਾ। 2017 ਦੀਆਂ ਆਉਣ ਵਾਲ਼ੀਆਂ ਚੋਣਾਂ ਵਿੱਚ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਵਿੱਚ ਵੀ ਚੋਣਾਂ ਹੋਣ ਜਾ ਰਹੀਆਂ ਹਨ। ਉੱਤਰ ਪ੍ਰਦੇਸ਼ ਦੀ ਸਿਆਸਤ ਸਾਰੇ ਦੇਸ਼ ਨੂੰ ਪ੍ਰਭਾਵਤ ਕਰਦੀ ਹੈ। ਪਹਿਲਾਂ ਲੋਕ ਸਭਾ ਦੀਆਂ 73 ਸੀਟਾਂ ਜਿੱਤਣ ਵਾਲ਼ੀ ਭਾਜਪਾ ਜੇਕਰ ਇਸ ਵਾਰ ਹਾਰਦੀ ਹੈ ਤਾਂ ਇਸ ਦਾ ਪ੍ਰਭਾਵ ਕੇਂਦਰ ਸਰਕਾਰ 'ਤੇ ਪਵੇਗਾ। ਨੋਟਬੰਦੀ ਤੋਂ ਪਹਿਲਾਂ ਹੀ ਭਾਜਪਾ ਆਗੂਆਂ ਕੋਲ਼ ਨਵੀਂ ਕਰੰਸੀ ਪਹੁੰਚ ਜਾਣ ਦੀ ਖ਼ਬਰ ਹੈ। ਪੰਜਾਬ ਭਾਜਪਾ ਦੇ ਆਗੂ ਐਡਵੋਕੇਟ ਸੰਜੀਵ ਕੰਬੋਜ ਦੁਆਰਾ ਨਵਾਂ ਨੋਟ 5 ਨਵੰਬਰ ਨੂੰ ਹੀ ਟਵਿੱਟਰ 'ਤੇ ਸ਼ੇਅਰ ਕੀਤੇ ਜਾਣ ਦੀਆਂ ਖ਼ਬਰਾਂ ਤੋਂ ਮਹਿਸੂਸ ਹੁੰਦਾ ਹੈ ਕਿ ਸਰਕਾਰ ਨੇ ਆਪਣੇ ਬੰਦਿਆਂ ਕੋਲ਼ ਪਏ ਕਾਲ਼ੇ ਧਨ ਨੂੰ ਬਦਲ ਕੇ ਪਹਿਲਾਂ ਹੀ ਨਵੇਂ ਨੋਟ ਪਹੁੰਚਦੇ ਕਰ ਦਿੱਤੇ ਸਨ। ਭਾਜਪਾ ਨੂੰ ਭਰੋਸਾ ਹੈ ਕਿ ਦੂਸਰੀਆਂ ਪਾਰਟੀਆਂ ਦੇ ਆਗੂ ਪਾਰਟੀ ਫੰਡ ਦੇ ਤੌਰ 'ਤੇ ਆਏ ਪੈਸੇ ਨੂੰ ਨਾ ਤਾਂ ਬਦਲਵਾ ਸਕਣਗੇ ਅਤੇ ਨਾ ਹੀ ਜ਼ਿਆਦਾ ਖਰਚ ਕਰ ਸਕਣਗੇ। ਇਸ ਲਈ ਅਜਿਹ ਹਾਲਾਤਾਂ ਵਿੱਚ ਭਾਜਪਾ ਆਪਣੀ ਜਿੱਤ ਕਿਆਸ ਰਹੀ ਹੈ।

ਮੋਦੀ ਸਰਕਾਰ ਦਾ ਨੋਟਬੰਦੀ ਦਾ ਫ਼ੈਸਲਾ ਅਚਾਨਕ ਨਹੀਂ ਕੀਤਾ ਗਿਆ। ਸਰਕਾਰ ਅਨੁਸਾਰ ਹੀ ਇਸ ਦੀ ਤਿਆਰੀ ਪਿਛਲੇ ਛੇ ਮਹੀਨਿਆਂ ਤੋਂ ਚੱਲ ਰਹੀ ਸੀ। ਪਰ ਇੱਥੇ ਇੱਕ ਸਵਾਲ ਖੜ੍ਹਾ ਹੁੰਦਾ ਹੈ ਕਿ ਆਰ.ਬੀ.ਆਈ. ਦੇ ਗਵਰਨਰ ਉਰਜਿਤ ਪਟੇਲ ਨੇ 5 ਸਤੰਬਰ 2016 ਨੂੰ ਕੰਮ-ਕਾਜ ਸੰਭਾਲ਼ਿਆ ਹੈ। ਉਸਦੇ ਦੋ ਮਹੀਨਿਆਂ ਬਾਅਦ ਹੀ ਨਵੇਂ ਨੋਟ ਛਪ ਕੇ ਆ ਗਏ। ਜੇਕਰ ਨੋਟਾਂ ਦੀ ਛਪਾਈ ਦਾ ਕੰਮ ਛੇ ਮਹੀਨਿਆਂ ਤੋਂ ਚੱਲ ਰਿਹਾ ਸੀ ਤਾਂ ਇੱਕ ਗੱਲ ਨੋਟ ਕਰਨ ਵਾਲ਼ੀ ਹੈ ਕਿ ਉਦੋਂ ਆਰ.ਬੀ.ਆਈ. ਦਾ ਗਵਰਨਰ ਰਘੂਰਾਮ ਰਾਜਨ ਸੀ। ਫਿਰ ਇਹਨਾਂ ਨੋਟਾਂ ਉੱਪਰ ਨਵੇਂ ਗਵਰਨਰ ਦੇ ਹਸਤਾਖਰ ਕਿਵੇਂ ਹੋ ਗਏ? ਸੱਚ ਸਾਹਮਣੇ ਆਉਂਦਾ ਕਿ ਇਮਾਨਦਾਰ ਗਵਰਨਰ ਰਘੂਰਾਮ ਰਾਜਨ ਨੂੰ ਜ਼ਬਰਦਸਤੀ ਬਦਲ ਕੇ ਮੁਕੇਸ਼ ਅੰਬਾਨੀ ਦੇ ਜੀਜੇ ਉਰਜਿਤ ਪਟੇਲ ਨੂੰ ਇਸ ਵਾਸਤੇ ਹੀ ਗਵਰਨਰ ਬਣਾ ਕੇ ਲਿਆਂਦਾ ਗਿਆ ਕਿਉਂਕਿ ਰਘੂਰਾਮ ਰਾਜਨ ਵੱਡੇ ਧਨ ਕੁਬੇਰਾਂ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਕਹਿ ਰਹੇ ਸਨ ਪਰ ਪ੍ਰਧਾਨ ਮੰਤਰੀ ਮੋਦੀ ਨੇ ਸਰਕਾਰ ਬਣਾਉਣ ਵਿੱਚ ਸਹਾਈ ਰਹੇ ਵੱਡੇ ਉਦਯੋਗਪਤੀਆਂ ਨੂੰ ਫ਼ਾਇਦਾ ਪਹੁੰਚਾਉਣਾ ਸੀ। ਲਲਿਤ ਮੋਦੀ ਆਈ.ਪੀ.ਐਲ. ਵਿੱਚ ਘਪਲ਼ੇ ਕਰਕੇ ਦੇਸ਼ ਦਾ ਆਰਥਿਕ ਪੱਖੋਂ ਨੁਕਸਾਨ ਕਰਕੇ ਵਿਦੇਸ਼ ਭੱਜ ਗਿਆ ਹੈ। ਕਿੰਗ ਫਿਸ਼ਰ ਕੰਪਨੀ ਦਾ ਮਾਲਕ ਵਿਜੇ ਮਾਲੀਆ ਵੀ ਬੈਂਕਾਂ ਦਾ ਪੈਸਾ ਮਾਰ ਕੇ ਵਿਦੇਸ਼ ਦੌੜ ਗਿਆ ਹੈ। ਇੱਕ ਅੰਦਾਜ਼ੇ ਮੁਤਾਬਕ ਵਿਦੇਸ਼ੀਂ ਜਾ ਵਸਣ ਵਾਲ਼ੇ 60 ਹਜ਼ਾਰ ਭਾਰਤੀ ਕਰੋੜਪਤੀ ਹਨ। ਅਨੇਕਾਂ ਅਜਿਹੇ ਵਿਅਕਤੀ ਹਨ ਜਿਹੜੇ ਅਜੇ ਵੀ ਭਾਰਤ ਵਿੱਚ ਵਸ ਰਹੇ ਹਨ ਪਰ ਉਹਨਾਂ ਦਾ ਨਜਾਇਜ਼ ਢੰਗਾਂ ਨਾਲ਼ ਇਕੱਠਾ ਕੀਤਾ ਕਾਲ਼ਾ ਧਨ ਵਿਦੇਸ਼ਾਂ ਵਿੱਚ ਜਮ੍ਹਾਂ ਹੈ। ਵਿਦੇਸ਼ਾਂ ਦੇ ਕਾਨੂੰਨਾਂ ਸਦਕਾ ਉਹਨਾਂ ਦੇਸ਼ਾਂ ਦੀਆਂ ਬੈਂਕਾਂ ਵਿੱਚ ਜਮ੍ਹਾਂ ਭਾਰਤੀਆਂ ਦੇ ਕਾਲ਼ੇ ਧਨ ਨੂੰ ਕਿਸੇ ਵੀ ਤਰ੍ਹਾਂ ਭਾਰਤ ਵਿੱਚ ਵਾਪਸ ਨਹੀਂ ਲਿਆਂਦਾ ਜਾ ਸਕਦਾ। ਮੋਦੀ ਖ਼ੁਦ ਕਹਿੰਦੇ ਰਹੇ ਹਨ ਕਿ 96% ਕਾਲ਼ਾ ਧਨ ਵਿਦੇਸ਼ਾਂ ਵਿੱਚ ਜਮ੍ਹਾਂ ਹੈ। ਬਾਕੀ ਦਾ ਜੋ 4% ਕਾਲ਼ਾ ਧਨ ਭਾਰਤ ਵਿੱਚ ਹੈ ਉਹ ਵੀ ਬਹੁਤਾ ਨਕਦੀ ਦੇ ਰੂਪ ਵਿੱਚ ਨਹੀਂ ਬਲਕਿ ਸੋਨਾ, ਹੀਰੇ, ਰਿਅਲ ਅਸਟੇਟ ਅਤੇ ਉਦਯੋਗਾਂ ਦੇ ਸ਼ੇਅਰਾਂ ਆਦਿ ਦੇ ਰੂਪ ਵਿੱਚ ਰੱਖਿਆ ਹੋਇਆ ਹੈ। ਜਿੰਨ੍ਹਾਂ ਕੋਲ਼ ਨਕਦੀ ਸੀ ਉਹਨਾਂ ਨੇ ਗ਼ਰੀਬ ਮਜ਼ਦੂਰਾਂ ਨੂੰ ਦਿਹਾੜੀ ਦੇ ਕੇ ਬੈਂਕਾਂ ਅੱਗੇ ਲਾਇਨਾਂ ਵਿੱਚ ਲਗਾ ਕੇ ਆਪਣੇ ਧਨ ਨੂੰ ਸਫ਼ੈਦ ਪੈਸੇ ਵਿੱਚ ਬਦਲ ਲਿਆ। ਵਿਕੀਲੀਕਸ ਨੇ ਵਿਦੇਸ਼ਾਂ ਵਿੱਚ ਕਾਲ਼ਾ ਧਨ ਰੱਖਣ ਵਾਲ਼ੇ ਭਾਰਤੀਆਂ ਦੀ ਸੂਚੀ ਜਾਰੀ ਕੀਤੀ ਹੈ। ਇਸ ਵਿੱਚ ਕਈ ਭਾਜਪਾ ਆਗੂਆਂ ਦੇ ਵੀ ਨਾਂਅ ਦਰਜ ਹੋਣ ਦੀਆਂ ਕਨਸੋਆਂ ਹਨ। ਸ਼ਾਇਦ ਇਸ ਲਈ ਹੀ ਸਰਕਾਰ ਵੱਲੋਂ ਇਸ ਕਾਲ਼ੇ ਧਨ ਵਾਲ਼ਿਆਂ ਦੀ ਸੂਚੀ ਜਨਤਕ ਨਹੀਂ ਕੀਤੀ ਜਾ ਰਹੀ। ਜਿਹੜਾ 96ਗ਼ ਕਾਲ਼ਾ ਧਨ ਵਿਦੇਸ਼ਾਂ ਵਿੱਚ ਹੈ ਇਸ ਧਨ ਨੂੰ ਵਿਦੇਸ਼ਾਂ ਵਿੱਚੋਂ ਮੰਗਵਾਇਆ ਨਹੀਂ ਜਾ ਸਕਦਾ? ਫਿਰ ਸਿਰਫ਼ 4ਗ਼ ਕਾਲ਼ੇ ਧਨ ਨੂੰ ਬਾਹਰ ਕਢਵਾਉਣ ਦੇ ਨਾਂਅ 'ਤੇ ਆਮ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਇਸ ਅਖੌਤੀ ਸਰਜੀਕਲ ਸਟਰਾਈਕ ਦੀ ਕੀ ਤੁਕ ਬਣਦੀ ਸੀ? ਸਰਕਾਰ ਦੀ ਪਲਾਨਿੰਗ ਤੋਂ ਸਾਫ਼ ਹੋ ਰਿਹਾ ਹੈ ਕਿ ਇੱਕ ਤਾਂ ਇਸ ਤਰ੍ਹਾਂ ਡਰਦੇ ਮਾਰੇ ਸਭ ਗ਼ਰੀਬ ਅਮੀਰ ਬੈਂਕਾਂ ਵੱਲ ਭੱਜਣਗੇ ਤੇ ਖ਼ਾਲੀ ਪਈਆਂ ਬੈਂਕਾਂ ਕੋਲ਼ ਅਥਾਹ ਪੈਸਾ ਆ ਜਾਵੇਗਾ ਜੋ ਉਦਯੋਗ-ਪਤੀਆਂ ਨੂੰ ਹੋਰ ਕਰਜ਼ਾ ਦੇਣ ਲਈ ਕੰਮ ਆਵੇਗਾ। ਦੂਸਰਾ 2017 ਵਿੱਚ ਉੱਤਰ ਪ੍ਰਦੇਸ਼ 'ਤੇ ਅਸਾਨੀ ਨਾਲ਼ ਕਬਜ਼ਾ ਕੀਤਾ ਜਾ ਸਕਦਾ ਹੈ।

## ਚੋਣਾਂ ਤੋਂ ਬਾਅਦ

# ਪੰਜਾਬ ਦੇ ਲੋਕ ਟੈਕਸਾਂ ਦਾ ਹੋਰ ਭਾਰ ਚੁੱਕਣ ਲਈ ਰਹਿਣ ਤਿਆਰ!



ਗੁਰਮੀਤ ਸਿੰਘ ਪਲਾਹੀ
91-98158-02070

**ਸਰਕਾਰ ਸੂਬੇ 'ਚ ਉਦਯੋਗ ਲਗਾਉਂਦੀ, ਸਿਰਫ਼ ਉਦਯੋਗ ਲਗਾਉਣ ਦੀਆਂ ਗੱਲਾਂ ਹੀ ਨਾ ਕਰਦੀ; ਜੇਕਰ ਸਰਕਾਰ ਫ਼ਸਲੀ ਚੱਕਰ ਬਦਲਣ ਦੀਆਂ ਸਿਰਫ਼ ਯੁਗਤਾਂ ਨਾ ਦੱਸ ਕੇ ਅਮਲੀ ਤੌਰ 'ਤੇ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਦੀ; ਜੇਕਰ ਸਰਕਾਰ ਨਿੱਤ ਨਵੀਆਂ ਪ੍ਰਾਈਵੇਟ ਯੂਨੀਵਰਸਿਟੀਆਂ, ਕਾਲਜ, ਮਹਿੰਗੇ ਸਕੂਲ ਖੋਲ੍ਹਣ ਦੀ ਥਾਂ ਸਿੱਖਿਆ ਨੀਤੀ 'ਚ ਸੁਧਾਰ ਕਰ ਕੇ ਸਿੱਖਿਆ ਦੇ ਸਭਨਾਂ ਲਈ ਬਰਾਬਰ ਮੌਕੇ ਦਿੰਦੀ, ਤਾਂ ਅੱਜ ਪੰਜਾਬ ਦਾ ਨੌਜਵਾਨ ਸਿੱਖਿਅਤ ਹੁੰਦਾ, ਉਦਯੋਗਾਂ ਸਦਕਾ ਉਨ੍ਹਾਂ ਲਈ ਪੰਜਾਬ 'ਚ ਨੌਕਰੀਆਂ ਹੁੰਦੀਆਂ, ਖੇਤੀ ਤੋਂ ਚੰਗੀ ਆਮਦਨ ਹੁੰਦੀ ਤੇ ਸਥਾਨਕ ਲੋਕ ਆਤਮ-ਹੱਤਿਆਵਾਂ ਕਰਨ ਲਈ ਮਜਬੂਰ ਨਾ ਹੁੰਦੇ।**

ਭਾਵੇਂ ਪਿਛਲੇ ਕੁਝ ਸਮੇਂ ਤੋਂ ਪੰਜਾਬ ਦੀ ਸਰਕਾਰ ਪੱਬਾਂ ਭਾਰ ਹੋਈ ਪਈ ਹੈ, ਪਰ ਬੀਤੇ ਕੁਝ ਦਿਨਾਂ ਤੋਂ ਉਸ ਦੀ ਤੋਰ ਵਾਹਵਾ ਤਿੱਖੀ ਜਾਪ ਰਹੀ ਹੈ। ਪੰਜਾਬ ਵਿਧਾਨ ਸਭਾ ਚੋਣਾਂ ਦਾ ਪ੍ਰਭਾਵ ਵੇਖੋ : ਪਿੰਡਾਂ-ਸ਼ਹਿਰਾਂ 'ਚ ਧੜਾਧੜ ਨੀਲੇ ਕਾਰਡ ਵੰਡੇ ਜਾ ਰਹੇ ਹਨ, ਅਨਾਜ ਮਿਲੇ ਨਾ ਮਿਲੇ, ਪਿਛਲੀ ਵਜ਼ਾਰਤੀ ਮੀਟਿੰਗ 'ਚ ਨੀਲੇ ਕਾਰਡ ਧਾਰਕਾਂ ਨੂੰ ਮੁਫ਼ਤ ਗੈਸ ਕੁਨੈਕਸ਼ਨ ਦੇਣ ਦਾ ਫ਼ੈਸਲਾ ਸਰਕਾਰ ਨੇ ਕਰ ਦਿੱਤਾ ਹੈ। ਬੱਸ ਏਨਾ ਕੁਝ ਹੈ, ਜੋ ਸਰਕਾਰ ਆਪਣੀ 'ਆਮ' ਜਨਤਾ ਦੇ ਪੱਲੇ ਪਾ ਸਕੀ ਹੈ। ਕਾਹਲੀ-ਕਾਹਲੀ 'ਚ ਪਿੰਡਾਂ-ਸ਼ਹਿਰਾਂ 'ਚ ਮੁਫ਼ਤ 'ਮੈਡੀਕਲ ਟੈਸਟ', 'ਮੁਫ਼ਤ ਦਵਾਈਆਂ' ਦੇਣ ਦੇ ਕੇਂਦਰ ਪੰਜਾਬ ਸਰਕਾਰ ਨੇ ਖੋਲ੍ਹੇ, ਜਿਨ੍ਹਾਂ ਦੀ ਹਾਲਤ 'ਕੋਹ ਨਾ ਚੱਲੀ ਬਾਬਾ ਤ੍ਰਿਹਾਈ' ਵਾਲੀ ਬਣੀ ਹੋਈ ਹੈ। ਇਨ੍ਹਾਂ ਕੇਂਦਰਾਂ ਨੂੰ ਚਲਾਉਣ ਲਈ ਲੋੜੀਂਦੇ ਮੁਲਾਜ਼ਮ ਨਹੀਂ, ਦਵਾਈਆਂ ਖ਼ਰੀਦਣ ਲਈ ਪੈਸਾ ਸਰਕਾਰੀ ਖ਼ਜ਼ਾਨੇ 'ਚ ਨਹੀਂ। ਉਂਜ 'ਆਮ' ਆਦਮੀ ਨੂੰ ਨੀਲੇ ਕਾਰਡ ਦੀ ਸਹੂਲਤ ਦੇਣ ਲੱਗਿਆਂ ਸਰਕਾਰ ਨੇ ਆਪਣਿਆਂ ਦਾ ਵਾਹਵਾ ਧਿਆਨ ਰੱਖਿਆ ਹੈ। ਕਾਰਾਂ ਦੇ ਮਾਲਕਾਂ ਤੱਕ ਨੂੰ ਇਹ 'ਬਖਸ਼ੀਸ਼' ਦਿੱਤੀ ਗਈ ਹੈ, ਤਾਂ ਕਿ ਉਨ੍ਹਾਂ ਦੇ ਲੋੜ ਵੇਲੇ ਕੰਮ ਆਵੇ, ਅਨਾਜ ਹਥਿਆਉਣ ਨੂੰ, ਮਿੱਟੀ ਦਾ ਤੇਲ, ਗੈਸ ਸਿਲੰਡਰ ਲੈਣ ਨੂੰ ਜਾਂ ਕਿਸੇ ਨੌਕਰੀ ਦੀ ਪ੍ਰਾਪਤੀ ਲਈ, ਜਿੱਥੇ ਗ਼ਰੀਬ ਦਾ ਹੱਕ ਖੋਹਣ ਲਈ ਇਹ 'ਨੀਲਾ' ਕਾਰਡ ਵਰਤਣ ਦੀ ਸੌਖ ਰਹੇਗੀ।

ਪਿਛਲੇ ਪੰਜ ਸਾਲ ਬੀਤ ਗਏ, ਹਾਕਮ ਨੇਤਾਵਾਂ ਦੀ ਆਪਸੀ ਖੋਹ-ਖਿੱਚ, ਝਗੜਿਆਂ ਕਾਰਨ ਰਾਜਸੀ ਪੋਸਟਾਂ ਸਾਢੇ ਚਾਰ ਸਾਲ ਖ਼ਾਲੀ ਰਹੀਆਂ, ਜੋ ਹੁਣ ਤੇਜ਼ੀ ਨਾਲ ਭਰੀਆਂ ਜਾ ਰਹੀਆਂ ਹਨ। ਪਿਛਲੇ ਇੱਕ ਮਹੀਨੇ 'ਚ ਹੀ ਲੱਗਭੱਗ 100 ਰਾਜਸੀ ਨੇਤਾਵਾਂ ਨੂੰ ਅਹੁਦੇ ਦਿੱਤੇ ਗਏ ਹਨ-ਕਿਧਰੇ ਕੋਈ ਚੇਅਰਮੈਨ, ਕਿਧਰੇ ਕੋਈ ਮੀਤ ਚੇਅਰਮੈਨ, ਕਿਧਰੇ ਮੈਂਬਰਾਂ ਦੀ ਨਿਯੁਕਤੀ ਹੋ ਰਹੀ ਹੈ। ਖ਼ਜ਼ਾਨੇ ਉੱਤੇ ਇਨ੍ਹਾਂ ਪੋਸਟਾਂ ਦਾ ਮਣਾਂ-ਮੂੰਹੀਂ ਬੋਝ ਪਵੇਗਾ। ਚੋਣ ਜ਼ਾਬਤਾ ਨਾ ਲੱਗ ਜਾਏ, ਕਾਹਲੀ-ਕਾਹਲੀ 27 ਹਜ਼ਾਰ ਤੋਂ ਵੱਧ ਕੱਚੇ ਅਤੇ ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਫ਼ੈਸਲਾ ਕੀਤਾ ਗਿਆ। ਇਨ੍ਹਾਂ ਕਾਮਿਆਂ ਨੂੰ ਤਨਖ਼ਾਹ ਓਨੀ ਹੀ ਮਿਲੇਗੀ, ਜਿੰਨੀ ਉਹ ਹੁਣ ਲੈ ਰਹੇ ਹਨ। ਇਨ੍ਹਾਂ ਮੁਲਾਜ਼ਮਾਂ ਲਈ ਖ਼ਜ਼ਾਨੇ ਖ਼ਾਲੀ ਹਨ ਤਾਂ ਫਿਰ ਉਨ੍ਹਾਂ ਰਾਜਸੀ ਨੇਤਾਵਾਂ ਲਈ 'ਚੇਅਰਮੈਨੀਆਂ', 'ਮੈਂਬਰੀਆਂ' ਦੀਆਂ ਤਨਖ਼ਾਹਾਂ, ਭੱਤੇ, ਕਾਰਾਂ, ਕੋਠੀਆਂ ਤੇ ਹੋਰ ਸਹੂਲਤਾਂ ਲਈ ਪੈਸੇ ਕਿਹੜੇ 'ਕਾਲੇ' ਖ਼ਜ਼ਾਨੇ ਵਿੱਚੋਂ ਆਉਣੇ ਹਨ?

ਪੰਜਾਬ ਦੇ ਸਕੂਲਾਂ 'ਚ ਹਜ਼ਾਰਾਂ ਅਧਿਆਪਕਾਂ ਦੀਆਂ ਆਸਾਮੀਆਂ ਖ਼ਾਲੀ ਹਨ। ਜਿੱਥੇ ਨਵੇਂ ਸਕੂਲ-ਕਾਲਜ ਖੁੱਲ੍ਹੇ ਹਨ, ਉਥੇ ਵੀ ਟੀਚਰਾਂ ਤੇ ਦਫ਼ਤਰੀ ਅਮਲੇ ਦੀ ਘਾਟ ਹੈ। ਸਰਕਾਰੀ ਦਫ਼ਤਰਾਂ, ਸਮੇਤ ਡੀ ਸੀ, ਐੱਸ ਡੀ ਐੱਮ ਦਫ਼ਤਰਾਂ ਦੇ ਵਿੱਚ ਲੋੜੀਂਦੇ ਕਾਮੇ ਨਹੀਂ ਹਨ। ਪਟਵਾਰੀਆਂ, ਗ੍ਰਾਮ ਸੇਵਕਾਂ, ਪੰਚਾਇਤ ਸਕੱਤਰਾਂ, ਮੈਡੀਕਲ ਅਮਲੇ ਦੀ ਦਫ਼ਤਰਾਂ ਤੇ ਹਸਪਤਾਲਾਂ 'ਚ ਘਾਟ ਸਰਕਾਰੀ ਕੰਮ ਦੀ ਤੋਰ ਮੱਠੀ ਪਾ ਰਹੀ ਹੈ। ਸਿੱਟੇ ਵਜੋਂ ਸਰਕਾਰ ਨੂੰ ਪ੍ਰਾਪਤ ਹੋਣ ਵਾਲੇ ਰੈਵੇਨਿਊ ਦਾ ਨੁਕਸਾਨ ਹੋ ਰਿਹਾ ਹੈ। ਸਰਕਾਰ ਨਿੱਤ ਦਿਨ ਕਰਜ਼ਾਈ ਹੋ ਰਹੀ ਹੈ, ਪਰ ਇਸ ਸਭ ਕੁਝ ਦੇ ਬਾਵਜੂਦ ਉਹ ਆਪਣੇ ਪਿਛਲੇ ਸਾਢੇ ਨੌਂ ਸਾਲਾਂ ਦੀਆਂ ਪ੍ਰਾਪਤੀਆਂ ਗਿਣਾਉਣ, ਬਿਆਨਣ ਲਈ ਨਿੱਤ ਰੇਡੀਓ, ਟੀ ਵੀ ਚੈਨਲਾਂ, ਅਖ਼ਬਾਰਾਂ, ਦਸਤੀ ਇਸ਼ਤਿਹਾਰਾਂ 'ਚ ਪ੍ਰਚਾਰ ਕਰਨ ਲਈ ਕਰੋੜਾਂ ਰੁਪਏ ਖ਼ਰਚ ਕਰ ਰਹੀ ਹੈ। ਖ਼ਰਚੇ 'ਚ ਵਧਦਾ ਨਿੱਤ ਦਾ ਬੋਝ ਆਖ਼ਿਰ ਕੌਣ ਚੁੱਕੇਗਾ? ਕਿਸ ਦੀ ਸੰਘੀ ਘੁੱਟੀ ਜਾਏਗੀ ਅੰਤ ਵਿੱਚ?



ਪੰਜਾਬ ਦੇ ਕੋਨੇ-ਕੋਨੇ 'ਚ ਨਿੱਤ ਦਿਹਾੜੇ ਵਿਕਾਸ ਕਾਰਜਾਂ ਦੇ ਉਦਘਾਟਨ ਹੋ ਰਹੇ ਹਨ। ਹੈਲੀਕਾਪਟਰ, ਕਾਰਾਂ, ਹੂਟਰਾਂ ਵਾਲੀਆਂ ਸਕਿਉਰਿਟੀ ਗੱਡੀਆਂ ਸ਼ਹਿਰਾਂ 'ਚ ਧੂੜਾਂ ਪੁੱਟਦੀਆਂ ਇਸ ਕਾਰਜ ਨੂੰ ਅੰਜਾਮ ਦੇ ਰਹੀਆਂ ਹਨ। ਕਿਧਰੇ ਸੰਗਤ ਦਰਸ਼ਨਾਂ ਦੇ ਨਾਮ ਉੱਤੇ ਬੇਵਜ੍ਹਾ, ਬੇਤੁਕੇ ਕਾਰਜਾਂ ਲਈ ਗ੍ਰਾਂਟਾਂ ਵੰਡੀਆਂ ਜਾ ਰਹੀਆਂ ਹਨ। ਕਈ ਅਧੂਰੇ ਪ੍ਰਾਜੈਕਟ, ਪੂਰੇ ਹੋਏ ਜਾਣ ਕੇ, ਉਦਘਾਟਨ ਕੀਤੇ ਜਾ ਰਹੇ ਹਨ। ਜਲ ਬੱਸ ਦਾ ਉਦਘਾਟਨ ਕੀਤਾ ਗਿਆ, ਜਿਹੜੀ ਉਦਘਾਟਨ ਵਾਲੇ ਦਿਨ ਮੁੱਖ ਮਹਿਮਾਨ, ਪੰਜਾਬ ਦੇ ਉੱਪ ਮੁੱਖ ਮੰਤਰੀ ਨੂੰ ਅਤੇ ਹੋਰ ਅਧਿਕਾਰੀਆਂ ਨੂੰ ਝੂਟੇ ਦੇਣ ਉਪਰੰਤ ਥੱਕ ਗਈ ਅਤੇ ਹੁਣ ਗੈਰਾਜ ਵਿੱਚ ਆਰਾਮ ਕਰ ਰਹੀ ਹੈ। ਕਈ ਇਹੋ ਜਿਹੇ ਕਾਰਜਾਂ, ਜਿਨ੍ਹਾਂ ਉੱਤੇ ਕੰਮ ਪਹਿਲਾਂ ਹੀ ਹੋ ਰਿਹਾ ਸੀ, ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਵੱਡੇ ਜਲਸੇ ਹੋ ਰਹੇ ਹਨ, ਜਿੱਥੇ ਸਰਕਾਰ ਪਿਛਲੇ 10 ਸਾਲਾਂ ਵਿੱਚ ਪੰਜਾਬ ਦੀ ਕਾਇਆ-ਕਲਪ ਕਰਨ ਦੇ ਢੋਲੇ ਗਾਉਂਦੀ ਹੈ। ਉਹ ਆਖ ਰਹੀ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ ਪੰਜਾਬ ਦੇ ਵਿਕਾਸ ਨੂੰ ਬੁਲੰਦੀਆਂ ਉੱਤੇ ਪਹੁੰਚਾਇਆ ਹੈ ਅਤੇ ਵਿਕਾਸ ਦੇ ਨਾਲ-ਨਾਲ ਲੋਕ ਭਲਾਈ ਸਕੀਮਾਂ ਤੇ ਹੋਰ ਯੋਜਨਾਵਾਂ ਵੀ ਸ਼ੁਰੂ ਕੀਤੀਆਂ ਹਨ, ਜਿਸ ਨਾਲ ਪੰਜਾਬ ਵਾਸੀਆਂ ਦਾ ਜੀਵਨ ਪੱਧਰ ਉੱਚਾ ਹੋਇਆ ਹੈ।

ਕਿਸੇ ਵੀ ਭਾਸ਼ਣ ਵਿੱਚ ਇਹ ਨੇਤਾ ਇਹ ਨਹੀਂ ਦੱਸਦੇ ਕਿ ਪੰਜਾਬ ਦੇ 22000 ਛੋਟੇ ਉਦਯੋਗ ਬੰਦ ਹੋ ਗਏ ਹਨ, ਨਵੇਂ ਕੋਈ ਨਹੀਂ ਚੱਲੇ। ਪੰਜਾਬ ਦੇ ਲੋਕਾਂ ਦੀ ਪ੍ਰਤੀ ਜੀਅ ਆਮਦਨ, ਜਿਹੜੀ ਕਦੇ ਸਿਖ਼ਰਲੇ ਰਾਜਾਂ 'ਚ ਹੁੰਦੀ ਸੀ, ਪਹਿਲਾਂ ਨਾਲੋਂ ਔਸਤਨ ਬਾਕੀ ਰਾਜਾਂ ਦੇ ਮੁਕਾਬਲੇ ਘਟੀ ਹੈ। ਪੰਜਾਬ ਦੀ ਸਰਕਾਰ ਆਪਣੇ ਸੰਬੋਧਨਾਂ 'ਚ ਆਖਦੀ ਹੈ ਕਿ ਲੋਕਾਂ ਨੂੰ ਸ਼ਗਨ ਸਕੀਮ, ਮੁਫ਼ਤ ਸਿਹਤ ਬੀਮਾ ਯੋਜਨਾ, ਐੱਸ ਸੀ/ਬੀ ਸੀ ਨੂੰ 200 ਯੂਨਿਟ ਮੁਫ਼ਤ ਬਿਜਲੀ, ਮੁਫ਼ਤ ਆਟਾ-ਦਾਲ, ਮੁਫ਼ਤ ਦਵਾਈਆਂ, ਕਿਸਾਨਾਂ ਨੂੰ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਕੋਈ ਵੀ ਨੇਤਾ ਆਪਣੇ ਭਾਸ਼ਣ ਵਿੱਚ ਇਹ ਨਹੀਂ ਦੱਸਦਾ ਕਿ ਪੰਜਾਬ ਦੇ ਵਿੱਚ ਬੇਰੁਜ਼ਗਾਰਾਂ ਦੀ ਗਿਣਤੀ ਵਧੀ ਹੈ, ਸਰਕਾਰ ਉਨ੍ਹਾਂ ਨੂੰ ਨੌਕਰੀਆਂ ਦੇਣ ਤੋਂ ਅਸਮਰੱਥ ਰਹੀ ਹੈ।

ਜੇਕਰ ਸਰਕਾਰ ਸੂਬੇ 'ਚ ਉਦਯੋਗ ਲਗਾਉਂਦੀ, ਸਿਰਫ਼ ਉਦਯੋਗ ਲਗਾਉਣ ਦੀਆਂ ਗੱਲਾਂ ਹੀ ਨਾ ਕਰਦੀ; ਜੇਕਰ ਸਰਕਾਰ ਫ਼ਸਲੀ ਚੱਕਰ ਬਦਲਣ ਦੀਆਂ ਸਿਰਫ਼ ਯੁਗਤਾਂ ਨਾ ਦੱਸ ਕੇ ਅਮਲੀ ਤੌਰ 'ਤੇ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਦੀ; ਜੇਕਰ ਸਰਕਾਰ ਨਿੱਤ ਨਵੀਆਂ ਪ੍ਰਾਈਵੇਟ ਯੂਨੀਵਰਸਿਟੀਆਂ, ਕਾਲਜ, ਮਹਿੰਗੇ ਸਕੂਲ ਖੋਲ੍ਹਣ ਦੀ ਥਾਂ ਸਿੱਖਿਆ ਨੀਤੀ 'ਚ ਸੁਧਾਰ ਕਰ ਕੇ ਸਿੱਖਿਆ ਦੇ ਸਭਨਾਂ ਲਈ ਬਰਾਬਰ ਮੌਕੇ ਦਿੰਦੀ, ਤਾਂ ਅੱਜ ਪੰਜਾਬ ਦਾ ਨੌਜਵਾਨ ਸਿੱਖਿਅਤ ਹੁੰਦਾ, ਉਦਯੋਗਾਂ ਸਦਕਾ ਉਨ੍ਹਾਂ ਲਈ ਪੰਜਾਬ 'ਚ ਨੌਕਰੀਆਂ ਹੁੰਦੀਆਂ, ਖੇਤੀ ਤੋਂ ਚੰਗੀ ਆਮਦਨ ਹੁੰਦੀ ਤੇ ਸਥਾਨਕ ਲੋਕ ਆਤਮ-ਹੱਤਿਆਵਾਂ ਕਰਨ ਲਈ ਮਜਬੂਰ ਨਾ ਹੁੰਦੇ।

ਅਕਾਲੀ-ਭਾਜਪਾ ਸਰਕਾਰ ਦੇ ਮੁੱਖ ਮੰਤਰੀ, ਉੱਪ ਮੁੱਖ ਮੰਤਰੀ, ਅਧਿਕਾਰੀਆਂ, ਆਦਿ ਵੱਲੋਂ ਕੀਤੇ ਜਾ ਰਹੇ ਇਨ੍ਹਾਂ ਉਦਘਾਟਨਾਂ, ਰੱਖੇ ਜਾ ਰਹੇ ਨੀਂਹ-ਪੱਥਰਾਂ ਉੱਤੇ ਨਿੱਤ-ਦਿਹਾੜੇ ਮਣਾਂ-ਮੂੰਹੀਂ ਖ਼ਰਚ ਹੋ ਰਿਹਾ ਹੈ। ਕੀ ਇਹ ਖ਼ਰਚ ਪੰਜਾਬ ਦੇ ਟੈਕਸ ਦਾਤਿਆਂ ਉੱਤੇ ਵੱਡਾ ਭਾਰ ਨਹੀਂ? ਇਹ ਆਮ ਲੋਕਾਂ ਨਾਲ ਖਿਲਵਾੜ ਨਹੀਂ, ਜਿਨ੍ਹਾਂ ਨੂੰ ਦੇਰ-ਸਵੇਰ ਇਸ ਫਜ਼ੂਲ ਦੇ ਖ਼ਰਚ ਦਾ ਭਾਰ ਚੁੱਕਣਾ ਪਏਗਾ; 'ਭੰਡਾ ਭੰਡਾਰੀਆ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ' ਸਮਝ ਕੇ?

ਪੰਜਾਬ 'ਚ ਚੋਣਾਂ ਅਗਲੇ ਵਰ੍ਹੇ ਫ਼ਰਵਰੀ-ਮਾਰਚ 'ਚ ਹੋਣਗੀਆਂ। ਚੋਣ ਜ਼ਾਬਤਾ ਇਸ ਸਾਲ ਦਸੰਬਰ ਦੇ ਅੰਤ ਜਾਂ ਅਗਲੇ ਸਾਲ ਜਨਵਰੀ ਦੇ ਸ਼ੁਰੂ 'ਚ ਲੱਗ ਜਾਣ ਦੀ ਸੰਭਾਵਨਾ ਹੈ। ਸਰਕਾਰ ਦਾ ਯਤਨ ਹੈ ਕਿ ਸੂਬੇ ਦੇ ਹਰ ਵਰਗ ਦੇ ਲੋਕਾਂ ਨੂੰ ਖੁਸ਼ ਕਰ ਲਵੇ, ਮੁਲਾਜ਼ਮਾਂ ਨੂੰ ਮਹਿੰਗਾਈ ਭੱਤਾ ਦੇ ਕੇ, ਕੱਚਿਆਂ ਮੁਲਾਜ਼ਮਾਂ ਨੂੰ ਪੱਕੇ ਕਰ ਕੇ, ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਅਤੇ ਲੋਕਾਂ ਨੂੰ ਭਲਾਈ ਸਕੀਮਾਂ 'ਚ ਵੱਧ ਤੋਂ ਵੱਧ ਰਿਆਇਤਾਂ ਦੇ ਕੇ। ਉਸ ਦੀ ਮਨਸ਼ਾ ਸਿਰਫ਼ ਇੱਕੋ ਹੈ ਕਿ ਉਹ ਇਸ ਵੇਰ ਫਿਰ ਚੋਣ ਜਿੱਤ ਜਾਏ। ਇਸ ਜਿੱਤ-ਪ੍ਰਾਪਤੀ ਲਈ ਉਹ ਹਰ ਹੀਲਾ-ਵਸੀਲਾ ਵਰਤ ਰਹੀ ਹੈ।

ਸਰਕਾਰ ਵੱਲੋਂ ਰਹਿੰਦੇ ਕੰਮ ਪੂਰੇ ਕਰਨ ਲਈ ਵਾਅਦੇ ਵੀ ਕੀਤੇ ਜਾ ਰਹੇ ਹਨ। ਵਿਰੋਧੀ ਪਾਰਟੀਆਂ ਵੀ ਲੋਕਾਂ ਨੂੰ ਆਪਣੇ ਵੱਲ ਕਰਨ ਲਈ ਅਣਥੱਕ ਯਤਨ ਕਰ ਰਹੀਆਂ ਹਨ। ਚੋਣ ਮਨੋਰਥ-ਪੱਤਰ ਛਾਪੇ ਜਾ ਰਹੇ ਹਨ। ਲੋਕਾਂ ਦੁਆਲੇ ਭਰਮ ਜਾਲ ਵਿਛਾਇਆ ਜਾ ਰਿਹਾ ਹੈ। ਪੰਜਾਬ ਦੇ ਨਪੀੜੇ ਜਾ ਰਹੇ ਲੋਕ, ਜਿਹੜੇ ਪਹਿਲਾਂ ਹੀ ਮਹਿੰਗਾਈ ਦੀ ਚੱਕੀ 'ਚ ਪੀਸੇ ਜਾ ਰਹੇ ਹਨ, ਸਰਕਾਰ ਅਤੇ ਬਹੁਤੀਆਂ ਵਿਰੋਧੀ ਪਾਰਟੀਆਂ ਦੇ ਚੋਣ ਮਨੋਰਥ-ਪੱਤਰਾਂ ਤੋਂ ਨਾ-ਖੁਸ਼ ਦਿੱਸ ਰਹੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਚੋਣਾਂ ਤੋਂ ਬਾਅਦ ਮੌਕਾਪ੍ਰਸਤ ਨੇਤਾ ਉਨ੍ਹਾਂ ਦੀ ਥਾਹ ਨਹੀਂ ਲੈਂਦੇ, ਆਮ ਲੋਕਾਂ ਦਾ ਪਤਾ ਵੀ ਨਹੀਂ ਪੁੱਛਦੇ, ਸਿਰਫ਼ ਖ਼ਾਸ ਲੋਕਾਂ ਅਤੇ ਦਲਾਲਾਂ ਦੀਆਂ ਝੋਲੀਆਂ ਹੀ ਭਰਦੇ ਹਨ। ਉਨ੍ਹਾਂ ਦੀ ਫ਼ਿਕਰਮੰਦੀ ਤਾਂ ਦਿਨ-ਪ੍ਰਤੀ-ਦਿਨ ਆਪਣਾ ਅਤੇ ਪਰਵਾਰ ਦੇ ਭੁੱਖੇ ਢਿੱਡ ਨੂੰ ਝੁਲਕਾ ਦੇਣ ਦਾ ਪ੍ਰਬੰਧ ਕਰਨ ਦੀ ਹੈ। ਉਨ੍ਹਾਂ ਦੀ ਫ਼ਿਕਰਮੰਦੀ ਤਾਂ ਇਹ ਹੈ ਕਿ ਅਗਲੀ ਸਰਕਾਰ ਕਿਸੇ ਵੀ ਧਿਰ ਦੀ ਕਿਉਂ ਨਾ ਬਣੇ, ਉਨ੍ਹਾਂ ਉੱਤੇ ਟੈਕਸਾਂ ਦਾ ਬੋਝ ਹੁਣੇ ਤੋਂ ਲੱਦਣ ਦੀ ਤਿਆਰੀ ਹੋ ਰਹੀ ਹੈ, ਕਿਉਂਕਿ ਸਰਕਾਰ ਵੱਲੋਂ ਚੋਣਾਂ ਜਿੱਤਣ ਲਈ ਖ਼ਜ਼ਾਨੇ ਦਾ ਮੂੰਹ 'ਆਪਣਿਆਂ' ਦੀਆਂ ਝੋਲੀਆਂ ਭਰਨ, ਬੇਤੁਕਾ ਪ੍ਰਚਾਰ ਕਰਨ ਲਈ ਖੋਲ੍ਹਿਆ ਜਾ ਚੁੱਕਾ ਹੈ, ਜਿਸ ਦਾ ਖਮਿਆਜ਼ਾ ਉਨ੍ਹਾਂ ਨੂੰ ਨਹੀਂ, ਸੂਬੇ ਦੀ ਜਨਤਾ ਨੂੰ ਚੁਕਾਉਣਾ ਪਵੇਗਾ।

# ਅਰਪਨ ਸੰਸਥਾ ਨੇ ਸਿਹਤ ਸਬੰਧੀ ਜਾਗਰੂਕਤਾ ਕੈਂਪ ਲਗਾਇਆ

ਅਰਪਨ ਸੰਸਥਾ ਵਲੋਂ ਸੋਸਾਇਟੀ ਫਾਰ ਸਰਵਿਸਜ਼ ਟੂ ਵਲੰਟਰੀ ਏਜੰਸੀਜ਼ ਨਾਰਥ ਚੰਡੀਗੜ੍ਹ ਨਾਲ ਮਿਲਕੇ ਚਲਾਏ ਜਾ ਰਹੇ ਜੱਚਾ ਬੱਚਾ ਸੁਰੱਖਿਆ ਪ੍ਰੋਗਰਾਮ ਅਧੀਨ ਪਿੰਡ ਮੈਦਾ ਮਾਜ਼ਰਾ ਵਿੱਚ ਸਿਹਤ ਸਬੰਧੀ ਜਾਗਰੂਕਤਾ ਅਤੇ ਮੈਡੀਕਲ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਮਿੰਨੀ ਪੀ ਐਚ ਸੀ ਬਰਾਰੀ ਤੋਂ ਆਯੂਰਵੇਦ ਵਿਭਾਗ ਦੇ ਡਾਕਟਰ ਨਿਸ਼ਚਲ ਸ਼ਰਮਾ, ਫਾਰਮਾਸਿਸਟ ਨਿਤਿਨ ਨੇ ਕੈਂਪ ਵਿੱਚ ਆਏ ਲੋਕਾਂ ਨੂੰ ਸਿਹਤ ਸਬੰਧੀ ਜਾਗਰੂਕ ਕੀਤਾ। ਉਨ੍ਹਾਂ ਨੇ ਪੰਜਾਬ ਵਿੱਚ ਫੈਲ ਰਹੀਆਂ ਬਿਮਾਰੀਆਂ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਆਏ ਵਿਅਕਤੀਆਂ ਨੂੰ ਯੋਗਾ ਆਸਣਾਂ ਬਾਰੇ ਦੱਸਿਆ ਗਿਆ ਅਤੇ ਜਰੂਰਤਮੰਦ ਮਰੀਜ਼ਾਂ ਜੀਤ ਰਾਮ, ਪੰਮੀ, ਕਮਲ ਕੁਮਾਰ, ਧਨੀ ਰਾਮ, ਸਗਲੀ ਰਾਮ, ਸ਼ਾਲੂ, ਬਬਿਤਾ, ਰਮਨ ਰੂਬੀ, ਵੀਨਾ ਰਾਣੀ, ਬਖਸ਼ੋ, ਰਜ਼ਨੀ ਆਦਿ ਨੂੰ ਆਯੂਰਵੈਦਿਕ ਦਵਾਈਆਂ ਦਿਤੀਆਂ ਗਈਆਂ। ਇਸ ਮੌਕੇ ਰੋਟਰੀ ਕਲੱਬ ਦੇ ਸਾਬਕਾ ਅਸਿਸਟੈਂਟ ਜ਼ਿਲ੍ਹਾ ਗਵਰਨਰ ਪਰਮਿੰਦਰ ਸੰਧੂ ਨੇ ਜੱਚਾ-ਬੱਚਾ ਸੁਰਖਿਆ ਪ੍ਰੋਗਰਾਮ, ਕੰਨਿਆ ਭਰੂਣ ਹੱਤਿਆ, ਨਸਿਆਂ ਦੀ ਵੱਧ ਰਹੀ ਵਰਤੋਂ, ਖਾਣ ਪੀਣ ਦੀਆਂ ਵਸਤਾਂ ਵਿੱਚ ਹੋ ਰਹੀ ਮਿਲਾਵਟਖੋਰੀ, ਐਚ ਆਈ ਵੀ ਏਡਜ਼ ਆਦਿ ਬਾਰੇ ਵਿਸਥਾਰ ਵਿੱਚ ਦੱਸਿਆ। ਅਰਪਨ ਸੰਸਥਾ ਦੇ ਪ੍ਰੋਗਰਾਮ ਇੰਚਾਰਜ਼ ਮੈਡਮ ਇੰਦੂ ਬਾਲਾ ਨੇ ਨੈਸ਼ਨਲ ਰੂਰਲ ਹੈਲਥ ਮਿਸ਼ਨ ਅਧੀਨ ਚੱਲ ਰਹੀਆਂ ਸਿਹਤ ਸੇਵਾਵਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਪੰਜਾਬ ਸਰਕਾਰ ਵਲੋਂ ਸਕੂਲੀ ਬੱਚਿਆਂ ਦੇ ਇਲਾਜ, ਕੈਂਸਰ ਰੋਗੀਆਂ ਲਈ ਸ਼ੁਰੂ ਕੀਤੀਆਂ ਗਈਆਂ ਮੁਫਤ ਇਲਾਜ਼ ਸੇਵਾਵਾਂ ਬਾਰੇ ਦੱਸਿਆ। ਹੈਲਥ ਵਰਕਰ ਮੈਡਮ ਅੰਕਿਤਾ ਨੇ ਹਾਜ਼ਰ ਲੜਕੀਆਂ ਨੂੰ ਕਿਸ਼ੋਰ ਅਵਸਥਾ ਵਿੱਚ ਕਿਹੜੀਆਂ-ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਸਰੀਰ ਵਿੱਚ ਕਿਹੜੇ-ਕਿਹੜੇ ਪਰਿਵਰਤਨ ਆਉਂਦੇ ਹਨ ਬਾਰੇ ਦੱਸਿਆ। ਉਨ੍ਹਾਂ ਨੇ ਲੜਕੀਆਂ ਨੂੰ ਸਿਹਤ ਸਬੰਧੀ ਜਾਣਕਾਰੀ ਦਿਤੀ ਅਤੇ ਲੜਕੀਆਂ ਨੂੰ ਮਹਾਂਵਾਰੀ ਬਾਰੇ ਜਾਣਕਾਰੀ ਦਿਤੀ ਅਤੇ ਦੱਸਿਆ ਕਿ ਮਹਾਂਵਾਰੀ ਦੌਰਾਨ ਹਮੇਸ਼ਾ ਹੀ ਸਾਫ ਕਪੜੇ ਜਾਂ ਨੈਪਕਿਨ ਦੀ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਲਾਗ ਦੀਆਂ ਖਤਰਨਾਕ ਬਿਮਾਰੀਆਂ ਤੋਂ ਬਚਾਓ ਹੋ ਸਕੇ। ਇਨ੍ਹਾਂ ਨੇ ਇਸ ਮੋਕੇ ਲੜਕੀਆਂ ਨੂੰ ਗੁਪਤ ਰੋਗਾਂ, ਐਚ ਆਈ ਵੀ/ਏਡਜ ਦੇ ਰੋਗਾਂ ਬਾਰੇ ਵੀ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਨੇ ਲੜਕੀਆਂ ਨੂੰ ਖੁਰਾਕ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿਤੀ। ਮੈਡਮ ਸਰੀਤਾ ਸ਼ਰਮਾ ਨੇ ਗਰਭਵਤੀ ਮਾਂ ਅਤੇ ਬੱਚੇ ਦੇ ਹੋਣ ਵਾਲੇ ਟੀਕਾਕਰਣ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦਿਤੀ। ਮੈਡਮ ਸੁਨੀਤਾ ਦੇਵੀ ਨੇ ਜੱਚਾ ਬੱਚਾ ਸੁਰੱਖਿਆ ਪ੍ਰੋਗਰਾਮ ਅਧੀਨ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਮੁਫਤ ਜਣੇਪਾ ਯੋਜਨਾ, ਬੇਬੇ ਨਾਨਕੀ ਲਾਡਲੀ ਸਕੀਮ, ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਬਾਰੇ ਵਿਸਥਾਰ ਵਿੱਚ ਦੱਸਿਆ। ਮੈਡਮ ਅੰਜਨਾ ਰਾਣੀ ਨੇ ਦੱਸਿਆ ਕਿ ਔਰਤਾਂ ਕਿਸੇ ਵੀ ਤਰਾਂ ਪੁਰਸ਼ਾਂ ਦੇ ਮੁਕਾਬਲੇ ਪਿੱਛੇ ਨਹੀਂ ਹਨ ਇਸ ਲਈ ਉਨ੍ਹਾਂਨੂੰ ਆਪਣੇ ਆਪ ਨੂੰ ਕਮਜ਼ੋਰ ਨਹੀ ਸਮਝਣਾ ਚਾਹੀਦਾ। ਇਸ ਮੋਕੇ ਉਨ੍ਹਾਂ ਨੇ ਸਮਾਜਿਕ ਕੁਰੀਤੀਆਂ ਕੰਨਿਆਂ ਭਰੂਣ ਹੱਤਿਆ, ਦਾਜ ਪ੍ਰਥਾ, ਬਾਲ ਵਿਆਹ ਪ੍ਰਥਾ ਆਦਿ ਨੂੰ ਇਕਮੁੱਠ ਹੋ ਕੇ ਸਮਾਜ ਵਿਚੋਂ ਖਤਮ ਕਰਨ ਦੀ ਅਪੀਲ ਕੀਤੀ। ਉਹਨਾਂ ਨੇ ਕਿਹਾਕਿ ਲੜਕੀਆਂ ਕਿਸੇ ਵੀ ਤਰਾਂ ਲੜਕਿਆਂ ਨਾਲੋਂ ਘੱਟ ਨਹੀਂ ਹਨ ਸਗੋਂ ਕਈ ਖੇਤਰਾਂ ਵਿੱਚ ਲੜਕਿਆਂ ਤੋਂ ਵੀ ਅੱਗੇ ਹਨ। ਉਹਨਾਂ ਨੇ ਕਿਹਾਕਿ ਜੇਕਰ ਲੜਕੀਆਂ ਨੂੰ ਵੀ ਲੜਕਿਆਂ ਦੇ ਬਰਾਬਰ ਪੜ੍ਹਣ ਅਤੇ ਵਿਕਾਸ ਕਰਨ ਦਾ ਮੌਕਾ ਦਿੱਤਾ ਜਾਵੇ ਤਾਂ ਉਹ ਵੀ ਅਪਣੇ ਮਾਪਿਆਂ ਦਾ, ਪਿੰਡ ਦਾ, ਸਮਾਜ ਦਾ ਅਤੇ ਦੇਸ਼ ਦਾ ਨਾਮ ਰੋਸ਼ਨ ਕਰ ਸਕਦੀਆਂ ਹਨ। ਉਨ੍ਹਾਂ ਨੇ ਔਰਤਾਂ ਦੀ ਭਲਾਈ ਲਈ ਬਣਾਈਆਂ ਗਈਆਂ ਸਕੀਮਾਂ ਅਤੇ ਸਹੂਲਤਾਂ ਬਾਰੇ ਦੱਸਿਆ ਕਿ ਸਮਾਜਿਕ ਵਿਕਾਸ ਅਤੇ ਆਰਥਿਕ ਤੌਰ ਤੇ ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਲਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਮਹਿਲਾਵਾਂ ਨੂੰ ਇਨ੍ਹਾਂ ਦਾ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ਼ ਦਾ ਸਹੀ ਦਿਸ਼ਾ ਵਿੱਚ ਵਿਕਾਸ ਹੋ ਸਕੇ। ਇਸ ਮੋਕੇ ਸਮਾਜ ਸੇਵਕ ਅਤੇ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਮੈਦਾ ਮਾਜ਼ਰਾ ਦੇ ਪ੍ਰਧਾਨ ਗੌਰਵ ਸਹੋਤਾ ਨੇ ਆਏ ਹੋਏ ਮਹਿਮਾਨਾਂ ਅਤੇ ਕੈਂਪ ਟੀਮ ਦਾ ਧੰਨਵਾਦ ਕੀਤਾ। ਇਸ ਮੋਕੇ ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ, ਰੇਖਾ ਭਾਟੀਆ, ਸੁਰੇਸ਼, ਵੀਨਾ ਆਦਿ ਹਾਜ਼ਰ ਸਨ।



**– ਕੁਲਦੀਪ ਚੰਦ (9417563054)**

## ਅੰਮ੍ਰਿਤਸਰ ਤੋਂ ਏਅਰ ਇੰਡੀਆਂ ਦੀਆਂ ਸਿੱਧੀਆਂ ਉਡਾਣਾਂ ਬਾਰੇ ਭੰਬਲ-ਭੂਸਾ ਜਾਰੀ

ਅੰਮ੍ਰਿਤਸਰ- ਅੰਮ੍ਰਿਤਸਰ ਵਿਕਾਸ ਮੰਚ ਨੇ ਰਾਜ ਸਭਾ ਮੈਂਬਰ ਸ੍ਰੀ ਸ਼ਵੇਤ ਮਲਿਕ, ਉਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਅਤੇ ਏਅਰ ਇੰਡੀਆ ਦੇ ਅਧਿਕਾਰੀਆਂ ਵਲੋਂ ਏਅਰ ਇੰਡੀਆ ਦੀ ਅੰਮ੍ਰਿਤਸਰ-ਬਰਮਿੰਘਮ-ਟੋਰਾਂਟੋ ਉਡਾਣ ਬਾਰੇ ਵੱਖਰੇ ਵੱਖਰੇ ਬਿਆਨਾਂ 'ਤੇ ਹੈਰਾਨੀ ਪ੍ਰਗਟ ਕੀਤੀ ਹੈ। ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਉਪ-ਮੁੱਖ ਮੰਤਰੀ ਸ੍ਰੀ ਸੁਖਬੀਰ ਸਿੰਘ ਬਾਦਲ, ਰਾਜ ਸਭਾ ਮੈਂਬਰ ਸ੍ਰੀ ਸ਼ਵੇਤ ਮਲਿਕ ਅਤੇ ਏਅਰ ਇੰਡੀਆ ਦੇ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਇਸ ਬਾਰੇ ਸਥਿਤੀ ਨੂੰ ਸਪੱਸ਼ਟ ਕਰਨ ਦੀ ਬੇਨਤੀ ਕੀਤੀ ਹੈ। ਸ੍ਰੀ ਸ਼ਵੇਤ ਮਲਿਕ ਅਤੇ ਸ. ਸੁਖਬੀਰ ਸਿੰਘ ਬਾਦਲ ਦਾ ਥੋੜੇ ਦਿਨ ਹੋਏ ਮੀਡਿਆ ਵਿਚ ਜੋ ਬਿਆਨ ਆਇਆ ਹੈ, ਉਸ ਅਨੁਸਾਰ ਇਸ ਸਮੇਂ ਚੱਲ ਰਹੀ ਅੰਮ੍ਰਿਤਸਰ-ਦਿੱਲੀ-ਬਰਮਿੰਘਮ ਉਡਾਣ ਦਾ ਰੂਟ 1 ਅਪ੍ਰੈਲ 2017 ਤੋਂ ਬਦਲ ਕੇ ਦਿੱਲੀ-ਅੰਮ੍ਰਿਤਸਰ-ਬਰਮਿੰਘਮ ਹੋ ਜਾਵੇਗਾ, ਜਦ ਕਿ ਸ੍ਰੀ ਮਲਿਕ ਨੇ 24 ਨਵੰਬਰ 2016 ਨੂੰ ਵੱਖ ਵੱਖ ਅਖ਼ਬਾਰਾਂ ਵਿਚ ਬਿਆਨ ਦਿਤਾ ਸੀ ਕਿ ਉਨ੍ਹਾਂ ਨੂੰ ਸ਼ਹਿਰੀ ਹਵਾਬਾਜੀ ਰਾਜ ਮੰਤਰੀ ਸ੍ਰੀ ਜੇਅੰਤ ਸਿਨਹਾ ਨੇ ਸੂਚਿਤ ਕੀਤਾ ਹੈ ਕਿ ਅੰਮ੍ਰਿਤਸਰ-ਦਿੱਲੀ-ਬਰਮਿੰਘਮ ਉਡਾਣ ਨੂੰ ਜਲਦੀ ਹੀ ਟੋਰਾਂਟੋ ਤੀਕ ਵਧਾਇਆ ਜਾ ਰਿਹਾ ਹੈ। ਏਅਰ ਇੰਡੀਆ ਦੀਆਂ ਉਡਾਣਾਂ ਦੇ ਆਪਾ ਵਿਰੋਧੀ ਬਿਆਨਾਂ ਦੀ ਸ਼ੁਰੂਆਤ ਸ੍ਰੀ ਮਲਿਕ ਵਲੋਂ ਅਕਤੂਬਰ ਦੇ ਪਹਿਲੇ ਹਫ਼ਤੇ ਇਕ ਅਖ਼ਬਾਰ ਨੂੰ ਦਿੱਤੀ ਇੰਟਰਵਿਊ ਤੋਂ ਸ਼ੁਰੂ ਹੋਈ।



ਪ੍ਰਸਿਧ ਲੇਖਕ ਤੇ ਫਿਲਮਸ਼ਾਜ ਦਵਿੰਦਰ ਦਮਨ
ਹੁਣਾ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ
ਸਟੇਜ ਨਾਟਕ



# ਬਾਬਾ ਬੰਦਾ ਸਿੰਘ ਬਹਾਦਰ

## ਪ੍ਰੋਗਰੈਸਵ ਆਰਟ ਐਸੋਸੀਏਸ਼ਨ ਆਫ ਅਲਬਰਟਾ ਦੀ ਪੇਸ਼ਕਾਰੀ

ਦਾਖਲਾ ਮੁਫਤ ਹੈ

**ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਈਆਂ ਜਥੇਬੰਦੀਆਂ ਵਲੋਂ ਕੈਲੇਫੋਰਨੀਆਂ ਦੇ ਤਿੰਨ ਸ਼ਹਿਰਾ ਵਿਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ।**

ਦਾਖਲਾ ਮੁਫਤ ਹੈ

### ਇੰਡੋ ਅਮੈਰੀਕਨ ਦੇਸ਼ ਭਗਤ ਫਾਊਡੇਸ਼ਨ ਆਫ ਬੇ-ਏਰੀਆ

**6 ਜਨਵਰੀ 2017, ਸ਼ਾਮ 6:30 ਵਜੇ**

Mt. Pleasant High School
1750 South White Road San Jose, CA 95127

### ਗਦਰ ਮੈਮੋਰੀਅਲ ਫਾਊਡੇਸ਼ਨ ਆਫ ਕੈਲੇਫੋਰਨੀਆਂ ਸੈਕਰਾਮੈਂਟੋ

**7 ਜਨਵਰੀ 2017 ਦਿਨ ਸ਼ਨੀਵਾਰ, 12 ਵਜੇ ਤੋਂ 5 ਵਜੇ ਤੱਕ**

Performing Art Center Sheldon High School
8333 Kingsbridge Dr, Sacramento, CA 95829

**ਬੁਲਾਰੇ**
ਸ੍ਰ ਨਿਰਮਲ ਸਿੰਘ ਘੁੰਮਣ (ਸਰੀ ਕੈਨੇਡਾ)
ਡਾ ਗੁਰੂਮੇਲ ਸਿੱਧੂ (ਫਰਿਜਨੋ), ਸ੍ਰੀ ਮੁਲਖ ਰਾਜ ਸ਼ਰਮਾ

### ਇੰਡੀਅਨ ਐਜੂਕੇਸ਼ਨ ਐਂਡ ਕਲਚਰਲ ਔਰਗੇਨਾਈਜੇਸ਼ਨ ਆਫ ਯੂਬਾਸਿਟੀ

**8 ਜਨਵਰੀ 2017 ਦਿਨ ਐਤਵਾਰ, 1 ਵਜੇ ਤੋਂ 5 ਵਜੇ ਤੱਕ**

Andros Kaperos School
1700 Camino De Flores Yuba City, CA 95993

ਪਰਿਵਾਰਾਂ ਸਮੇਤ ਸਮੇਂ ਸਿਰ ਪਹੁੰਚ ਕੇ ਇਸ ਇਤਿਹਾਸਿਕ ਨਾਟਕ ਨੂੰ ਵੇਖੋ।

## ਪ੍ਰਬੰਧਕ ਕਮੇਟੀ

### ਯੂਬਾਸਿਟੀ

ਮੁਲਖ ਰਾਜ ਸ਼ਰਮਾ (ਪ੍ਰਧਾਨ)
ਮੱਖਣ ਬਾਸੀ (ਸੈਕਟਰੀ)
(530-415-1680)
ਸ਼ਿੰਗਾਰਾ ਰਾਮ
ਅਜੈਬ ਸਿੰਘ ਪਨੂੰ
ਸੁੱਚਾ ਸਿੰਘ ਦਿਉਲ
ਰਵਿੰਦਰ ਸਹੋਤਾ
ਹਰਭਜਨ ਬਾਸੀ
ਬਲਬੀਰ ਬਾਸੀ
ਹਰਜਿੰਦਰ ਦੋਸਾਂਝ
ਸਤਿੰਦਰਵੀਰ ਬਾਸੀ
ਗੁਰਬਚਨ ਚੋਪੜਾ

### ਬੇ-ਏਰੀਆ

ਬਲਵੀਰ ਸਿੰਘ ਜੌਹਲ
(408-592-4044)
ਪੰਕਜ ਅੰਸਲ
(408-515-3178)
ਨਰਿੰਦਰ ਸਿੰਘ ਸੁਜੋਂ
(510-714-5058)
ਦਿਲਬਾਗ ਸਿੰਘ ਸੰਧੂ
ਭੁਪਿੰਦਰ ਸਿੰਘ ਸੰਧੂ
ਭੁਪਿੰਦਰ ਸਿੰਘ ਢਿਲੋਂ
ਰਾਜ ਭਨੋਟ
ਪ੍ਰੀਤਮ ਸਿੰਘ ਗਰੇਵਾਲ
ਸ਼ਾਮ ਕੁਮਾਰ
ਹਰਦੁਮਣ ਸਿੰਘ ਸੰਘੇੜਾ
ਸਰਬਜੋਤ ਸਿੰਘ ਸਵੱਦੀ

### ਸੈਕਰਾਮੈਂਟੋ

ਕੁਲਦੀਪ ਸਿੰਘ ਅਟਵਾਲ (ਚੇਅਰਮੈਨ)
(209-769-4784)
ਜਗਜੀਤ ਸਿੰਘ ਕੰਦੋਲਾ (ਜਨਰਲ ਸੈਕਟਰੀ)
(916-968-0901)
ਸੁਰਜੀਤ ਸਿੰਘ ਅਟਵਾਲ (ਪ੍ਰਧਾਨ)
(209-628-2382)
ਜਰਨੈਲ ਸਿੰਘ ਮੰਡੇਰ (ਮੀਤ ਪ੍ਰਧਾਨ)
(916-698-4245)
ਸਤਬੀਰ ਸਿੰਘ ਬਾਜਵਾ (ਮੀਤ ਪ੍ਰਧਾਨ)
(916-616-7200)
ਹਰਪਾਲ ਸਿੰਘ ਮਾਨ (ਵਾਇਸ ਚੇਅਰਮੈਨ)
(916-798-8641)

## 26 ਜਨਵਰੀ ਉਤਸਵ ਨੂੰ ਸਮਰਪਿਤ

# ਗਣ ਤੰਤਰ ਨੂੰ ਕਚਰਾ ਤੰਤਰ ਨਾ ਬਣਨ ਦਿਓ!



ਕੇ. ਸੀ. ਸੁਲੇਖ
0172-4623503

ਦੇਸ਼ ਇਸ ਸਾਲ ਵੀ ਹਰ ਸਾਲ ਦੀ ਤਰ੍ਹਾਂ 26 ਜਨਵਰੀ ਨੂੰ ਪੈਂਦੇ ਗਣ ਤੰਤਰ ਦਿਵਸ ਮਨਾ ਰਿਹਾ ਹੈ। ਇਸ ਦਿਨ ਨੂੰ ਸਰਕਾਰੀ ਪੱਧਰ 'ਤੇ ਦੇਸ਼ ਭਰ ਵਿਚ ਖੁਸ਼ੀਆਂ ਭਰੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਵੱਡੇ-ਵੱਡੇ ਸ਼ਹਿਰਾਂ, ਕਸਬਿਆਂ, ਸਰਕਾਰੀ ਅਤੇ ਪ੍ਰਾਈਵੇਟ ਸੰਸਥਾ ਭਉਨਾਂ ਵਿਚ ਲੋਕ ਇਕੱਠੇ ਹੋ ਕੇ ਰਾਸ਼ਟਰੀ ਝੰਡਾ ਲਹਿਰਾਉਂਦੇ ਹਨ, ਜਿਸ ਵਿਚ ਸਟੇਟਾਂ ਦੇ ਗਵਰਨਰ, ਮੰਤਰੀ ਅਤੇ ਨੇਤਾ ਲੋਕ ਆਪਣੇ ਭਾਸ਼ਣਾਂ ਦੁਆਰਾ ਇਸ ਦਿਨ ਦੀ ਇਤਿਹਾਸਕ ਮਹੱਤਤਾ ਦੀਆਂ ਕਹਾਣੀਆਂ ਸੁਣਾ ਕੇ ਦੇਸ਼ ਦੇ ਗੌਰਵ ਨੂੰ ਹੋਰ ਉੱਚਾ ਕਰਨ ਲਈ ਆਪ ਵੀ ਸਹੁੰਆਂ ਖਾਂਦੇ ਹਨ ਅਤੇ ਲੋਕਾਂ ਨੂੰ ਵੀ ਨਸੀਹਤਾਂ ਕਰਦੇ ਹਨ। ਇਸ ਦਿਨ ਦੇਸ਼ ਦਾ ਸਭ ਤੋਂ ਵੱਡਾ ਜਸ਼ਨ ਦੇਸ਼ ਦੀ ਰਾਜਧਾਨੀ ਦਿੱਲੀ ਵਿਖੇ ਪੂਰੀ ਸੱਜ-ਧੱਜ ਨਾਲ ਕੀਤਾ ਜਾਂਦਾ ਹੈ, ਜਿਸ ਵਿਚ ਰਾਜਪਥ ਦੇ ਦੋਵੇਂ ਪਾਸੇ ਹਾਜ਼ਰ ਭੀੜ ਦੇ ਸਾਹਮਣੇ ਤੋਂ ਚਾਕ ਚੌਬੰਦ ਘੋੜ ਸਵਾਰਾਂ ਦੇ ਪਹਿਰੇ ਵਿਚ ਰਾਸ਼ਟਰਪਤੀ ਦੀ ਸ਼ਾਹੀ ਸਵਾਰੀ ਲੰਘਦੀ ਹੈ, ਜਿਸ ਦੇ ਪਿੱਛੋਂ ਉਹ ਖੁਦ ਖੜ੍ਹੇ ਹੋ ਕੇ ਵੱਖ-ਵੱਖ ਫੌਜੀ ਟੁਕੜੀਆਂ ਤੋਂ ਸਲਾਮੀ ਲੈਂਦੇ ਹਨ। ਦੇਸ਼ ਦੀ ਸੁਰੱਖਿਆ ਅਤੇ ਮਾਰ ਕਰਨ ਵਾਲੇ ਆਧੁਨਿਕ ਜੰਗੀ ਹਥਿਆਰਾਂ, ਉਪਕਰਨਾਂ ਦੀ ਨੁਮਾਇਸ਼ ਦੇ ਨਾਲ-ਨਾਲ ਵੱਖ-ਵੱਖ ਪ੍ਰਦੇਸ਼ਾਂ ਦੀਆਂ ਸੱਭਿਆਚਾਰਕ ਝਾਕੀਆਂ ਸਮਾਰੋਹ ਦੀ ਵਿਲੱਖਣਤਾ ਨੂੰ ਹੋਰ ਰੋਚਕ ਬਣਾ ਦਿੰਦੀਆਂ ਹਨ। ਹਰ ਸਾਲ ਕਿਸੇ ਨਾ ਕਿਸੇ ਬਾਹਰੀ ਦੇਸ਼ ਦੇ ਪ੍ਰਮੁੱਖ ਨੂੰ ਬਤੌਰ ਮੁੱਖ ਮਹਿਮਾਨ ਬੁਲਾ ਕੇ ਪ੍ਰੇਡ ਦੇ ਜਸ਼ਨਾਂ ਵਿਚ ਸ਼ਾਮਲ ਕੀਤਾ ਜਾਂਦਾ ਹੈ। ਕੁੱਲ ਮਿਲਾ ਕੇ ਇਸ ਦਿਨ ਦੀ ਇਤਿਹਾਸਕ ਮਹੱਤਤਾ ਅਤੇ ਲੋਕ ਸਬੰਧਤਾ ਨੂੰ ਮੁੱਖ ਰੱਖਦਿਆਂ ਹੋਰ ਅਨੇਕਾਂ ਬਾਬਿਆਂ ਦੇ ਮੇਲਿਆਂ, ਉਤਸਵਾਂ ਤੋਂ ਹਟ ਕੇ ਇਸ ਨੂੰ ਸਹੀ ਮਾਅਨਿਆਂ ਵਿਚ ਸਭ ਦਾ ਸਾਂਝਾ ਰਾਸ਼ਟਰੀ ਤਿਉਹਾਰ ਕਿਹਾ ਜਾਂਦਾ ਹੈ।

ਇਸੇ ਦਿਨ 1950 ਦੀ 26 ਜਨਵਰੀ ਨੂੰ ਭਾਰਤ ਵਿਦੇਸ਼ੀ ਰਾਜ ਦੀਆਂ ਆਖਰੀ ਬੇੜੀਆਂ ਉਤਾਰ ਕੇ ਪੂਰੀ ਤਰ੍ਹਾਂ ਆਜ਼ਾਦ ਖੁਦਮੁਖਤਿਆਰ ਅਤੇ ਸਵੈ-ਅਭਿਮਾਨੀ ਦੇਸ਼ ਬਣਿਆ। 1947 ਦਾ 15 ਅਗਸਤ ਸਿਰਫ ਅੰਗਰੇਜ਼ ਹਕੂਮਤ ਦੁਆਰਾ ਭਾਰਤੀਆਂ ਨੂੰ ਰਾਜ ਸੱਤਾ ਸੌਂਪਣ ਦਾ ਦਿਨ ਸੀ। ਅੰਗਰੇਜ਼ ਦੀ ਸਰਬਰਾਹੀ ਹੀ ਖਤਮ ਹੋਈ ਸੀ ਲੇਕਿਨ ਪ੍ਰਸ਼ਾਸਨਿਕ ਰੂਪ ਵਿਚ ਦੇਸ਼ ਦਾ ਕੰਮਕਾਜ ਅੰਗਰੇਜ਼ ਦੇ ਬਣਾਏ ਗੌਰਮਿੰਟ ਆਫ ਇੰਡੀਆ ਐਕਟ 1935 ਦੇ ਅਧੀਨ ਹੀ ਚਲਦਾ ਰਿਹਾ। ਭਾਰਤ ਸਰਕਾਰ ਦਾ ਸਰਵਉਚ ਮੁਖੀ ਭਾਵੇਂ ਨਾਮਾਤਰ ਹੀ ਸਹੀ ਅੰਗਰੇਜ਼ ਸਾਮਰਾਜ ਦਾ ਪ੍ਰਤੀਕ ਗਵਰਨਰ ਜਨਰਲ ਹੀ ਸੀ ਜਦ ਤੱਕ ਕਿ ਭਾਰਤੀ ਲੋਕਾਂ ਨੇ ਆਪਣੀ ਚੁਣੀ ਹੋਈ ਸੰਵਿਧਾਨ ਸਭਾ ਦੁਆਰਾ ਬਣਾਏ ਸੰਵਿਧਾਨ ਦੀ ਅਥਾਰਟੀ (ਅਧਿਕਾਰ) ਰਾਹੀਂ ਆਪ ਹਕੂਮਤ ਨਹੀਂ ਸੰਭਾਲ ਲਈ। ਇਹ ਸੱਚਮੁਚ ਭਾਰਤ ਲਈ ਅਤਿਅੰਤ ਖੁਸ਼ੀਆਂ ਵਾਲਾ ਦਿਨ ਸੀ, ਜਦ ਉਸ ਦਿਨ ਅੰਗਰੇਜ਼ੀ ਰਾਜ ਦੇ ਅਵਸ਼ੇਸ਼ ਗਵਰਨਰ ਜਨਰਲ ਦੀ ਜਗ੍ਹਾ ਦੇਸ਼ ਦੇ ਆਪਣੇ ਰਾਸ਼ਟਰਪਤੀ (ਪ੍ਰੈਜ਼ੀਡੈਂਟ) ਨੇ ਲੈ ਲਈ ਅਤੇ ਗੌਰਮਿੰਟ ਆਫ ਇੰਡੀਆ ਐਕਟ 1935 ਦੇ ਸਥਾਨ 'ਤੇ ਦੇਸ਼ ਦੇ ਆਪਣੇ ਸੰਵਿਧਾਨ ਦਾ ਰਾਜ ਲਾਗੂ ਹੋ ਗਿਆ। ਹੋਰ ਬਦਲੇ ਹੋਏ ਕਾਨੂੰਨਾਂ ਦੇ ਵੇਰਵੇ ਨਾ ਦਿੰਦੇ ਹੋਏ ਨਵੇਂ ਸੰਵਿਧਾਨ ਦੀ ਇਕ ਹੀ ਖਾਸ ਵਿਸ਼ੇਸ਼ਤਾ ਦਾ ਜ਼ਿਕਰ ਕਰਨਾ ਕਾਫੀ ਹੋਵੇਗਾ, ਜਿਸ ਤੋਂ ਪਤਾ ਲੱਗਦਾ ਹੈ ਕਿ ਇਸ ਸੰਵਿਧਾਨ ਵਿਚ ਦੇਸ਼ ਦੇ ਹਰ ਨਾਗਰਿਕ ਨੂੰ ਬਿਨਾਂ ਲਿਹਾਜ਼ ਧਰਮ, ਜਾਤੀ, ਨਸਲ, ਰੰਗ, ਲਿੰਗ, ਸਮਾਜਿਕ ਆਰਥਿਕ ਅਤੇ ਰਾਜਨੀਤਿਕ ਤੌਰ 'ਤੇ ਬਰਾਬਰੀ ਦੇ ਪੱਧਰ ਤੇ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦੀ ਕਿੰਨੀ ਸਮਰੱਥਾ ਹੈ। ਧਾਰਾ 13 ਨੇ ਸੰਵਿਧਾਨ ਦੇ ਲਾਗੂ ਹੋਣ ਤੋਂ ਪਹਿਲਾਂ ਪ੍ਰਚੱਲਿਤ ਸਾਰੇ ਅਜਿਹੇ ਕਾਨੂੰਨਾਂ, ਆਦੇਸ਼ਾਂ, ਨਿਰਦੇਸ਼ਾਂ, ਨੇਮਾਂ, ਅਧਿਸੂਚਨਾਵਾਂ, ਰੀਤੀ ਰਿਵਾਜਾਂ ਨੂੰ ਬੇਕਾਰ ਪ੍ਰਭਾਵਹੀਣ ਬਣਾ ਦਿੱਤਾ (ਰੱਦ ਕਰ ਦਿੱਤਾ) ਜੋ ਨਵੇਂ ਸੰਵਿਧਾਨ ਦੇ ਪ੍ਰਾਵਧਾਨਾਂ ਨਾਲ ਮੇਲ ਨਾ ਖਾਂਦੇ ਹੋਣ ਜਾਂ ਅਸੰਗਤ ਅਤੇ ਉਲਟ ਹੋਣ। ਇਸ ਧਾਰਾ ਦੀ ਤਿੱਖੀ ਮਾਰ ਹੇਠ ਨਾ ਕੇਵਲ ਅੰਗਰੇਜ਼ ਦੇ ਸਾਮਰਾਜੀ ਕਾਨੂੰਨ ਹੀ ਆਏ, ਉਸ ਤੋਂ ਵੀ ਵੱਧ ਇਹ ਸੰਵਿਧਾਨ ਹਿੰਦੂ ਧਰਮ ਗ੍ਰੰਥਾਂ ਦੁਆਰਾ ਨਿਰਧਾਰਿਤ ਸਮਾਜਿਕ ਊਚ-ਨੀਚ, ਛੂਆਛਾਤ, ਜਾਤ ਵਿਤਕਰਾ ਦਵੇਸ਼ ਲਈ ਵੀ ਉਨਾ ਹੀ ਘਾਤਕ ਸਿੱਧ ਹੋਇਆ। ਸੰਵਿਧਾਨ ਦੀ ਉਲੰਘਣਾ ਦੰਡ ਯੋਗ ਬਣਾ ਦਿੱਤੀ ਗਈ। ਹਰ ਨਾਗਰਿਕ ਦੇ ਦਿਲ ਵਿਚ ਸਮਾਜਿਕ ਦਰਜਾਬੰਦੀ ਤੋਂ ਉਤੇ ਉੱਠ ਕੇ ਬਰਾਬਰ ਹੋਣ ਦਾ ਅਹਿਸਾਸ ਜਾਗ੍ਰਿਤ ਹੋ ਗਿਆ। ਨਾਬਰਾਬਰੀ, ਹੀਣ ਭਾਵਨਾ, ਜਾਤੀ ਕਰੂਰਤਾ ਅਤੇ ਨਿਰਾਸ਼ਾ ਦਾ ਜੀਵਨ ਜਿਊਣ ਵਾਲੀ ਪਦ ਦਲਿਤ ਜਨਤਾ ਲਈ ਇਹ ਕੋਈ ਸਧਾਰਨ ਤਬਦੀਲੀ ਨਹੀਂ ਹੈ। ਇਸ ਦੇ ਕ੍ਰੈਡਿਟ (ਯਸ਼) ਦਾ ਜੇ ਕੋਈ ਸਰੋਤ ਹੱਕਦਾਰ ਹੈ ਤਾਂ ਉਹ ਕੇਵਲ ਇਹ ਸੰਵਿਧਾਨ ਹੀ ਹੋ ਸਕਦਾ ਹੈ।

ਪਰ ਬਹੁਤ ਦੁੱਖ ਦੀ ਗੱਲ ਹੈ ਕਿ ਜ਼ਮੀਨੀ ਪੱਧਰ ਤੇ ਦੇਸ਼ ਵਿਚ ਉਹ ਕੁਝ ਨਹੀਂ ਹੋ ਰਿਹਾ, ਜਿਸ ਦੀ ਸੰਵਿਧਾਨ ਦੇ ਰਚਣਹਾਰਿਆਂ ਨੇ ਆਸ ਜਾਂ ਕਾਮਨਾ ਕੀਤੀ ਸੀ। ਬੁੱਧੀਮਾਨ ਵਿਦਵਾਨਾਂ ਨੇ ਤਿੰਨ ਸਾਲ ਦੀ ਸਖਤ ਮਿਹਨਤ ਨਾਲ ਇਕ-ਇਕ ਧਾਰਾ ਇਕ-ਇਕ ਸ਼ਬਦ ਉਤੇ ਮਗਜ਼ ਖਪਾਈ ਕਰਕੇ ਇਹ ਸੰਵਿਧਾਨ ਸਾਨੂੰ ਦਿੱਤਾ ਤਾਂ ਜੋ ਦੇਸ਼ ਵਿਚੋਂ ਗਰੀਬੀ, ਅਨਪੜ੍ਹਤਾ, ਭੁੱਖਮਰੀ, ਜਹਾਲਤ ਦੀ ਥਾਂ ਖੁਸ਼ੀ, ਖੁਸ਼ਹਾਲੀ, ਸੁਰੱਗੀ ਪਰਤ ਆਵੇ ਪਰ ਅੱਜ ਜਿੱਧਰ ਨਜ਼ਰ ਮਾਰੋ ਹਰ ਪਾਸੇ ਬੇਚੈਨੀ, ਅਸ਼ਾਂਤੀ, ਮਾਰੋ-ਮਾਰੀ ਦਾ ਮਾਹੌਲ ਬਣ ਗਿਆ ਲੱਗਦਾ ਹੈ। ਸੰਵਿਧਾਨ ਨੇ ਦੇਸ਼ ਵਾਸੀਆਂ ਤੋਂ ਪਹਿਲਾਂ ਹੋ ਚੁੱਕੇ ਧਰਮ ਆਧਾਰਿਤ ਦੰਗੇ ਫਸਾਦਾਂ, ਮਜ਼ਹਬੀ ਨਫਰਤ ਅਤੇ ਦੁਸ਼ਮਣੀ ਨੂੰ ਭੁਲਾ ਕੇ ਜਿਸ ਸਹਿਜਸ਼ੀਲਤਾ, ਸਮਾਨਤਾ ਅਤੇ ਭਰਾਤਰੀ ਭਾਵ ਦੀ ਆਸ ਕੀਤੀ ਸੀ ਕਿ ਹਰ ਘਰ ਵਿਚ ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਨਜ਼ਰ ਆਵੇ, ਦੇਸ਼ ਮਜ਼ਬੂਤ ਅਤੇ ਸ਼ਕਤੀਸ਼ਾਲੀ ਬਣੇ, ਹੁਣ ਹਰ ਪਾਸੇ ਹਰ ਖੇਤਰ ਵਿਚ ਆਪਸੀ ਬੇਭਰੋਸਗੀ ਅਤੇ ਸੰਪਰਦਾਇਕ ਖਿੱਚੋਤਾਣ ਦਿਸ ਰਹੀ ਹੈ। ਇਹ ਸਭ ਕੁਝ ਵਾਪਰਦਿਆਂ ਅਖਬਾਰਾਂ ਅਤੇ ਟੀ. ਵੀ. ਚੈਨਲਾਂ 'ਤੇ ਦੇਖਿਆ ਜਾ ਸਕਦਾ ਹੈ ਕਿ ਆਪਣੇ-ਆਪਦੇ ਪੱਖ ਨੂੰ ਸਹੀ ਸਾਬਤ ਕਰਨ ਲਈ ਵੱਖ-ਵੱਖ ਪਾਰਟੀਆਂ ਦੇ ਪ੍ਰਵੱਕਤਾ/ਨੇਤਾ ਕਿਸ ਤਰ੍ਹਾਂ ਟੀ. ਵੀ. ਚੈਨਲਾਂ ਤੇ ਬਹਿਸ ਦੌਰਾਨ ਕੁੱਕੜਾਂ ਵਾਂਗ ਲੜਦੇ ਹਨ।

ਭਖਦੇ ਮੁੱਦਿਆਂ ਤੇ ਸਕਾਰਾਤਮਕ ਬਹਿਸ ਹੋਣਾ ਲੋਕਤੰਤਰ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ ਲੇਕਿਨ ਇਹ ਦੁੱਖ ਅਤੇ ਅਫਸੋਸ ਦੀ ਗੱਲ ਹੈ ਕਿ ਕੁਝ ਇਕ ਚੈਨਲਾਂ ਨੂੰ ਛੱਡ ਕੇ ਸਾਰੇ ਦਾ ਸਾਰਾ ਮੀਡੀਆ ਹੁਕਮਰਾਨ ਪਾਰਟੀ ਦਾ ਪ੍ਰਸਾਰ ਕੇਂਦਰ ਬਣ ਚੁੱਕਾ ਹੈ। ਕਿਸੇ ਵੀ ਚਲਦੀ ਬਹਿਸ ਵਿਚ ਵਿਰੋਧੀ ਪਾਰਟੀ ਦੇ ਉਠਾਏ ਗਏ ਸਵਾਲਾਂ ਦੇ ਜਵਾਬ ਦੀ ਖੇਚਲ ਸੱਤਾਧਾਰੀ ਬੁਲਾਰੇ ਇੰਨੀ ਨਹੀਂ ਦਿਖਾਂਦੇ, ਜਿੰਨੀ ਚੈਨਲ ਦੇ ਐਂਕਰ ਜਾਂ ਸੰਚਾਲਕ ਖੁਦ ਟੋਕਾਟਾਕੀ ਕਰਕੇ ਮੁੱਦੇ ਨੂੰ ਹੀ ਦਬਾਅ ਦਿੰਦੇ ਹਨ। ਲੋਕਤੰਤਰ ਦੇ ਕਹੇ ਜਾਂਦੇ ਚੌਥੇ ਥੰਮ ਪ੍ਰੈਸ (ਮੀਡੀਆ) ਆਪਣੇ ਇਸ ਪੱਖਪਾਤੀ ਭੂਮਿਕਾ ਲਈ ਖੁਦ ਇਕ ਬਦਨੁਮਾ ਧੱਬਾ ਕੋਝਾ ਕਲੰਕ ਬਣ ਗਿਆ ਹੈ। ਵਾਤਾਵਰਣ ਨੂੰ ਇਸ ਹੱਦ ਤੱਕ ਜ਼ਹਿਰੀਲਾ ਬਣਾਉਣ ਲਈ ਜੇ ਕਿਸੇ ਨੂੰ ਜ਼ਿੰਮੇਵਾਰ ਕਿਹਾ ਜਾ ਸਕਦਾ ਹੈ ਤਾਂ ਉਹ ਨਿਰਸੰਦੇਹ ਆਰ. ਐਸ. ਐਸ. ਦਾ ਰਾਜਨੀਤਿਕ ਸਰੂਪ ਭਾਜਪਾ ਅਤੇ ਉਸ ਦਾ ਸੁਪਰੀਮ ਕਮਾਂਡਰ ਮੋਦੀ ਮਹੋਦੇ ਹਨ, ਜਿਹਨਾਂ ਲਈ ਰਾਜ ਸੱਤਾ ਕੇਵਲ ਆਪਣੇ ਏਜੰਡੇ 'ਹਿੰਦੂ ਰਾਸ਼ਟਰ ਹਿੰਦੂ ਰਾਜ' ਸਥਾਪਤ ਕਰਨ ਦਾ ਸਾਧਨ ਮਾਤਰ ਹੈ ਕੋਈ ਸਮਾਨਤਾਵਾਦੀ, ਕਲਿਆਣਕਾਰੀ ਰਾਜ ਸਥਾਪਤ ਕਰਨਾ ਨਹੀਂ। ਸੰਵਿਧਾਨਕ ਲੀਕਾਂ ਤੋਂ ਹਟ ਕੇ ਦੇਸ਼ ਵਿਚ ਨਵੇਂ ਸਿਰਿਉਂ ਕੋਈ ਹੋਰ ਰਾਜ ਸ਼ਾਸਨ ਪ੍ਰਣਾਲੀ ਸਥਾਪਤ ਕਰਨਾ ਕੋਈ ਸੌਖਾ ਕੰਮ ਨਹੀਂ ਸੀ, ਜਿਹਾ ਕਿ ਪਹਿਲਾਂ ਵੀ ਵਾਜਪਾਈ ਦੀ ਭਾਜਪਾ ਸਰਕਾਰ ਨੇ 1998 ਵਿਚ ਸੰਵਿਧਾਨ ਨੂੰ ਬਦਲਣ ਦੀ ਕੋਸ਼ਿਸ਼ ਕਰਕੇ ਦੇਖ ਲਿਆ ਸੀ, ਲੇਕਿਨ ਮੋਦੀ ਨੇ ਇਸ ਵਾਰ ਕਰਕੇ ਦਿਖਾ ਦਿੱਤਾ ਹੈ। ਮੋਦੀ ਜੀ ਦੀ ਵਾਜਪਾਈ ਜੀ ਦੇ ਮੁਕਾਬਲੇ ਵਿਚ ਲੀਕੋਂ ਹਟ ਕੇ ਅਦਭੁਤ ਕਾਮਯਾਬੀ ਦਾ ਸਭ ਤੋਂ ਵੱਧ ਅੰਦਰਲਾ ਰਾਜ ਆਰ. ਐਸ. ਐਸ. ਅਤੇ ਉਸਦੇ ਸਹਿਯੋਗੀ ਸੰਗਠਨਾਂ ਹਿੰਦੂ ਵਿਸ਼ਵ ਪ੍ਰੀਸ਼ਦ, ਬਜਰੰਗ ਦਲ, ਵਿਦਿਆਰਥੀ ਪ੍ਰੀਸ਼ਦ ਆਦਿ ਦੀ ਸੰਗਠਿਤ ਸ਼ਕਤੀ ਨਾਲ ਹਿੰਦੂ ਲੋਕਾਂ ਨੂੰ ਕੱਟੜ ਹਿੰਦੂਤਵੀ ਬਣਾਉਣਾ ਹੈ। ਇਸ ਪ੍ਰਕਿਰਿਆ ਦੀ ਸਫਲਤਾ ਲਈ ਹੱਥ ਆਉਂਦੇ ਸਭ ਜਾਇਜ਼-ਨਜਾਇਜ਼ ਨੈਤਿਕ-ਅਨੈਤਿਕ, ਮਾਨਵੀ-ਅਮਾਨਵੀ ਹਥਿਆਰਾਂ, ਧਨ-ਦੌਲਤ ਅਤੇ ਢੰਗ-ਤਰੀਕਿਆਂ ਦੀ ਵਰਤੋਂ ਕੀਤੀ ਗਈ। ਇਹ ਕੋਈ ਲੁਕਿਆ-ਛਿਪਿਆ ਰਾਜ਼ ਨਹੀਂ ਹੈ। ਵਾਜਪਾਈ ਨੂੰ ਆਪਣੇ ਰਾਜਕਾਲ ਵਿਚ 24 ਮਿਲਗੋਭਾ ਪਾਰਟੀਆਂ ਦਾ ਭਾਰ ਘੜੀਸਣਾ ਪਿਆ ਸੀ ਲੇਕਿਨ ਮੋਦੀ ਸਾਹਮਣੇ ਅਜਿਹਾ ਨਾ ਕੋਈ ਗੱਠਬੰਧਨ (ਨਰੜ) ਹੈ ਅਤੇ ਨਾ ਕੋਈ ਬੰਧਨ (ਮਜਬੂਰੀ) ਹੈ। ਵਾਜਪਾਈ ਲੋਕ ਲਾਜ/ਲੋਕਾਚਾਰ ਵਜੋਂ ਹੀ ਸਹੀ ਇਨਸਾਨੀਅਤ, ਜਮਹੂਰੀ ਅਤੇ ਸ਼ਰਾਫਤ ਦੇ ਚੱਕਰਾਂ 'ਚ ਫਸੇ ਰਹੇ ਜਦਕਿ ਹੁਣ ਅਜਿਹੇ ਇਨਸਾਨੀਅਤ ਅਤੇ ਜਮਹੂਰੀਅਤ ਦੇ ਤਕਾਜ਼ਿਆਂ ਨੂੰ ਫਜ਼ੂਲ ਅਤੇ ਬਕਵਾਸ ਸ਼ਬਦ ਕਹਿ ਕੇ ਇਹ ਲੋਕ ਆਪਣੇ ਅਸਲ ਏਜੰਡੇ 'ਤੇ ਆ ਗਏ ਹਨ। ਬਾਬਰੀ ਮਸਜਿਦ ਤੋਂ ਬਾਅਦ ਗੁਜਰਾਤ, ਗੁਜਰਾਤ ਤੋਂ ਬਾਅਦ ਮੁਜ਼ੱਫਰਨਗਰ ਅਤੇ ਉਸ ਤੋਂ ਬਾਅਦ ਦਾਦਰੀ ਅਖ਼ਲਾਕ ਕਤਲ-ਕਤਲੇਆਮ ਕਾਂਡ ਇਸ ਕੜੀ ਦੇ ਪ੍ਰਮੁੱਖ ਉਦਹਾਰਣ ਹਨ। ਅਗਲਾ ਨਿਸ਼ਾਨਾ ਦਲਿਤ ਬਣੇ। ਦਲਿਤ ਵਰਗ ਵੈਸੇ ਤਾਂ ਸਦੀਆਂ ਤੋਂ ਹਿੰਦੂ ਉਤਪੀੜਨ ਅੱਤਿਆਚਾਰਾਂ ਦਾ ਨਰਕ ਭੋਗਦਾ ਆਇਆ ਹੈ ਲੇਕਿਨ ਮੋਦੀ ਸਰਕਾਰ ਦੇ ਸੱਤਾ ਸੰਭਾਲਣ ਉਪਰੰਤ ਜਿਸ ਰਫਤਾਰ ਅਤੇ ਮਾਤਰਾ ਵਿਚ ਉਤਪੀੜਨ ਵਿਚ ਵਾਧਾ ਹੋਇਆ ਹੈ, ਉਸ ਨੇ ਸਭ ਨੂੰ ਨਵੀਂ ਸੋਚ ਵਿਚ ਪਾ ਦਿੱਤਾ ਹੈ ਕਿ ਮੋਦੀ ਦੇ ਦਿਖਾਏ ਅੱਛੇ ਦਿਨਾਂ ਦੇ ਲੱਡੂ ਕਿਤੇ ਬੂਰ ਦੇ ਲੱਡੂ ਤਾਂ ਨਹੀਂ! (ਅਖਬਾਰਾਂ ਵਿਚ ਛਪੀਆਂ ਅਤੇ ਮੀਡੀਆ ਤੇ ਦਿਖਾਈ ਜਾਂਦੀਆਂ ਰਿਪੋਰਟਾਂ ਸਬੂਤ ਲਈ ਗਵਾਹ ਹਨ। ਇਸ ਤੋਂ ਇਲਾਵਾ ਜੋ ਮੋਦੀ ਸਰਕਾਰ ਨੇ ਗਊ ਰੱਖਿਅਕ ਧਰਮ ਰੱਖਿਅਕ ਗੁੰਡੇ ਦਸਤਿਆਂ ਨੂੰ ਕਿਸੇ 'ਤੇ ਵੀ ਸ਼ੱਕ ਜਾਂ ਅਫਵਾਹ ਕਾਰਨ ਮਾਰਨ, ਪ੍ਰੇਸ਼ਾਨ ਕਰਨ ਦੀ ਖੁੱਲ੍ਹ ਦੇ ਰੱਖੀ ਹੈ ਉਸ ਨੇ ਇਸ ਸਰਕਾਰ ਦੇ ਮਨਸੂਬਿਆਂ, ਇਰਾਦਿਆਂ ਅਤੇ ਲੁਕੇ ਏਜੰਡੇ ਨੂੰ ਹੋਰ ਨੰਗਾ ਕਰ ਦਿੱਤਾ ਹੈ। ਦਾਭੋਲਕਰ, ਪਾਨਸਾਰੇ, ਕਲਬੁਰਗੀ, ਅਨੰਤਾ ਮੂਰਤੀ ਵਰਗੇ ਬੁੱਧੀਮਾਨ ਸਾਹਿਤਕਾਰਾਂ ਨੂੰ ਅੰਧ ਵਿਸ਼ਵਾਸ ਖਿਲਾਫ ਲੜਨ ਦੇ 'ਜ਼ੁਰਮ' ਵਿਚ ਗੋਲੀਆਂ ਨਾਲ ਭੁੰਨ ਦਿੱਤਾ। ਦੋਸ਼ੀ ਹਾਲੇ ਤੱਕ ਕਾਨੂੰਨ ਅਤੇ ਇਨਸਾਫ ਨੂੰ ਦੰਦ ਕੱਢ ਕੇ ਚਿੜਾ ਰਹੇ ਹਨ। ਕਿਸੇ ਪਾਸੇ ਗਊ ਰੱਖਿਅਕ ਅਤੇ ਕਿਸੇ ਪਾਸੇ ਧਰਮ ਰੱਖਿਅਕ ਗੁੰਡਿਆਂ ਅੱਗੇ ਰੁਕ ਜਾਣ ਲਈ ਜਦ ਸਰਵ ਸ਼ਕਤੀਮਾਨ ਪ੍ਰਧਾਨ ਮੰਤਰੀ ਤਰਲੇ ਮਿੰਨਤਾਂ ਕਰਨ ਲੱਗ ਪਵੇ, ਉਥੇ ਇਕ ਸਧਾਰਨ ਪੁਲਸੀਆ ਜਾਂ ਖੱਬੀ ਖਾਂ ਐਸ. ਐਚ. ਓ/ਐਸ. ਪੀ. ਕਿਹੜੇ ਬਾਗ ਦੀ ਮੂਲੀ ਹੈ?

ਇਹ ਵੀ ਗੱਲ ਨਹੀਂ ਕਿ ਅਲਪ ਸੰਖਿਅਕ ਸਮੁਦਾਇਆਂ ਨਾਲ ਹੁੰਦੀਆਂ ਜ਼ਿਆਦਤੀਆਂ ਜਾਂ ਦਲਿਤ ਪਿੱਛੜੇ ਵਰਗਾਂ ਉਤੇ ਢਾਹੇ ਜਾਂਦੇ ਜ਼ੁਲਮ ਅੱਤਿਆਚਾਰਾਂ ਨੂੰ ਕੋਈ ਦੇਖ ਨਹੀਂ ਰਿਹਾ। ਇਸ ਦੇ ਉਲਟ ਹਿੰਦੂਤਵੀ ਦਮਨ ਦੀਆਂ ਗੂੰਜਾਂ ਨਾ ਕੇਵਲ ਉਬਾਮਾ ਦੇ ਦੇਸ਼ ਅਮਰੀਕਾ ਬਲਕਿ ਵਿਸ਼ਵ ਦੀ ਸਿਖਰਲੀ ਸੰਸਥਾ ਯੂ. ਐਨ. ਓ. ਦੇ ਸਦਨਾਂ ਵਿਚ ਵੀ ਗੂੰਜਣ ਲੱਗ ਪਈਆਂ ਹਨ। ਜਿਹਨਾਂ ਨੇ ਆਪਣੇ-ਆਪਣੇ ਢੰਗ ਨਾਲ ਇਸ ਦਮਨਕਾਰੀ ਹੁੱਲੜਬਾਜ਼ੀ ਦੀ ਨਿਖੇਧੀ ਕਰਨ ਦੇ ਨਾਲ ਸਰਕਾਰ ਨੂੰ ਸਾਵਧਾਨ ਵੀ ਕੀਤਾ ਹੈ। ਇਸ ਤੋਂ ਵੀ ਵੱਧ ਇੱਥੋਂ ਦੀ ਜਨਤਾ ਨੂੰ ਵੀ ਪਤਾ ਲੱਗ ਗਿਆ ਹੈ ਕਿ ਮੋਦੀ ਦੇ 'ਅੱਛੇ ਦਿਨਾਂ' ਦੇ ਨਾਅਰੇ ਦੀ ਅਸਲੀਅਤ ਕੀ ਹੈ, ਜਿਵੇਂ ਕਿ ਅਤਿ ਦੀ ਮਹਿੰਗਾਈ ਨਾਲ ਚੀਕ ਰਹੇ ਲੋਕਾਂ ਨੂੰ ਭਾਰੀ ਭਰਕਮ ਟੈਕਸਾਂ ਨਾਲ ਲੱਦ ਦੇ ਕਿਹਾ ਜਾਵੇ 'ਚੜ੍ਹ ਜਾ ਬੇਟਾ ਸੂਲੀ ਰਾਮ ਭਲੀ ਕਰੇਗਾ'। ਮਹਿੰਗਾਈ ਅਤੇ ਟੈਕਸਾਂ ਦੇ ਬੋਝ ਥੱਲੇ ਚੀਕ ਰਹੇ ਗਰੀਬ ਕਿਸਾਨ ਮਜ਼ਦੂਰ ਦਸਤਕਾਰ, ਛੋਟੇ ਦੁਕਾਨਦਾਰ, ਵਪਾਰੀ ਨਾਲ ਇਹ ਕਿੰਨਾ ਕਰੂਰ ਮਜ਼ਾਕ ਹੈ। ਇਹੋ ਜਿਹੇ ਨਿਰਾਸ਼ਾ ਭਰੇ ਹਾਲਾਤ ਵਿਚ ਕਿਸੇ ਵੀ ਸ਼ਾਸਕ/ਸਰਕਾਰ ਦਾ ਹਕੂਮਤ ਦੀ ਗੱਦੀ 'ਤੇ ਟਿਕੇ ਰਹਿਣਾ ਸੰਭਵ ਨਹੀਂ ਹੋ ਸਕਦਾ। ਮਿਸਾਲਾਂ ਗਵਾਹ ਹਨ: ਕਿਸੇ ਸਰਕਾਰ ਨੂੰ 100 ਰੁਪਏ ਕਿਲੋ ਪਿਆਜ ਲੈ ਬੈਠਾ ਅਤੇ ਕਿਸੇ ਨੂੰ ਜੰਗਲ ਰਾਜ (ਲਾ ਕਾਨੂੰਨੀ) ਨੇ ਨਹੀਂ ਛੱਡਿਆ। ਪਰ ਇੱਥੇ ਮੋਦੀ ਸਾਹਿਬ ਦੀ ਤਾਂ ਗੱਲ ਹੀ ਵੱਖਰੀ ਹੈ, ਜਿਹਨਾਂ ਦਾ ਸੰਪਰਦਾਇਕ ਦੰਗੇ ਫਸਾਦ ਕਤਲ ਕਾਂਡਾਂ ਮਹਿੰਗਾਈ, ਟੈਕਸ ਦੇ ਬਾਅਦ ਵੀ ਕੋਈ ਵਾਲ ਵਿੰਗਾ ਨਹੀਂ ਕਰ ਸਕਿਆ। ਜਿੱਥੇ ਸਧਾਰਨ ਸ਼ਾਸਕ ਦੀਆਂ ਦੋ ਅੱਖਾਂ ਕੰਮ ਨਹੀਂ ਕਰਦੀਆਂ, ਉਥੇ ਅਸਧਾਰਣ ਬੰਦੇ ਦੀ ਤੀਜੀ ਅੱਖ ਹੀ ਕਾਫੀ ਹੁੰਦੀ ਹੈ, ਜਿਸ ਦੀ ਮੋਦੀ ਸਾਹਿਬ ਕੋਲ ਕੋਈ ਕਮੀ ਨਹੀਂ। ਸੰਪਰਦਾਇਕ ਕੁੜੱਤਣ ਕਾਰਨ ਵੱਧ ਰਹੀ ਵਿਰੋਧਤਾ ਤੋਂ ਧਿਆਨ ਹਟਾਉਣ ਲਈ ਕੁਝ ਸਨਸਨੀਖੇਜ਼ ਕਮਾਲ ਦਿਖਾਉਣਾ ਜ਼ਰੂਰੀ ਸੀ, ਉਹ ਮੌਕਾ ਉਹਨਾਂ ਨੂੰ ਕਸ਼ਮੀਰ ਬਾਰਡਰ ਦੇ ਉੜੀ ਗੈਰੀਜ਼ਨ 'ਤੇ ਹੋਏ ਅੱਤਵਾਦੀ ਹਮਲੇ ਨੇ ਹੱਥ ਫੜਾ ਦਿੱਤਾ। ਇਹ ਹਮਲਾ ਸਮੁੱਚੇ ਭਾਰਤ ਦੀ ਸ਼ਾਨ ਅਤੇ ਭਾਰਤੀ ਫੌਜ ਨੂੰ ਪਾਕਿਸਤਾਨੀ ਚੁਣੌਤੀ ਸੀ, ਜਿਸ ਦਾ ਭਾਰਤੀ ਫੌਜ ਨੇ ਕੁਝ ਹੀ ਦਿਨਾਂ ਵਿਚ ਮੂੰਹ ਤੋੜ ਢੁਕਵਾਂ ਜਵਾਬ ਦੇ ਦਿੱਤਾ। ਇਸ ਜਵਾਬੀ ਹਮਲੇ ਨੂੰ ਸਰਜੀਕਲ ਸਟ੍ਰਾਈਕ ਦਾ ਨਾਮ ਦੇ ਕੇ ਮੋਦੀ ਸਰਕਾਰ ਨੇ ਸਾਰਾ ਕ੍ਰੈਡਿਟ ਲੈ ਕੇ ਜਦ ਇਸ ਫੌਜੀ ਕਾਰਵਾਈ ਨੂੰ ਰਾਜਨੀਤਿਕ ਰੰਗ ਦਿੱਤਾ ਤਾਂ ਵਿਰੋਧੀ ਪਾਰਟੀਆਂ ਵੱਲੋਂ ਕਈ ਮੁੱਦਿਆਂ ਤੇ ਸਵਾਲ ਉਠਾਉਣਾ ਕੁਦਰਤੀ ਸੀ, ਜਿਹਨਾਂ 'ਤੇ ਫੱਟ ਰਾਸ਼ਟਰ ਵਿਰੋਧੀ ਹੋਣ ਦਾ ਵੀ ਠੱਪਾ ਠੋਕ ਦਿੱਤਾ ਗਿਆ। ਫੌਜੀ ਸੂਤਰਾਂ ਤੋਂ ਬਾਅਦ ਵਿਚ ਇਹ ਵੀ ਪਤਾ ਲੱਗਿਆ ਕਿ ਇਸ ਤਰ੍ਹਾਂ ਦੀਆਂ ਸਰਹੱਦ ਨੂੰ ਪਾਰ ਕਰਕੇ ਫੌਜੀ ਕਾਰਵਾਈਆਂ ਪਹਿਲਾਂ ਵੀ ਹੋ ਚੁੱਕੀਆਂ ਹਨ ਪਰ ਉਹਨਾਂ ਨੂੰ ਗੁਪਤ ਹੀ ਰੱਖਿਆ ਗਿਆ ਸੀ। ਇਸੇ ਤਰ੍ਹਾਂ ਪਿਛਲੇ 8 ਨਵੰਬਰ ਨੂੰ ਚੱਲ ਰਹੇ 500 ਅਤੇ 1000 ਦੇ ਨੋਟਾਂ ਨੂੰ ਬੰਦ ਕਰਨ ਦੇ ਅਚਨਚੇਤ ਐਲਾਨ ਨੂੰ ਵੀ ਕਾਲੇ ਧਨ ਅਤੇ ਭ੍ਰਿਸ਼ਟਾਚਾਰ ਵਿਰੁੱਧ ਕੀਤੀ ਗਈ ਸਰਜੀਕਲ ਸਟ੍ਰਾਈਕ ਦਾ ਨਾਮ ਦੇ ਕੇ ਕਰੋੜਾਂ ਲੋਕਾਂ ਨੂੰ ਇਕ ਨਵੀਂ ਮੁਸੀਬਤ ਵਿਚ ਖੜ੍ਹਾ ਕਰ ਦਿੱਤਾ। ਇਸ ਨਵੀਂ ਮੁਸੀਬਤ ਦਾ ਸਭ ਤੋਂ ਬੁਰੀ ਤਰ੍ਹਾਂ ਸ਼ਿਕਾਰ ਫਿਰ ਉਹੀ ਗਰੀਬ ਮਜ਼ਦੂਰ, ਰਿਕਸ਼ੇ ਰੇੜ੍ਹੀ ਵਾਲੇ, ਦਸਤਕਾਰ, ਛੋਟੇ ਦੁਕਾਨਦਾਰਾਂ ਦਾ ਤਬਕਾ ਹੀ ਸੀ। ਆਪਣੇ ਹੀ ਜਮ੍ਹਾ ਪੈਸੇ ਨੂੰ ਕੇਵਲ ਦੋ ਢਾਈ ਹਜ਼ਾਰ ਦੀ ਮਾਤਰਾ ਵਿਚ ਕਢਵਾਉਣ ਲਈ ਬੈਂਕਾਂ ਅੱਗੇ ਕਈ ਕਈ ਦਿਨ ਲੰਮੀਆਂ ਕਤਾਰਾਂ ਵਿਚ ਖੜ੍ਹੇ ਹੋਣਾ ਪਿਆ। ਉਸ ਦੇ ਸੀਨ ਟੀ. ਵੀ. ਚੈਨਲਾਂ ਤੇ ਬਰਾਬਰ ਦੇਖੇ ਜਾ ਸਕਦੇ ਹਨ। ਇਹਨਾਂ ਕਤਾਰਾਂ ਵਿਚ ਖੜ੍ਹੇ-ਖੜ੍ਹੇ 120 ਤੋਂ ਵਧ ਬੰਦੇ, ਜਨਾਨੀਆਂ ਬਜ਼ੁਰਗ ਜਾਨ ਦੇ ਬੈਠੇ ਹਨ। ਮੋਦੀ ਨੇ ਇਸ ਮੁਸੀਬਤ ਤੋਂ ਛੁਟਕਾਰੇ ਲਈ ਜੋ 50 ਦਿਨਾਂ ਦੀ ਛੋਟ ਮੰਗੀ ਸੀ, ਹੁਣ ਖਤਮ ਹੋ ਗਈ ਹੈ ਲੇਕਿਨ ਲੋਕਾਂ ਦੀ ਅਣਮੰਗੀ ਮੁਸੀਬਤ ਖਤਮ ਨਾ ਹੋਈ ਹੈ ਅਤੇ ਨਾ ਖਤਮ ਹੋਣ ਦੇ ਲੱਛਣ ਦਿਸਦੇ ਹਨ। ਦੇਸ਼ ਦੇ ਚੋਟੀ ਦੇ ਅਰਥ ਸ਼ਾਸਤਰੀ ਇਸ ਨੂੰ ਬਿਨਾਂ ਸੋਚੇ ਸਮਝੇ ਬਿਨਾਂ ਉਚਿਤ ਤਿਆਰੀ ਹੜਬੜੀ 'ਚ ਚੁੱਕਿਆ ਕਦਮ ਕਰਾਰ ਦਿੱਤਾ ਹੈ, ਜਿਸ ਨਾਲ ਨਾ ਭ੍ਰਿਸ਼ਟਾਚਾਰ ਖਤਮ ਹੋਣ ਵਾਲਾ ਹੈ ਅਤੇ ਨਾ ਹੀ ਕਾਲੇ ਧਨ 'ਤੇ ਪੂਰੀ ਤਰ੍ਹਾਂ ਰੋਕ ਲੱਗ ਸਕੇਗੀ। ਕਾਲਾ ਧਨ (ਬਿਨਾਂ ਟੈਕਸ, ਬਿਨਾਂ ਹਿਸਾਬ ਕਿਤਾਬ) ਤਾਂ ਪਹਿਲਾਂ ਹੀ ਧਨਕੁਬੇਰਾਂ ਕੋਲ ਸੋਨੇ ਦੀਆਂ ਇੱਟਾਂ, ਰੀਅਲ ਅਸਟੇਟ, ਬੇਨਾਮੀ ਜਾਇਦਾਦਾਂ, ਮੰਦਰਾਂ, ਮੱਠਾਂ ਦੇ ਤਹਿਖਾਨਿਆਂ/ਖਜ਼ਾਲਿਆਂ 'ਚ ਦੱਬਿਆ ਪਿਆ ਹੈ। ਕੀ ਅਜਿਹੇ ਅਥਾਹ ਧਨ ਨੂੰ ਵੀ ਬਾਹਰ ਕੱਢ ਕੇ ਬਾਜ਼ਾਰ ਵਿਚ ਲਿਆਵੁਣ ਦੀ ਕਿਸੇ ਦੀ ਹਿੰਮਤ ਹੈ? ਰੋਟੀ, ਦਵਾਈ ਖਰੀਦਣ ਤੋਂ ਤੰਗ ਲੋਕਾਂ ਦੀਆਂ ਕਤਾਰਾਂ ਬਾਰੇ ਰਿਪੋਰਟਾਂ ਦੇਖ ਕੇ ਇਕ ਸੁਣਵਾਈ ਦੇ ਦੌਰਾਨ ਖੁਦ ਸੁਪਰੀਮ ਕੋਰਟ ਨੂੰ ਕਹਿਣਾ ਪਿਆ ਕਿ ਪ੍ਰੇਸ਼ਾਨੀ 'ਚ ਫਸੇ ਲੋਕ ਭੜਕ ਕੇ ਦੰਗਾ ਫਸਾਦ ਵੀ ਕਰ ਸਕਦੇ ਹਨ।

ਇਸ ਜਬਰੀ ਨੋਟਬੰਦੀ ਦੇ ਨਤੀਜੇ ਵਜੋਂ ਕਰੋੜਾਂ ਦੀ ਗਿਣਤੀ ਵਿਚ ਮਜ਼ਦੂਰ ਪੇਸ਼ਾ ਲੋਕ ਬੇਕਾਰ ਹੋ ਗਏ ਹਨ। ਛੋਟੇ-ਮੋਟੇ ਕਾਰਖਾਨੇ ਬੰਦ ਹੋ ਗਏ ਹਨ। ਕਾਮਿਆਂ ਦੀ ਛੁੱਟੀ ਕਰ ਦਿੱਤੀ ਗਈ ਹੈ। ਉਹਨਾਂ ਭੁੱਖੇ ਪੇਟ ਸੌਣ ਵਾਲੇ ਟੱਬਰਾਂ, ਬੱਚਿਆਂ ਦੀ ਜ਼ਿੰਮੇਵਾਰ ਕਿਸਦੀ ਹੈ? ਇਹਨਾਂ ਸਵਾਲਾਂ ਦੇ ਜਵਾਬ ਲਈ ਪਾਰਲੀਮੈਂਟ ਵਿਚ ਪ੍ਰਧਾਨ ਮੰਤਰੀ 'ਤੇ ਲਗਾਤਾਰ ਦਬਾਅ ਪਾਇਆ ਜਾਂਦਾ ਹੈ। ਨਾ ਉਹ ਕਿਸੇ ਵਿਰੋਧੀ ਦੀ ਗੱਲ ਸੁਣਨ ਵਾਸਤੇ ਸਦਨ ਵਿਚ ਬੈਠ ਸਕਦੇ ਹਨ ਅਤੇ ਨਾ ਹੀ ਉਹ ਕੋਈ ਜਵਾਬ ਦੇਣਾ ਜ਼ਰੂਰੀ ਸਮਝਦੇ ਹਨ। ਵਿਰੋਧੀ ਪੱਖ ਦਾ ਤਾਂ ਇਹੀ ਸਵਾਲ ਸੀ ਕਿ ਜਦ ਨੋਟਬੰਦੀ ਦਾ ਐਲਨ ਕਰਨ ਵਾਲੇ ਆਪ ਪ੍ਰਧਾਨ ਮੰਤਰੀ ਹਨ ਤਾਂ ਉਸ ਨਾਲ ਸਬੰਧਤ ਸਵਾਲਾਂ ਦਾ ਜਵਾਬ ਦੇਣਾ ਜਾਂ ਕਿਸੇ ਸ਼ੱਕ ਅਤੇ ਇਤਰਾਜ਼ ਬਾਰੇ ਸਪਸ਼ਟੀਕਰਨ ਦੇਣਾ ਵੀ ਤਾਂ ਉਹਨਾਂ ਦਾ ਹੀ ਕੰਮ ਹੈ। ਕਿਸੇ ਹੋਰ ਮੰਤਰੀ ਦਾ ਅਧਿਕਾਰ ਨਹੀਂ ਹੋ ਸਕਦਾ। ਇਸੇ ਇਕ ਸਵਾਲ 'ਤੇ ਸਾਰੇ ਦਾ ਸਾਰਾ ਵਿੰਟਰ ਸੈਸ਼ਨ ਬਿਨਾਂ ਕਿਸੇ ਕੰਮਕਾਜ ਵਾਸ਼ ਆਊਟ (ਸਾਫ) ਹੋ ਗਿਆ। ਚੇਤੇ ਰਹੇ ਕਿ ਦੋਵਾਂ ਸਦਨਾਂ ਦਾ ਖਰਚਾ 3 ਕਰੋੜ ਪ੍ਰਤੀ ਘੰਟਾ ਹੈ, ਇਸ ਤਰ੍ਹਾਂ ਲੋਕਾਂ ਦੇ ਅਰਬਾਂ ਰੁਪਏ ਟੈਕਸਾਂ ਦੀ ਬਰਬਾਦੀ ਲਈ ਕੌਣ ਜ਼ਿੰਮੇਵਾਰ ਹੈ?

ਜਦ ਪ੍ਰਧਾਨ ਮੰਤਰੀ ਬਾਹਰ ਜਨਤਕ ਰੈਲੀਆਂ ਵਿਚ ਨੋਟਬੰਦੀ ਬਾਰੇ ਕਈ-ਕਈ ਘੰਟੇ ਭਾਸ਼ਣ ਦੇ ਸਕਦੇ ਹਨ, ਜਿਹਨਾਂ ਵਿਚ ਉਹ ਆਪਣੀ ਸਿਫਤਾਂ ਕਰਦੇ ਨਹੀਂ ਥੱਕਦੇ, ਉਹੀ ਗੱਲਾਂ ਉਹ ਸਦਨ ਵਿਚ ਵਿਰੋਧੀ ਧਿਰਾਂ ਦੀ ਮੌਜੂਦਗੀ ਵਿਚ ਕਿਉਂ ਨਹੀਂ ਕਹਿ ਸਕਦੇ? ਬਾਹਰ ਰੈਲੀਆਂ ਵਿਚ ਉਹ ਨਾ ਕੇਵਲ ਅਸਲ ਮੁੱਦਿਆਂ ਤੇ ਬੋਲਣ ਤੋਂ ਜਾਣ-ਬੁੱਝ ਕੇ ਕੰਨੀ ਕਤਰਾਉਂਦੇ ਹਨ, ਸਗੋਂ ਵਿਰੋਧੀ ਲੀਡਰਾਂ ਦੇ ਸਵਾਲਾਂ ਦੀ ਖਿੱਲੀ ਉਡਾਉਂਦੇ ਹਨ ਜੋ ਸਹੀ ਸੋਚ ਰੱਖਣ ਵਾਲੇ ਸਿਆਣੇ ਪੁਰਸ਼ਾਂ ਦੀ ਰਾਏ ਅਨੁਸਾਰ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਵਿਅਕਤੀ ਨੂੰ ਹਰਗਿਜ਼ ਸ਼ੋਭਾ ਨਹੀਂ ਦਿੰਦਾ। (ਐਨ. ਡੀ. ਟੀ. ਵੀ. 23-12)

ਸੰਵਿਧਾਨ ਸਭਾ ਵਿਚ 4 ਨਵੰਬਰ 1948 ਨੂੰ ਸੰਵਿਧਾਨ ਦਾ ਖਰੜਾ ਪੇਸ਼ ਕਰਦਿਆਂ ਬਾਬਾ ਸਾਹਿਬ ਅੰਬੇਡਕਰ ਨੇ ਕੁਝ ਮੈਂਬਰਾਂ ਵੱਲੋਂ ਉਠਾਏ ਗਏ ਸਵਾਲਾਂ ਦਾ ਜਵਾਬ ਦਿੰਦੇ ਹੋਏ ਕਿਹਾ ਸੀ: ਇਹ ਸੰਵਿਧਾਨ ਨਾ ਕਿਸੇ ਦੇਸ਼ ਦੇ ਸੰਵਿਧਾਨ ਦੀ ਨਕਲ ਹੈ ਅਤੇ ਨਾ ਚੋਰੀ ਬਲਕਿ ਪਿਛਲੇ 100 ਸਾਲਾਂ ਤੋਂ ਬਣ ਰਹੇ ਦੁਨੀਆਂ ਦੇ ਦੇਸ਼ਾਂ ਦੇ ਸੰਵਿਧਾਨਾਂ ਵਿਚ ਜੋ ਅੱਛਾ ਨਜ਼ਰ ਆਇਆ, ਉਸ ਤੋਂ ਆਪਣੇ ਸੰਵਿਧਾਨ ਲਈ ਪ੍ਰੇਰਨਾ ਵੀ ਲਈ ਹੈ ਅਤੇ ਬਹੁਤ ਕੁਝ ਹੋਰ ਅਸਬੰਧਿਤ ਗੱਲਾਂ ਨੂੰ ਛੱਡ ਕੇ ਅਤੇ ਆਪਣੇ ਦੇਸ਼ ਦੇ ਹਾਲਾਤ, ਸਮੱਸਿਆਵਾਂ ਅਤੇ ਜ਼ਰੂਰਤਾਂ ਨੂੰ ਕੇਂਦਰਿਤ ਕਰਕੇ ਜੋ ਕੁਝ ਅੱਛੇ ਤੋਂ ਅੱਛਾ ਹੋ ਸਕਦਾ ਸੀ, ਆਪਣਾ ਸੰਵਿਧਾਨ ਤਿਆਰ ਕੀਤਾ ਹੈ। ਜ਼ਾਹਿਰ ਹੈ ਕਿ ਸੰਵਿਧਾਨ ਦੇ ਜਿਸ ਮਾਡਲ ਨੂੰ ਦੇਸ਼ ਦੀ ਉਚਤਮ ਸਭਾ ਨੇ ਪਾਸ ਕੀਤਾ ਅਤੇ ਅਪਣਾਇਆ, ਉਹੀ ਅੱਛੇ ਤੋਂ ਅੱਛਾ ਸੰਵਿਧਾਨ ਹੈ, ਜਿਸ ਨੂੰ ਦਿਲ ਤੋਂ ਸਵੀਕਾਰ ਕਰਨਾ ਹੀ ਹਰ ਦੇਸ਼ ਵਾਸੀ ਲਈ ਉਨਾ ਹੀ ਜ਼ਰੂਰੀ ਹੈ। ਗਣਤੰਤਰ ਵੀ ਇਸੇ ਸੰਵਿਧਾਨ ਦਾ ਇਕ ਬੁਨਿਆਦੀ ਰੂਪ ਹੈ, ਫਿਰ ਇਸ ਰੂਪ ਨੂੰ ਕਰੂਪ ਕੌਣ ਕਰ ਸਕਦਾ ਹੈ? ਅਤੇ ਕਿਉਂ ਕੀਤਾ ਜਾਵੇ?

ਇਸੇ ਤੋਂ ਇਲਾਵਾ ਸੰਵਿਧਾਨ ਬਾਰੇ ਦਿੱਤੀ ਗਈ ਬਾਬਾ ਸਾਹਿਬ ਦੀ ਇਹ ਚਿਤਾਵਨੀ (25. 11. 49) ਵੀ ਚੇਤੇ ਰੱਖਣ ਯੋਗ ਹੈ ਕਿ 'ਸੰਵਿਧਾਨ ਭਾਵੇਂ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ ਲੇਕਿਨ ਜੇ ਉਸ ਨੂੰ ਅਮਲੀ ਰੂਪ ਦੇਣ ਵਾਲੇ ਬੰਦੇ ਮਾੜੇ (ਭੈੜੇ) ਹੋਣਗੇ ਤਾਂ ਸੰਵਿਧਾਨ ਵੀ ਮਾੜਾ ਹੋ ਸਕਦਾ ਹੈ ਅਤੇ ਜੇ ਉਸ 'ਤੇ ਕੰਮ ਕਰਨ ਵਾਲੇ ਬੰਦੇ ਚੰਗੇ ਹੋਣਗੇ ਤਾਂ ਮਾੜਾ ਸੰਵਿਧਾਨ ਵੀ ਚੰਗਾ ਬਣ ਸਕਦਾ ਹੈ।' ਇਹ ਕਥਨ ਅੱਜ ਦੀ ਭਾਜਪਾ ਸਰਕਾਰ 'ਤੇ ਸੌ ਫੀਸਦੀ ਸਹੀ ਢੁੱਕਦਾ ਹੈ, ਜਿਸ ਨੇ ਆਪਣੀ ਸੰਪਰਦਾਇਕ ਨੀਤੀਆਂ ਅਤੇ ਹਿੰਦੂਤਵੀ ਏਜੰਡੇ ਕਾਰਨ ਭਾਰਤ ਦੇ ਗਣਤੰਤਰ ਨੂੰ ਕਚਰਾ ਤੰਤਰ ਬਣਾ ਦਿੱਤਾ ਹੈ।

ਲੇਖਕ ਟਿੱਪਣੀਕਾਰ ਮਨੀਸ਼ ਛਿੱਬਰ ਨੇ ਬਾਬਾ ਸਾਹਿਬ ਦੇ ਸੰਵਿਧਾਨ ਸਭਾ ਵਿਚ ਦਿੱਤੇ ਗਏ ਭਾਸ਼ਣ ਦੇ ਚੋਣਵੇ ਟੂਕ ਦੇ ਕੇ ਭਾਰਤੀ ਸਮਾਜ ਨੂੰ ਸਵਾਲ ਕੀਤਾ ਹੈ: (ਇੰਡੀਅਨ ਐਕਸਪ੍ਰੈਸ: 21. 12. 16) Is anyone listening to Ambedkar? ਅਤੇ ਇਹ ਸਵਾਲ ਹਮੇਸ਼ਾ ਗੂੰਜਦਾ ਰਹੇਗਾ!

**ਸੰਵਿਧਾਨ ਸਭਾ ਵਿਚ 4 ਨਵੰਬਰ 1948 ਨੂੰ ਸੰਵਿਧਾਨ ਦਾ ਖਰੜਾ ਪੇਸ਼ ਕਰਦਿਆਂ ਬਾਬਾ ਸਾਹਿਬ ਅੰਬੇਡਕਰ ਨੇ ਕੁਝ ਮੈਂਬਰਾਂ ਵੱਲੋਂ ਉਠਾਏ ਗਏ ਸਵਾਲਾਂ ਦਾ ਜਵਾਬ ਦਿੰਦੇ ਹੋਏ ਕਿਹਾ ਸੀ: ਇਹ ਸੰਵਿਧਾਨ ਨਾ ਕਿਸੇ ਦੇਸ਼ ਦੇ ਸੰਵਿਧਾਨ ਦੀ ਨਕਲ ਹੈ ਅਤੇ ਨਾ ਚੋਰੀ ਬਲਕਿ ਪਿਛਲੇ 100 ਸਾਲਾਂ ਤੋਂ ਬਣ ਰਹੇ ਦੁਨੀਆਂ ਦੇ ਦੇਸ਼ਾਂ ਦੇ ਸੰਵਿਧਾਨਾਂ ਵਿਚ ਜੋ ਅੱਛਾ ਨਜ਼ਰ ਆਇਆ, ਉਸ ਤੋਂ ਆਪਣੇ ਸੰਵਿਧਾਨ ਲਈ ਪ੍ਰੇਰਨਾ ਵੀ ਲਈ ਹੈ ਅਤੇ ਬਹੁਤ ਕੁਝ ਹੋਰ ਅਸਬੰਧਿਤ ਗੱਲਾਂ ਨੂੰ ਛੱਡ ਕੇ ਅਤੇ ਆਪਣੇ ਦੇਸ਼ ਦੇ ਹਾਲਾਤ, ਸਮੱਸਿਆਵਾਂ ਅਤੇ ਜ਼ਰੂਰਤਾਂ ਨੂੰ ਕੇਂਦਰਿਤ ਕਰਕੇ ਜੋ ਕੁਝ ਅੱਛੇ ਤੋਂ ਅੱਛਾ ਹੋ ਸਕਦਾ ਸੀ, ਆਪਣਾ ਸੰਵਿਧਾਨ ਤਿਆਰ ਕੀਤਾ ਹੈ। ਜ਼ਾਹਿਰ ਹੈ ਕਿ ਸੰਵਿਧਾਨ ਦੇ ਜਿਸ ਮਾਡਲ ਨੂੰ ਦੇਸ਼ ਦੀ ਉਚਤਮ ਸਭਾ ਨੇ ਪਾਸ ਕੀਤਾ ਅਤੇ ਅਪਣਾਇਆ, ਉਹੀ ਅੱਛੇ ਤੋਂ ਅੱਛਾ ਸੰਵਿਧਾਨ ਹੈ, ਜਿਸ ਨੂੰ ਦਿਲ ਤੋਂ ਸਵੀਕਾਰ ਕਰਨਾ ਹੀ ਹਰ ਦੇਸ਼ ਵਾਸੀ ਲਈ ਉਨਾ ਹੀ ਜ਼ਰੂਰੀ ਹੈ। ਗਣਤੰਤਰ ਵੀ ਇਸੇ ਸੰਵਿਧਾਨ ਦਾ ਇਕ ਬੁਨਿਆਦੀ ਰੂਪ ਹੈ, ਫਿਰ ਇਸ ਰੂਪ ਨੂੰ ਕਰੂਪ ਕੌਣ ਕਰ ਸਕਦਾ ਹੈ? ਅਤੇ ਕਿਉਂ ਕੀਤਾ ਜਾਵੇ?**

# ਸਾਹਿਤਕ ਪੈੜਾਂ- ਇਸ ਹਫ਼ਤੇ ਦੇ ਸ਼ਾਇਰ

## ਸਾਲ ਨਵਾਂ ਹੁਣ ਆ ਗਿਆ


ਮੇਜਰ ਸਿੰਘ ਨਾਭਾ

ਬੱਚਿਓ ਸੁਣ ਲਓ ਨਾਲ ਧਿਆਨ
ਸਮੇਂ ਦਾ ਨਹੀਂ ਕਰਨਾ ਅਪਮਾਨ
ਸਾਲ ਨਵਾਂ ਹੁਣ ਆ ਗਿਆ
365 ਦਿਨਾਂ ਨੂੰ ਅਸਾਂ ਪਾ ਲਿਆ
ਕੰਮ ਨਾ ਜੋ ਕੀਤੇ ਪਿਛਲੇ ਸਾਲ
ਹੁਣ ਕਰ ਲਓ ਉਨ੍ਹਾਂ ਦਾ ਖਿਆਲ
ਅਧੂਰੇ ਕੰਮ ਜੋ ਰਹਿ ਗਏ ਨੇ
ਪੂਰੇ ਕਰਨੇ ਹੁਣ ਹੈਗੇ ਨੇ।
ਵਰਤਮਾਨ ਨੂੰ ਜੋ ਸਾਂਭ ਲੈਂਦੇ ਨੇ
ਸਫਲਤਾ ਨੂੰ ਉਹ ਪਾ ਲੈਂਦੇ ਨੇ
ਸ਼ੁਰੂ ਕਰ ਲਓ ਇਹ ਰੀਤ
ਪਾ ਲਓ ਪੜ੍ਹਾਈ ਨਾਲ ਪ੍ਰੀਤ
ਲੰਘਿਆ ਜਾਂਦਾ ਇਹ ਸਿਆਲ
ਔਖੇ ਔਖੇ ਕੱਢ ਲਓ ਸਵਾਲ
ਠੰਡ ਵਿਚ ਜੋ ਪੜ੍ਹਨਗੇ
ਉਹੀਓ ਅੱਗੇ ਜਾ ਖੜ੍ਹਨਗੇ।
ਸਮੇਂ ਸਿਰ ਜੋ ਕੰਮ ਨਖ ਕਰਦੇ
ਅਧਿਆਪਕ ਤੋਂ ਉਹ ਕਦੇ ਨੀ ਡਰਦੇ।
ਬੱਚਿਓ ਸੁਣ ਲਓ ਨਾਲ ਧਿਆਨ
ਸਮੇਂ ਦਾ ਨਹੀਂ ਕਰਨਾ ਅਪਮਾਨ।

– ਮੇਜਰ ਸਿੰਘ ਨਾਭਾ


## 2017 : ਸਾਲ ਮੁਬਾਰਿਕ?



ਮਦਨ ਵੀਰਾ
91-94176-83769

ਮੈਂ ਕਿੰਝ ਸਾਲ ਮੁਬਾਰਿਕ ਆਖਾਂ
ਕਿੰਝ ਕਹਾਂ ਸ਼ੁੱਭ ਸਵੇਰਾ !
ਤੇਰੇ ਘਰਦੇ ਕੌਲੇ ਧੁੱਖ਼ਦੇ
ਮੇਰਾ ਸੜ੍ਹੇ ਬਨੇਰਾ !!
----
ਘਰ ਮੇਰੇ ਚੁੱਲ੍ਹਾ ਨਾ ਬਲਿਆ
ਬਾਲ ਤੇਰੇ ਵੀ ਝੂਰਨ
ਪੌਣੀ ਸਦੀ ਤੋਂ ਨਰਕ ਭੋਗਦਾ
ਭੋਰੇ ਦੇ ਵਿੱਚ ਪੂਰਨ
ਗੋਰਖ ਦਾ ਵੀ ਹੁਣ ਦਿੱਲੀ ਵਿੱਚ
ਪੱਕਾ ਰੈਣ-ਬਸੇਰਾ !
ਮੈਂ ਕਿੰਝ ਸਾਲ ਮੁਬਾਰਿਕ ਆਖਾਂ
ਕਿੰਝ ਕਹਾਂ ਸ਼ੁੱਭ ਸਵੇਰਾ !!
----
ਵੱਟ-ਬੰਨੇ ਸਲਫ਼ਾਸ ਮੇਲ੍ਹਦੀ
ਘਰ ਘਰ ਮਾਤਮ ਛਾਇਆ
ਹੱਥੀਂ ਤੋਰਿਆ ਪੁੱਤ ਪ੍ਰਦੇਸੀ
ਮੁੜ ਵਤਨੀ ਨਾ ਆਇਆ
ਪਿੰਜ ਹੋਵੇ ਇਹ ਜਿੰਦ ਨਿਮਾਣੀ
ਸੰਘਣਾ ਦਰਦ ਹਨ੍ਹੇਰਾ !
ਮੈਂ ਕਿੰਝ ਸਾਲ ਮੁਬਾਰਿਕ ਆਖਾਂ
ਕਿੰਝ ਕਹਾਂ ਸ਼ੁੱਭ ਸਵੇਰਾ !!
-----
ਅੱਗ ਦੀ ਲੀਕ ਧਰਤ ਤੇ ਵਾਹ ਕੇ
ਨਿਸ ਦਿਨ ਗੂੜ੍ਹੀ ਕਰਦੇ
ਅਮਨ ਏਕੇ ਦਾ ਦੇਵਣ ਹੋਕਾ
ਵਿੱਚ ਫਲੂਹੇ ਧਰਦੇ
ਰਹਿਬਰ ਅਤੇ ਦਲਾਲ ਦਾ ਨਾਤਾ
ਹੋਇਆ ਹੋਰ ਘਣੇਰਾ !
ਮੈਂ ਕਿੰਝ ਸਾਲ ਮੁਬਾਰਿਕ ਆਖਾਂ
ਕਿੰਝ ਕਹਾਂ ਸ਼ੁੱਭ ਸਵੇਰਾ !!
-----
ਕੌਣ ਕਰੇ ਰਖਵਾਲੀ ਦੱਸੋ ?
ਵਾੜ ਖੇਤ ਨੂੰ ਖਾਵੇ
ਹਰ ਉਸ ਅੱਖ ਦਾ ਸ਼ੀਸ਼ਾ ਤੋੜਨ
ਜੋ ਹਰਿਆਵਲ ਚਾਹਵੇ
ਹਰੇ-ਕਚੂਰ ਲਤਾੜੇ ਸੁਪਨੇ
ਪਤਝੜ ਲਾਇਆ ਡੇਰਾ !
ਮੈਂ ਕਿੰਝ ਸਾਲ ਮੁਬਾਰਿਕ ਆਖਾਂ
ਕਿੰਝ ਕਹਾਂ ਸ਼ੁੱਭ ਸਵੇਰਾ !!
-----
ਧੁੱਪਾਂ ਦੇ ਸਿਨਾਵੇਂ ਮੇਟੇ
ਸੱਚ ਲਈ ਸਾਜ਼ਿਸ਼ ਘੜਦਾ
ਤਰਕ ਦਲੀਲ ਗਿਆਨ ਦਾ ਪਾਂਧੀ
ਅੱਖ ਵਿੱਚ ਡੰਗ ਵਾਂਗ ਲੜਦਾ
ਨ੍ਹੇਰ ਨੂਰ ਲਈ ਸ਼ਰਤਾਂ ਰੱਖੇ
ਪਾ ਕਾਲਖ ਦਾ ਘੇਰਾ !
ਮੈਂ ਕਿੰਝ ਸਾਲ ਮੁਬਾਰਿਕ ਆਖਾਂ
ਕਿੰਝ ਕਹਾਂ ਸ਼ੁੱਭ ਸਵੇਰਾ !!
----
ਦੁੱਖਾਂ ਦੀ ਦਲਦਲ ਵਿੱਚ ਖੁੱਭੇ
ਕਮਲੇ ਕੀਤੇ ਭੁੱਖ ਨੇ
ਸਾਰਾ ਸਾਲ ਉਡੀਕ ਨਾ ਥੰਮੀ
ਪਰ ਦੀਦ ਨਾ ਦਿੱਤੀ ਸੁੱਖ ਨੇ
ਚੈਨ ਸਾਡੇ ਨੂੰ ਪੱਛੀ ਲਾ ਕੇ
ਕਰੇ ਤੂੰ ਤੋਰਾ-ਫੇਰਾ !
ਮੈਂ ਕਿੰਝ ਸਾਲ ਮੁਬਾਰਿਕ ਆਖਾਂ
ਕਿੰਝ ਕਹਾਂ ਸ਼ੁੱਭ ਸਵੇਰਾ !!

**ਪੰਜਾਬੀ ਵਿਰਸਾ ਟਰੱਸਟ (ਰਜਿ.)**
218, ਗੁਰੂ ਹਰਗੋਬਿੰਦ ਨਗਰ, ਫਗਵਾੜਾ
ਮਿਆਰੀ ਪੰਜਾਬੀ ਪੁਸਤਕਾਂ ਛਪਵਾਉਣ ਲਈ ਸੰਪਰਕ ਕਰੋ।
**ਗੁਰਮੀਤ ਸਿੰਘ ਪਲਾਹੀ**
ਮੋ. 98158-02070, 01824-461070
ਕਿਤਾਬ 'ਤੇ ISBN No. ਵੀ ਛਪੇਗਾ
**ਪੰਜਾਬੀ ਵਿਰਸਾ ਟਰੱਸਟ (ਰਜਿ.) ਦੀਆਂ ਛਪ ਚੁੱਕੀਆਂ ਪੁਸਤਕਾਂ**







## ਕ੍ਰਿਸਮਿਸ ਦਰਖਤ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਮੈਂ ਹਾਂ ਕ੍ਰਿਸਮਿਸ ਦਰਖਤ
ਬਸਤੀ ਤੋਂ ਦੂਰ
ਹਸੀਨ ਵਾਦੀਆਂ 'ਚ
ਪਾਲਿਆ ਇਕ ਦਰਖਤ।
ਬੱਕਰੇ ਟਰਕੀ (ਪੇਰੂ) ਵਾਂਗ,
ਮੇਰੀ ਵੀ ਚੜ੍ਹੇ ਬਲੀ।
ਕ੍ਰਿਸਮਿਸ ਤਿਉਹਾਰ ਵਕਤ
ਮੈਂ ਛੋਟਾ ਜਿਹਾ ਦਰਖਤ
ਕਦੇ ਨਾ ਬਣਿਆ
ਵਿਸ਼ਾਲ ਦਰਖਤ
ਮੈਂ ਨਾ ਰੰਗ ਬਰੰਗ
ਨਾ ਕਿਸੇ ਪੰਛੀ ਦੀ ਉਮੰਗ
ਨਾ ਮੈਂ ਰਾਹੀ ਦੀ ਛਾਂ
ਮੈਂ ਨਾ ਰੱਖਾਂ ਕੋਈ ਚਾਅ
ਕੁਝ ਪਲ ਮੇਰੀ ਜ਼ਿੰਦਗੀ
ਸਦਾ ਰਹਾਂ ਵਿਚ ਬੰਦਗੀ।
ਇਕ ਦਿਨ ਮੈਨੂੰ
ਹਸੀਨ ਵਾਦੀ ਵਿਚੋਂ ਕੱਢ
ਘਰਾਂ ਦੇ ਵਿਚ ਆਉਣ ਛੱਡ
ਹੋਵੇ ਫਿਰ ਮੇਰਾ ਸ਼ਿੰਗਾਰ
ਮੇਰੇ ਗ.ਲ ਵਿਚ ਪੈਂਦੇ ਹਾਰ
ਮੋਮਬੱਤੀਆਂ ਘੰਟੀਆਂ
ਰੰਗੀਨ ਬਲਬਾਂ ਸਿਤਾਰਿਆਂ
ਗੋਟਾ ਕਿਨਾਰੀਆਂ
ਨਾਲ ਹੋਵੇ ਮੇਰਾ ਸ਼ਿੰਗਾਰ
ਪੈਰਾਂ ਵਿਚ ਰੱਖਣ ਉਪਹਾਰ
ਸਵੇਰ ਹੁੰਦੇ ਹੀ
ਬੱਚੇ ਵੇਖ ਵੇਖ ਜਾਵਣ ਬਲਿਹਾਰ
ਦਿਨ ਭਰ ਲੋਕ ਖੁਸ਼ੀ ਮਨਾਉਂਦੇ
ਮੌਜ ਮਸਤੀ ਵਿਚ ਰਹਿੰਦੇ
ਰਾਤ ਨੂੰ ਹੋਵਣ ਸ਼ੁਕਰਗੁਜ਼ਾਰ
ਫਿਰ ਮੈਂ ਫਾਲਤੂ
ਵਸਤ ਵਾਂਗ ਹੋ ਜਾਵਾਂ ਬੇਕਾਰ
ਫਿਰ ਮਿਲਦਾ ਮੈਨੂੰ ਕੂੜਾ-ਦਾਨ
ਇਹ ਮੇਰੀ ਜ਼ਿੰਦਗੀ ਭਗਵਾਨ
ਫਿਰ ਵੀ ਮੈਂ ਹਾਂ ਮਹਾਨ।
ਲੋਕ ਕਰਨ ਮੇਰਾ ਵਿਉਪਾਰ
ਪਾ ਕੇ ਮੇਰੇ ਗ.ਲੇ ਵਿਚ ਹਾਰ
ਅਗਲੇ ਸਾਲ ਮੇਰਾ ਹੋਵੇ ਇੰਤਜ਼ਾਰ
ਫਿਰ ਕਿਸੇ ਹੋਰ ਦਰਖਤ
ਦਾ ਆ ਜਾਵੇ ਵਕਤ
ਸਜਦੇ ਰਹਿੰਦੇ ਕ੍ਰਿਸਮਿਸ ਦਰਖਤ।

# ਪੁਸਤਕ ਸਮੀਖਿਆ

## ''ਸ.ਫ਼ਲ ਜ਼ਿੰਦਗੀ ਜੀਊਣ ਦੀ ਰਾਹ ਦਸੇਰਾ ਹੈ ਨਿਰਮਲ ਸਿੰਘ ਲਾਲੀ ਦੀ ਪੁਸਤਕ ਸ.ਫ਼ਲ ਜ਼ਿੰਦਗੀ''

ਨਿਬੰਧ ਲਿਖਣਾ ਔਖਾ ਕੰਮ ਹੈ ਅਤੇ ਨਿਬੰਧ ਨੂੰ ਰੌਚਿਕ ਅਤੇ ਪਾਠਕਾਂ ਦੇ ਹਾਣ ਦਾ ਅਤੇ ਪੜ੍ਹਨਯੋਗ ਬਣਾਉਣਾ ਹੋਰ ਵੀ ਔਖਾ ਹੈ। ਸਫ਼ਲ ਲੇਖਕ, ਆਪਣੇ ਮਨ ਦੀ ਗੱਲ, ਆਪਣੇ ਜੀਵਨ ਤਜ਼ਰਬੇ ਦੀ ਗੱਲ, ਲੋਕਾਂ ਦੇ ਆਪਸੀ ਵਰਤਾਰੇ ਦੀ ਗੱਲ ਜਦੋਂ ਲਿਖਣ ਬੈਠਦਾ ਹੈ ਤਾਂ ਉਸਦੇ ਮਨ ਦੇ ਬਲਬਲੇ ਫ਼ੁਰਨੇ, ਵਿਚਾਰਾਂ, ਜੇ ਇਕਾਗਰਤਾ ਨਾਲ ਨਾ ਲਿਖੀਆਂ ਜਾ ਸਕਣ ਤਾਂ ਉਹ ਨਿਬੰਧ ਪੜ੍ਹਨਯੋਗ ਹੀ ਨਹੀਂ ਰਹਿੰਦਾ। ਉਂਜ ਵੀ ਨਿਬੰਧ ਨੂੰ ਚਾਰ ਸ਼ਬਦਾਂ 'ਚ ਵੀ ਲਿਖਿਆ ਜਾ ਸਕਦਾ ਹੈ ਅਤੇ 400 ਤੇ 4000 ਸ਼ਬਦਾਂ ਵਿੱਚ ਵੀ, ਪਰ ਅਸਲੋਂ ਸੱਚੀ ਰਚਨਾ ਉਸਨੂੰ ਹੀ ਮੰਨਿਆ ਜਾਂਦਾ ਹੈ, ਜੇਕਰ ਉਹ ਪਾਠਕ ਦੇ ਮਨ ਦੇ ਧੁਰ ਅੰਦਰ ਤੱਕ ਵੜਣ ਅਤੇ ਵਸਣ ਦੀ ਸਮਰੱਥਾ ਰੱਖਦੀ ਹੋਵੇ। ਨਿਰਮਲ ਸਿੰਘ ਲਾਲੀ ਨੇ ਆਪਣੇ ਨਿਬੰਧ - ਸੰਗ੍ਰਹਿ '' ਸਫ਼ਲ ਜ਼ਿੰਦਗੀ '' ਵਿੱਚ ਇੱਕ ਗੱਲ ਦਾ ਪ੍ਰਤੱਖ਼ ਪ੍ਰਮਾਣ ਦਿੱਤਾ ਹੈ ਕਿ ਉਹ ਆਮ ਲੋਕਾਂ ਦੇ ਮਨ ਦੀ ਗੱਲ ਉਨ੍ਹਾਂ ਦੀ ਬੋਲੀ 'ਚ ਕਰਦਿਆਂ ਉਨ੍ਹਾਂ ਦੇ ਵਲਵਲਿਆਂ ਵਿਚਾਰਾਂ ਨਾਲ ਸਾਂਝ ਪਾਉਣ ਦੇ ਸਮਰੱਥ ਹੈ। ਸਾਲ 2004 ਤੋਂ ਲੈ ਕੇ ਹੁਣ ਤੱਕ ਇਸ ਪੁਸਤਕ ਤੋਂ ਪਹਿਲਾਂ ਉਹ 12 ਨਿਬੰਧ - ਸੰਗ੍ਰਿਹ, 5 ਕਾਵਿ-ਸੰਗ੍ਰਿਹ ਅਤੇ ਇੱਕ ਕਹਾਣੀ ਸੰਗ੍ਰਿਹ ਪਾਠਕਾਂ ਦੀ ਕਚਹਿਰੀ 'ਚ ਪੇਸ਼ ਕਰ ਚੁੱਕਾ ਹੈ ਅਤੇ ਮੌਜੂਦਾ ਨਿਬੰਧ ਸੰਗ੍ਰਿਹ ਉਸਦੀ 19 ਵੀਂ ਪੁਸਤਕ ਹੈ।




ਅਮਰੀਕਾ ਵਸਦਾ 1938 ਦਾ ਜਨਮਿਆ ''ਮਾਸਟਰ ਨਿਰਮਲ ਸਿੰਘ ਲਾਲੀ'' ਵਿਚਾਰਵਾਨ ਲੇਖਕ ਹੈ, ਜਿਸਨੇ ਜੋ ਵੀ ਲਿਖਿਆ, ਜਿਸ ਢੰਗ ਨਾਲ ਵੀ ਲਿਖਿਆ ਤਰਕਸ਼ੀਲ, ਵਿਗਿਆਨਕ, ਅਲੋਚਨਾਤਮਿਕ ਦ੍ਰਿਸ਼ਟੀ ਨਾਲ ਨਿਰਖ- ਪਰਖ ਕੇ ਲਿਖਿਆ। ਸਿੱਖ ਗੁਰੂ ਸਾਹਿਬਾਨ ਦੇ ਵਿਚਾਰਾਂ ਦੀ ਪ੍ਰਮੱਕਤਾ ਅਤੇ ਸੰਦੇਸ਼ ਉਸਦੇ ਲਿਖੇ ਨਿਬੰਧ '' ਸਿੱਖੀ ਸਿੱਖਿਆ ਗੁਰ ਵੀਚਾਰਿ'', ਐਸਾ ਕੰਮ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ,'' ਸਚਾ ਉਰੈ ਸਭ ਕੋ ਉਪਰਿ ਸਚੁ ਆਚਾਰ, ਗੁਰੂ ਸਾਹਿਬਾਨਾਂ ਦੇ ਜੀਵਨ ਮਨੁੱਖ਼ ਲਈ ਚਾਨਣ ਮੁਨਾਰ, ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਵਿੱਚ ਪ੍ਰਤੱਖ਼ ਰੂਪ ਵਿੱਚ ਦਿਸਦੇ ਹਨ। ਜਿਥੇ ਗ੍ਰਹਿ ਨਾਲ ਜੀਵਨ ਜਿਊਣ ਦੀ ਜਾਂਚ, ਚੰਗਾ ਜਿਉਣ ਜੀਊਣ ਦੀ ਜਾਂਚ, ਸਫ਼ਲ ਜ਼ਿੰਦਗੀ ਜਿਊਣ ਦੀ ਜਾਂਚ ਉਸਦੇ ਲੇਖਕਾਂ ਵਿੱਚੋਂ ਝਲਕਾਰੇ ਮਾਰਦੀ ਹੈ, ਉੱਥੇ ਪੰਜਾਬੀ ਸੱਭਿਆਚਾਰ ਨਾਲ ਉਤਪੋਤ ਅਤੇ ਪੰਜਾਬੀ ਬੋਲੀ ਪ੍ਰਤੀ ਉਸਦੀ ਸਾਂਝ ਉਸਦੇ ਲੇਖਾਂ ''ਸਭਿਆਚਾਰ'' ਵਿੱਚੋਂ ਸਪੱਸ਼ਟ ਦਿਖਦੀ ਹੈ। ਮਨੋਵਿਗਿਆਨਕ ਸੋਚ ਨਾਲ ਪਾਠਕਾਂ ਨਾਲ ਸਾਂਝ ਪਾਉਣ ਲਈ ਨਿਬੰਧ ਨਾਲੋਂ ਕਵਿਤਾ ਦੀ ਸਾਂਝ ਵਧੇਰੇ ਜ਼ਰੂਰੀ ਹੈ, ਉਸ ਇਸ ਸੰਗ੍ਰਿਹ ਦਾ '' ਜ਼ਿੰਦਗੀ ਐ ਬੰਦੇ ਜੇ ਤੂੰ, ਤੂੰ ਆਪਣਾ ਫ਼ਰਜ਼ ਨਿਭਾਈ ਜਾ, ਸਮਾਂ, ਗੱਲ ਇੱਕ ਨੁਕਤੇ ਵਿੱਚ ਮੁੱਕ ਸਕਦੀ ਹੈ, ਜ਼ਿੰਦਗੀ ਤੈਨੂੰ ਤਾਂ ਜਾਣਾ ਬਾਜਾਂ ਵਾਲਿਆ ਕਵਿਤਾਂਵਾਂ ਸ਼ਾਮਲ ਕਰ ਲਈਆਂ। ਕਿਉਂਕਿ ਲੇਖਕ ਪਾਠਕਾਂ ਨੂੰ ਸਫ਼ਲ ਜ਼ਿੰਦਗੀ ਜਿਊਣ ਦੀ ਜਾਂਚ 'ਚ ਨਿਬੰਧ, ਕਵਿਤਾ, ਕਹਾਣੀ ਵਿਧਾ ਨੂੰ ਅਪਨਾਉਣ 'ਚ ਕੋਈ ਸੰਕੋਚ ਨਹੀਂ ਕਰਦਾ। ਕੁਲ 78 ਸਫ਼ਿਆਂ ਦੀ ਪੁਸਤਕ 'ਚ ਕੁਲ 28 ਰਚਨਾਵਾਂ ਹਨ ਅਤੇ ਇਸ ਪੁਸਤਕ ਦਾ ਪ੍ਰਕਾਸ਼ਕ ਬਲਬੰਤ ਪ੍ਰਕਾਸ਼ਨ ਜਲੰਧਰ ਹੈ ਅਤੇ ਇਸਦੀ ਕੀਮਤ 125 ਰੁਪਏ ਹੈ।

– ਗੁਰਮੀਤ ਪਲਾਹੀ

## ਨਵਾਂ ਵਰ੍ਹਾ ਮੁਬਾਰਕ ਹੋਵੇ

ਬੀਤੇ ਵਰ੍ਹੇ ਨੂੰ ਅਲਵਿਦਾ, ਨਵੇਂ ਵਰ੍ਹੇ ਨੂੰ ਜੀ ਆਇਆਂ
ਪ੍ਰਮਾਤਮਾ ਅੱਗੇ ਅਰਦਾਸ, ਬੀਤੇ ਸਮੇਂ ਵਿਚ ਜੋ ਕੁਝ ਵੀ
ਮਾੜਾ ਹੋਇਆ ਉਹ ਨਾ ਹੋਵੇ
ਨਵਾਂ ਵਰ੍ਹਾ ਹਰ ਇਕ ਲਈ
ਤੰਦਰੁਸਤੀ, ਖੁਸ਼ੀਆਂ, ਖੇੜੇ ਲਿਆਵੇ
ਸੰਸਾਰ ਭਰ ਵਿਚ ਅਮਨ, ਸ਼ਾਂਤੀ ਤੇ ਖੁਸ਼ਹਾਲੀ ਹੋਵੇ
ਹਰ ਇਕ ਨੂੰ ਕੁੱਲੀ, ਗੁੱਲੀ ਅਤੇ ਜੁੱਲੀ
ਆਜ਼ਾਦੀ ਤੇ ਇਨਸਾਫ ਪ੍ਰਾਪਤ ਹੋਵੇ
ਹਰ ਇਕ ਦੀ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਹੋਵੇ
ਸਭ ਦੇ ਚਾਅ, ਮੱਲਾਰ ਤੇ ਸੱਧਰਾਂ
ਉਮੰਗਾਂ, ਇੱਛਾਵਾਂ ਤੇ ਸੁਪਨੇ ਸਾਕਾਰ ਹੋਣ
ਕਿਸੇ ਭੈਣ ਦਾ ਭਰਾ
ਭੈਣ ਨਾਲੋਂ ਵੱਖ ਨਾ ਹੋਵੇ
ਕਿਸੇ ਮਾਂ ਦਾ ਪੁੱਤ
ਮਾਂ ਨਾਲੋਂ ਵੱਖ ਨਾ ਹੋਵੇ
ਕਿਸੇ ਸੁਹਾਗਣ ਦਾ
ਸੁਹਾਗ ਸੁਹਾਗਣ ਤੋਂ ਵੱਖ ਨਾ ਹੋਵੇ
ਹਰ ਵਿਹੜੇ ਵਿਚ ਗਾਉਣ ਬੈਠਣ
ਘੋੜੀਆਂ ਦੇ ਸੁਹਾਗ ਗਾਏ ਜਾਣ
ਗਿੱਧਿਆਂ, ਖੁਸ਼ੀਆਂ ਤੇ ਭੰਗੜਿਆਂ ਦਾ ਆਲਮ ਹੋਵੇ
ਨਵਾਂ ਵਰ੍ਹਾ ਹਰ ਇਕ ਨੂੰ ਮੁਬਾਰਕ ਹੋਵੇ।

– ਮਾਸਟਰ ਨਿਰਮਲ ਸਿੰਘ ਲਾਲੀ

## ਨਵਾਂ ਸਾਲ

**ਮਦਨ ਬੰਗੜ**
91-95015-75511

ਨਵਾਂ ਸਾਲ ਇੰਝ ਦਾ ਚੜ੍ਹਾਈਂ ਮੇਰੇ ਮਾਲਕਾ,
ਹਰ ਪਾਸੇ ਠੰਢ ਵਰਤਾਈਂ ਮੇਰੇ ਮਾਲਕਾ।

ਕੁੱਲੀ, ਗੁੱਲੀ, ਜੁੱਲੀ ਤੋਂ ਨਾ ਵਾਂਝਾ ਰਹੇ ਕੋਈ,
ਨੇੜੇ ਹੋ ਕੇ ਸੁਣੀ ਜੋ ਵੀ ਕਰੇ ਅਰਜੋਈ।
ਹਰ ਪਾਸੇ ਖੇੜੇ ਤੂੰ ਲਿਆਈਂ ਮੇਰੇ ਮਾਲਕਾ,
ਨਵਾਂ ਸਾਲ ਇੰਝ ਦਾ ਚੜ੍ਹਾਈ ਮੇਰੇ ਮਾਲਕਾ।

ਗੂੜ੍ਹਾ-ਗੂੜ੍ਹਾ ਹੋ ਕੇ ਰਹੇ ਸਦਾ ਭਾਈਚਾਰਾ,
ਪਾਪ-ਪੁੰਨ ਵਾਲਾ ਕਰੀਂ ਆ ਕੇ ਤੂੰ ਨਿਤਾਰਾ।
ਸਿੱਧੇ ਰਾਹੇ ਸਾਰਿਆਂ ਨੂੰ ਪਾਈਂ ਮੇਰੇ ਮਾਲਕਾ,
ਨਵਾਂ ਸਾਲ ਇੰਝ ਦਾ ਚੜ੍ਹਾਈ ਮੇਰੇ ਮਾਲਕਾ।

ਦੂਰ ਕਰੀਂ ਵੈਰ ਤੇ ਵਿਰੋਧ ਵਾਲਾ ਨੇਰ੍ਹਾ,
ਜਾਤਾਂ-ਪਾਤਾਂ ਵਾਲਾ ਕਰੀਂ ਆ ਕੇ ਤੂੰ ਨਬੇੜਾ।
ਚਾਰੇ ਪਾਸੇ ਇੰਝ ਰੁਸ਼ਨਾਈਂ ਮੇਰੇ ਮਾਲਕਾ,
ਨਵਾਂ ਸਾਲ ਇੰਝ ਦਾ ਚੜ੍ਹਾਈਂ ਮੇਰੇ ਮਾਲਕਾ।

ਨਸ਼ਿਆਂ ਤੋਂ ਰਹਿਤ ਕਰ ਮੇਰੇ ਪੰਜਾਬ ਨੂੰ,
ਕਰ ਫਿਰ ਮਿੱਠਾ ਦਰਿਆਵਾਂ ਦੇ ਤੂੰ ਆਬ ਨੂੰ।
ਹੱਦਾਂ-ਸਰਹੱਦਾਂ ਵੀ ਮਿਟਾਈਂ ਮੇਰੇ ਮਾਲਕਾ,
ਨਵਾਂ ਸਾਲ ਇੰਝ ਦਾ ਚੜ੍ਹਾਈ ਮੇਰੇ ਮਾਲਕਾ।

## ਛੇਵਾਂ ਦਰਿਆ...

**ਪਰਮ ਰੰਧਾਵਾ (91-87290-93928)**

ਸਿਰ ਚੜਕੇ ਅੱਜ ਬੋਲਦਾ ਏ,
ਬਦਲ ਦਿੱਤੀ ਸੋਨ ਸਵੇਰ ਇਸਨੇ।
ਵੱਡੇ ਰਾਠ ਵੀ ਝੁੱਕ ਗਏ ਸਾਂਹਵੇ ਇਹਦੇ,
ਪਾ ਦਿੱਤਾ ਹੈ ਅੱਜ ਹਨੇਰ ਇਸਨੇ।

ਛੇਵਾਂ ਦਰਿਆ ਨਾਮ ਧਰਾਇਆ ਇਸਦਾ,
ਜਵਾਨੀ ਪੰਜਾਬ ਦੀ ਲੈ ਜੋ ਵਹਿ ਰਿਹਾ ਏ।
ਗਹਿਰਾ ਰਕੀਬ ਬਣ ਨਸ਼ਾ ਬੈਠਾ,
ਵਾਰ ਇਸਦਾ ਅੱਜ ਗੱਭਰੂ ਸਹਿ ਰਿਹਾ ਏ।

ਰੌਣਕ ਚਿਹਰੇ ਤੋਂ ਹੁਣ ਉਡੰਤ ਹੋ ਗਈ,
ਨਸ਼ਾ ਹੱਠਾਂ 'ਚ ਹੁਣ ਕਯਾਮ ਕਰਦਾ।
ਸ਼ੋਖ ਰੰਗਾਂ 'ਚ ਸਿਆਹ ਰੰਗ ਆਣ ਮਿਲਿਆ,
ਇੱਥੇ ਆਣ ਕੇ ਮੇਰਾ ਦੇਸ ਹਰਦਾ।



ਖੁਸ਼ਗਵਾਰ ਮਾਹੌਲ ਬਣ ਨਰਕ ਗਿਆ,
ਤੇ ਕਈ ਘਰ ਵੀ ਉੱਜੜਜੇ ਵੇਖੇ ਨੇ।
ਜਵਾਨ ਪੁੱਤ ਦੇ,ਬੁੱਢੇ ਮਾਪਿਆ ਨੇ,
ਕੋਲੇ ਬਹਿ ਕੇ ਸਿਵੇ ਵੀ ਸੇਕੇ ਨੇ।

ਧੂੰਆਂ ਨਸ਼ੇ ਦਾ,ਹਵਾ 'ਚ ਆਣ ਰਲਿਆ,
ਅੱਖਾਂ ਪੰਜਾਬ ਦੀਆਂ 'ਚ ਜੋ ਪੈ ਰਿਹਾ ਏ।
ਜੇ ਕੋਈ ਰੋਕ ਸਕਦਾ ਤਾਂ ਉੱਡਣੋ ਰੋਕ ਲਵੇ,
''ਪਰਮ'' ਹਿੱਕ ਤਾਣ ਕੇ ਅੱਜ ਓ ਕਹਿ ਰਿਹਾ ਏ।

# A & S

## Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu



# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



# TANDOOR
## Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532



# L.A. MERCHANDISE
## Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

ਨਵਾਂ ਸਾਲ 2017 ਤੁਹਾਡੇ ਸਭ ਲਈ ਖੁਸ਼ੀਆਂ-ਖੇੜਿਆਂ ਨਾਲ ਭਰਿਆ ਹੋਵੇ



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

ਨਵਾਂ ਸਾਲ 2017 ਤੁਹਾਡੇ ਸਭ ਲਈ ਖੁਸ਼ੀਆਂ-ਖੇੜਿਆਂ ਨਾਲ ਭਰਿਆ ਹੋਵੇ

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailer Tires and Kind | $ 199 + Labor |

**NEW & USED TIRES**
**WASH, LUBE, BRAKES**

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**
Across the Street from TA Truck Stop